


WEEKLY NEWS PAPER

# ਬੀ ਸੀ ਪੰਜਾਬੀ ਨਿਊਜ਼ ਕੈਨੇਡਾ

BRITISH COLUMBIA : Vancouver, Victoria, Surrey, Nanaimo By: Mangat Media Group




Vol-1 Issue - 14 18 September to 24 September 2026 Email: bcpunjabinews@gmail.com Website: www.bcpunjabinews.ca Phone: +1 604 750 4259




# ਦੱਖਣੀ ਏਸ਼ੀਆਈ ਵਿਰਾਸਤੀ ਅਜਾਇਬਘਰ ਦੀ ਸਥਾਪਨਾ ਵੱਲ ਵਧਿਆ ਅਹਿਮ ਕਦਮ

## ਬੀ.ਸੀ. ਸਰਕਾਰ ਤੇ ਸਰੀ ਸ਼ਹਿਰ ਵਿਚਾਲੇ ਸਮਝੌਤਾ ਪੱਤਰ ’ਤੇ ਦਸਤਖ਼ਤ, ਥਾਂ ਦੀ ਚੋਣ ਅਤੇ ਭਾਈਚਾਰੇ ਨਾਲ ਵਿਚਾਰ-ਵਟਾਂਦਰੇ ਦੀ ਪ੍ਰਕਿਰਿਆ ਹੋਵੇਗੀ ਤੇਜ਼






**ਸਰੀ, (ਬੀ.ਸੀ. ਪੰਜਾਬੀ ਨਿਊਜ਼) —** ਬ੍ਰਿਟਿਸ਼ ਕੋਲੰਬੀਆ ਵਿੱਚ ਦੱਖਣੀ ਏਸ਼ੀਆਈ ਮੂਲ ਦੇ ਕੈਨੇਡੀਅਨਾਂ ਦੇ ਇਤਿਹਾਸ, ਸੱਭਿਆਚਾਰ, ਪ੍ਰਾਪਤੀਆਂ ਅਤੇ ਸੂਬੇ ਦੇ ਵਿਕਾਸ ਵਿੱਚ ਪਾਏ ਵਡਮੁੱਲੇ ਯੋਗਦਾਨ ਨੂੰ ਸਮਰਪਿਤ ਸੂਬਾਈ ਅਜਾਇਬਘਰ ਦੀ ਸਥਾਪਨਾ ਵੱਲ ਇੱਕ ਹੋਰ ਅਹਿਮ ਕਦਮ ਪੁੱਟਿਆ ਗਿਆ ਹੈ। ਬੀ.ਸੀ. ਸਰਕਾਰ ਅਤੇ ਸਿਟੀ ਆਫ਼ ਸਰੀ ਨੇ ਇਸ ਯੋਜਨਾ ਨੂੰ ਅੱਗੇ ਵਧਾਉਣ ਲਈ ਇੱਕ ਸਮਝੌਤਾ ਪੱਤਰ ’ਤੇ ਦਸਤਖ਼ਤ ਕੀਤੇ ਹਨ।

ਸਮਝੌਤੇ ਮੁਤਾਬਕ ਸੂਬਾ ਸਰਕਾਰ ਅਤੇ ਸਰੀ ਸ਼ਹਿਰ ਵੱਲੋਂ ਅਜਾਇਬਘਰ ਲਈ ਢੁਕਵੀਆਂ ਥਾਵਾਂ ਦੀ ਪਛਾਣ ਕਰਨ, ਲੋੜੀਂਦੇ ਸਹਿਯੋਗ ਦੇ ਵੱਖ-ਵੱਖ ਸਾਧਨਾਂ ਦੀ ਪੜਚੋਲ ਕਰਨ, ਭਾਈਚਾਰੇ ਨਾਲ ਹੋਰ ਵਿਚਾਰ-ਵਟਾਂਦਰਾ ਕਰਨ ਅਤੇ ਯੋਜਨਾ ਨੂੰ ਅਮਲੀ ਰੂਪ ਦੇਣ ਲਈ ਅਗਲੇ ਪੜਾਅ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ।

ਸੈਰ-ਸਪਾਟਾ, ਕਲਾ, ਸੱਭਿਆਚਾਰ ਅਤੇ ਖੇਡ ਮੰਤਰੀ ਐਨ ਕੈਂਗ ਨੇ ਕਿਹਾ ਕਿ ਦੱਖਣੀ ਏਸ਼ੀਆਈ ਵਿਰਾਸਤ ਨਾਲ ਸਬੰਧਤ ਕੈਨੇਡੀਅਨਾਂ ਨੇ ਕਈ ਪੀੜ੍ਹੀਆਂ ਤੋਂ ਬ੍ਰਿਟਿਸ਼ ਕੋਲੰਬੀਆ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਰਾਜਨੀਤਿਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਮੁਤਾਬਕ ਇਹ ਸਮਝੌਤਾ ਅਜਿਹਾ ਸਥਾਨ ਸਿਰਜਣ ਵੱਲ ਮਹੱਤਵਪੂਰਨ ਕਦਮ ਹੈ, ਜਿੱਥੇ ਲੋਕ ਦੱਖਣੀ ਏਸ਼ੀਆਈ ਭਾਈਚਾਰਿਆਂ ਦੀਆਂ ਕਹਾਣੀਆਂ, ਪ੍ਰਾਪਤੀਆਂ ਅਤੇ ਯੋਗਦਾਨ ਬਾਰੇ ਜਾਣ ਸਕਣ ਅਤੇ ਉਨ੍ਹਾਂ ਨਾਲ ਜੁੜ ਸਕਣ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਦੱਖਣੀ ਏਸ਼ੀਆਈ ਵਿਰਾਸਤ ਨੂੰ ਸਮਰਪਿਤ ਅਜਾਇਬਘਰ ਲਈ ਸਰੀ ਤੋਂ ਵਧੀਆ ਥਾਂ ਹੋਰ ਕੋਈ ਨਹੀਂ ਹੋ ਸਕਦੀ। ਸਰੀ ਦੀ ਲਗਭਗ 40 ਫ਼ੀਸਦੀ ਆਬਾਦੀ ਦੱਖਣੀ ਏਸ਼ੀਆਈ ਪਿਛੋਕੜ ਨਾਲ ਸਬੰਧਤ ਹੈ ਅਤੇ ਇਨ੍ਹਾਂ ਭਾਈਚਾਰਿਆਂ ਦੀਆਂ ਕਹਾਣੀਆਂ ਤੇ ਯੋਗਦਾਨਾਂ ਨੂੰ ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨਾਲ ਸਾਂਝਾ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਾਇਬਘਰ ਨੂੰ ਅੰਤਿਮ ਰੂਪ ਦੇਣ ਵਿੱਚ ਭਾਈਚਾਰੇ ਦੀ ਆਵਾਜ਼ ਅਤੇ ਭਾਗੀਦਾਰੀ ਬਹੁਤ ਮਹੱਤਵਪੂਰਨ ਰਹੇਗੀ।

ਸੂਬਾ ਸਰਕਾਰ ਵੱਲੋਂ ਇਸ ਅਜਾਇਬਘਰ ਸਬੰਧੀ 2024-25 ਦੌਰਾਨ ਇੱਕ ਸਾਲ ਲੰਬੀ ਜਨਤਕ ਵਿਚਾਰ-ਵਟਾਂਦਰਾ ਪ੍ਰਕਿਰਿਆ ਵੀ ਚਲਾਈ ਗਈ ਸੀ। ਇਸ ਦੌਰਾਨ ਸਰਵੇਖਣਾਂ, ਭਾਈਚਾਰਕ ਗੱਲਬਾਤਾਂ, ਨੌਜਵਾਨਾਂ ਨਾਲ ਵਿਚਾਰ-ਵਟਾਂਦਰੇ ਅਤੇ ਵੱਖ-ਵੱਖ ਸੰਸਥਾਵਾਂ, ਵਿਦਵਾਨਾਂ ਤੇ ਅਜਾਇਬਘਰ ਖੇਤਰ ਦੇ ਮਾਹਿਰਾਂ ਨਾਲ ਚਰਚਾ ਸਮੇਤ ਬ੍ਰਿਟਿਸ਼ ਕੋਲੰਬੀਆ ਭਰ ਵਿੱਚ 145 ਤੋਂ ਵੱਧ ਵਿਚਾਰ-ਵਟਾਂਦਰਾ ਸੈਸ਼ਨ ਕਰਵਾਏ ਗਏ। ਇਸ ਪ੍ਰਕਿਰਿਆ ਤੋਂ ਸਾਹਮਣੇ ਆਏ ਵਿਚਾਰਾਂ ਬਾਰੇ ਰਿਪੋਰਟ ਅਗਸਤ 2025 ਵਿੱਚ ਜਾਰੀ ਕੀਤੀ ਗਈ ਸੀ।

ਜ਼ਿਕਰਯੋਗ ਹੈ ਕਿ ਬੀ.ਸੀ. ਸਰਕਾਰ ਨੇ 2017 ਵਿੱਚ ਦੱਖਣੀ ਏਸ਼ੀਆਈ ਮੂਲ ਦੇ ਕੈਨੇਡੀਅਨਾਂ ਦੇ ਇਤਿਹਾਸ, ਸੱਭਿਆਚਾਰ, ਪ੍ਰਾਪਤੀਆਂ ਅਤੇ ਯੋਗਦਾਨ ਨੂੰ ਸਮਰਪਿਤ ਸੂਬਾਈ ਅਜਾਇਬਘਰ ਸਥਾਪਤ ਕਰਨ ਦੀ ਵਚਨਬੱਧਤਾ ਪ੍ਰਗਟਾਈ ਸੀ, ਜਿਸ ਦੀ ਸਾਲ 2020 ਵਿੱਚ ਮੁੜ ਪੁਸ਼ਟੀ ਕੀਤੀ ਗਈ। ਹੁਣ ਸਰੀ ਸ਼ਹਿਰ ਨਾਲ ਹੋਇਆ ਇਹ ਸਮਝੌਤਾ ਉਸ ਵਚਨਬੱਧਤਾ ਨੂੰ ਅਮਲੀ ਜਾਮਾ ਪਹਿਨਾਉਣ ਵੱਲ ਅਗਲਾ ਅਹਿਮ ਪੜਾਅ ਮੰਨਿਆ ਜਾ ਰਿਹਾ ਹੈ।




# ਸਰੀ ਕੌਂਸਲ ਚੋਣਾਂ: ਰਿੱਕੀ ਬਾਜਵਾ ਵੱਲੋਂ ਟੈਕਸ ਘਟਾਉਣ ਤੇ ਸੁਰੱਖਿਆ ਮਜ਼ਬੂਤ ਕਰਨ ਦੇ ਵਾਅਦੇ

## ਸੜਕਾਂ, ਟਰੈਫਿਕ, ਕਾਨੂੰਨ-ਵਿਵਸਥਾ ਅਤੇ ਨੌਜਵਾਨਾਂ ਲਈ ਸਹੂਲਤਾਂ ਨੂੰ ਦੱਸਿਆ ਮੁੱਖ ਮੁੱਦਾ



**ਸਰੀ :** ਸਰੀ ਸਿਟੀ ਦੀਆਂ ਆਉਣ ਵਾਲੀਆਂ ਕੌਂਸਲ ਚੋਣਾਂ ਵਿੱਚ ਕੌਂਸਲਰ ਅਹੁਦੇ ਲਈ ਉਮੀਦਵਾਰ ਰਿੱਕੀ ਬਾਜਵਾ ਨੇ ਸ਼ਹਿਰ ਨਾਲ ਸਬੰਧਤ ਕਈ ਮੁੱਖ ਮੁੱਦੇ ਉਠਾਉਂਦਿਆਂ ਪ੍ਰਾਪਰਟੀ ਟੈਕਸ, ਸੜਕਾਂ ਦੀ ਹਾਲਤ, ਟਰੈਫਿਕ, ਨੌਜਵਾਨਾਂ ਲਈ ਸਹੂਲਤਾਂ ਅਤੇ ਕਾਨੂੰਨ-ਵਿਵਸਥਾ ਨੂੰ ਆਪਣੀ ਮੁਹਿੰਮ ਦਾ ਕੇਂਦਰ ਬਣਾਇਆ ਹੈ।

ਰਿੱਕੀ ਬਾਜਵਾ ਨੇ ਕਿਹਾ ਕਿ ਸਰੀ ਵਿੱਚ ਚੱਲ ਰਹੇ ਸੜਕ ਨਿਰਮਾਣ ਕਾਰਨ ਸਕੂਲ ਅਤੇ ਕੰਮ ’ਤੇ ਜਾਣ ਵਾਲੇ ਲੋਕਾਂ ਨੂੰ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਲੋਕਾਂ ਦਾ ਕਾਫ਼ੀ ਸਮਾਂ ਬਰਬਾਦ ਹੁੰਦਾ ਹੈ। ਉਨ੍ਹਾਂ ਪ੍ਰਾਪਰਟੀ ਟੈਕਸ ਵਿੱਚ ਹੋਏ ਵਾਧੇ ਨੂੰ ਵੀ ਲੋਕਾਂ ਅਤੇ ਖਾਸ ਕਰਕੇ ਵਪਾਰਕ ਤੇ ਪ੍ਰਚੂਨ ਕਾਰੋਬਾਰਾਂ ਲਈ ਵਿੱਤੀ ਬੋਝ ਕਰਾਰ ਦਿੱਤਾ।

ਚੋਣ ਮੁਹਿੰਮ ਤਹਿਤ ਉਨ੍ਹਾਂ ਪਹਿਲੇ ਸਾਲ ਪ੍ਰਾਪਰਟੀ ਟੈਕਸ ਵਿੱਚ **600 ਡਾਲਰ ਦੀ ਕਮੀ** ਕਰਨ ਅਤੇ ਅਗਲੇ ਚਾਰ ਸਾਲਾਂ ਦੌਰਾਨ ਪ੍ਰਾਪਰਟੀ ਟੈਕਸ ਵਿੱਚ ਵਾਧਾ ਨਾ ਕਰਨ ਦੀ ਤਜਵੀਜ਼ ਰੱਖੀ। ਉਨ੍ਹਾਂ ਵਪਾਰਕ ਅਤੇ ਪ੍ਰਚੂਨ ਜਾਇਦਾਦਾਂ ਦੇ ਟੈਕਸ ਨੂੰ ਵੀ ਚਾਰ ਸਾਲਾਂ ਲਈ ਸਥਿਰ ਰੱਖਣ ਦੀ ਗੱਲ ਕਹੀ।

ਸੁਰੱਖਿਆ ਦੇ ਮੁੱਦੇ ’ਤੇ ਬਾਜਵਾ ਨੇ ਸਰੀ ਵਿੱਚ ਗੈਂਗ ਹਿੰਸਾ ਅਤੇ ਜਬਰੀ ਵਸੂਲੀ ਦੇ ਮਾਮਲਿਆਂ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਟੀਮ ਵੱਲੋਂ ਇਸ ਮੁੱਦੇ ’ਤੇ ਪਹਿਲਾਂ ਵੀ ਆਵਾਜ਼ ਉਠਾਈ ਗਈ ਹੈ। ਉਨ੍ਹਾਂ ਮੁਤਾਬਕ ਟੀਮ ਦੇ ਚੋਣ ਜਿੱਤ ਕੇ ਕੌਂਸਲ ਵਿੱਚ ਆਉਣ ਦੀ ਸੂਰਤ ਵਿੱਚ ਸ਼ਹਿਰ ਪੱਧਰ ’ਤੇ **600 ਪੁਲਿਸ ਅਧਿਕਾਰੀਆਂ ਦੀ ਭਰਤੀ** ਕਰਨ ਦੀ ਯੋਜਨਾ ਹੈ।

ਨੌਜਵਾਨਾਂ ਲਈ ਸਹੂਲਤਾਂ ਵਧਾਉਣ ਦੀ ਗੱਲ ਕਰਦਿਆਂ ਉਨ੍ਹਾਂ ਖੇਡਾਂ ਅਤੇ ਵਜ਼ੀਫ਼ਾ ਪ੍ਰੋਗਰਾਮ ਸ਼ੁਰੂ ਕਰਨ ਦਾ ਪ੍ਰਸਤਾਵ ਰੱਖਿਆ। ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਕੋਚਿੰਗ ਮੁਹੱਈਆ ਕਰਵਾਉਣ ਦੀ ਯੋਜਨਾ ਵੀ ਉਨ੍ਹਾਂ ਸਾਂਝੀ ਕੀਤੀ।

ਇਸ ਤੋਂ ਇਲਾਵਾ ਬਾਜਵਾ ਨੇ ਸਰੀ ਨੂੰ ਅੱਠ ਹਿੱਸਿਆਂ ਵਿੱਚ ਵੰਡ ਕੇ ਕੌਂਸਲ ਮੈਂਬਰਾਂ ਤੱਕ ਲੋਕਾਂ ਦੀ ਸਿੱਧੀ ਪਹੁੰਚ ਬਣਾਉਣ ਅਤੇ ਸ਼ਿਕਾਇਤਾਂ ਸੁਣ ਕੇ ਉਨ੍ਹਾਂ ਦੇ ਹੱਲ ਲਈ **‘ਕਨੈਕਸ਼ਨ ਹੱਬ’** ਬਣਾਉਣ ਦੀ ਤਜਵੀਜ਼ ਬਾਰੇ ਵੀ ਜਾਣਕਾਰੀ ਦਿੱਤੀ।




























# ਕੈਨੇਡਾ ਦੇ ਚਾਰ ਵੱਡੇ ਹਵਾਈ ਅੱਡਿਆਂ ਦਾ ਨਿੱਜੀਕਰਨ, ਸਰਕਾਰ ਨੂੰ 10 ਅਰਬ ਡਾਲਰ ਮਿਲਣ ਦੀ ਉਮੀਦ

## ਮਾਰਕ ਕਾਰਨੀ ਸਰਕਾਰ ਦਾ ਵੱਡਾ ਫੈਸਲਾ; ਟੋਰਾਂਟੋ, ਕੈਲਗਰੀ, ਮੌਂਟਰਿਆਲ ਤੇ ਵੈਨਕੂਵਰ ਹਵਾਈ ਅੱਡਿਆਂ ਦਾ ਸੰਚਾਲਨ ਨਿੱਜੀ ਹੱਥਾਂ 'ਚ ਦੇਣ ਦੀ ਤਿਆਰੀ, ਜ਼ਮੀਨ ਤੇ ਬੁਨਿਆਦੀ ਢਾਂਚੇ ਦੀ ਮਾਲਕੀ ਸਰਕਾਰ ਕੋਲ ਹੀ ਰਹੇਗੀ



ਕੈਨੇਡਾ ਸਰਕਾਰ ਨੇ ਦੇਸ਼ ਦੇ ਚਾਰ ਮੁੱਖ ਹਵਾਈ ਅੱਡਿਆਂ ਦੇ ਨਿੱਜੀਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਸਵੇਰੇ ਇਸ ਫੈਸਲੇ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਟੋਰਾਂਟੋ ਦੇ ਪੀਅਰਸਨ ਹਵਾਈ ਅੱਡੇ ਸਮੇਤ ਕੈਲਗਰੀ, ਮੌਂਟਰਿਆਲ ਅਤੇ ਵੈਨਕੂਵਰ ਦੇ ਹਵਾਈ ਅੱਡਿਆਂ ਦਾ ਸੰਚਾਲਨ ਨਿੱਜੀ ਹੱਥਾਂ ਵਿੱਚ ਦੇਣ ਨਾਲ ਸਰਕਾਰ ਨੂੰ ਲਗਭਗ 10 ਅਰਬ ਡਾਲਰ ਮਿਲਣ ਦੀ ਉਮੀਦ ਹੈ।

ਕਾਰਨੀ ਮੁਤਾਬਕ ਇਸ ਰਕਮ ਨੂੰ ਦੇਸ਼ ਦੇ ਮਹੱਤਵਪੂਰਨ ਉਤਪਾਦਨ ਸਾਧਨਾਂ ਅਤੇ ਵਿਕਾਸ ਨਾਲ ਜੁੜੇ ਖੇਤਰਾਂ ਵਿੱਚ ਨਿਵੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਕੈਨੇਡਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਜਾ ਸਕਦਾ ਹੈ। ਹਾਲਾਂਕਿ ਹਵਾਈ ਅੱਡਿਆਂ ਦੀ ਜ਼ਮੀਨ ਅਤੇ ਬੁਨਿਆਦੀ ਸੰਚਾਲਨ ਢਾਂਚਾ ਸਰਕਾਰ ਦੀ ਮਾਲਕੀ ਹੇਠ ਹੀ ਰਹੇਗਾ।

**ਗੁਪਤ ਮੀਟਿੰਗ ਤੋਂ ਬਾਅਦ ਸਾਹਮਣੇ ਆਇਆ ਫੈਸਲਾ**

ਇਸ ਫੈਸਲੇ ਤੋਂ ਪਹਿਲਾਂ ਟੋਰਾਂਟੋ ਵਿੱਚ ਵਿਦੇਸ਼ੀ ਨਿਵੇਸ਼ਕਾਂ ਦੇ ਸਮਾਗਮ ਦੌਰਾਨ ਸੋਮਵਾਰ ਦੇਰ ਰਾਤ ਕੈਨੇਡਾ ਦੀ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰਾਂ ਦੀ ਇੱਕ ਗੁਪਤ ਮੀਟਿੰਗ ਸੱਦੀ ਗਈ ਸੀ। ਇਸ ਮੀਟਿੰਗ ਦਾ ਮੁੱਖ ਵਿਸ਼ਾ ਦੇਸ਼ ਦੇ ਹਵਾਈ ਅੱਡਿਆਂ ਦੇ ਭਵਿੱਖ ਅਤੇ ਉਨ੍ਹਾਂ ਦੇ ਸੰਚਾਲਨ ਨੂੰ ਨਿੱਜੀ ਹੱਥਾਂ ਵਿੱਚ ਦੇਣ ਨਾਲ ਜੁੜੇ ਵਿਕਲਪਾਂ 'ਤੇ ਵਿਚਾਰ ਕਰਨਾ ਸੀ।

ਮੀਟਿੰਗ ਨੂੰ ਇੰਨਾ ਗੁਪਤ ਰੱਖਿਆ ਗਿਆ ਕਿ ਸੰਸਦ ਮੈਂਬਰਾਂ ਦੇ ਅਮਲੇ ਨੂੰ ਵੀ ਇਸ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਦੇਰ ਰਾਤ ਕਾਹਲੀ ਵਿੱਚ ਸੱਦੀ ਗਈ ਇਸ ਮੀਟਿੰਗ ਨੂੰ ਵਿਦੇਸ਼ੀ ਨਿਵੇਸ਼ਕਾਂ ਦੇ ਸਮਾਗਮ ਦੇ ਸੰਦਰਭ ਵਿੱਚ ਖਾਸ ਮਹੱਤਵਪੂਰਨ ਮੰਨਿਆ ਗਿਆ।

ਉਸ ਸਮੇਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਸੀ ਕਿ ਸਰਕਾਰ ਕੁਝ ਹਵਾਈ ਅੱਡਿਆਂ ਲਈ ਗੈਰ-ਮੁਨਾਫ਼ਾ ਮਾਡਲ ਦੀ ਥਾਂ ਨਿੱਜੀਕਰਨ ਜਾਂ ਹੋਰ ਸੰਚਾਲਕੀ ਵਿਕਲਪਾਂ 'ਤੇ ਵਿਚਾਰ ਕਰ ਰਹੀ ਹੈ। ਇਸ ਦੇ ਨਾਲ ਹੀ ਇਹ ਵੀ ਮੰਨਿਆ ਜਾ ਰਿਹਾ ਸੀ ਕਿ ਸਰਕਾਰ ਵੱਡੇ ਵਿਦੇਸ਼ੀ ਨਿਵੇਸ਼ਕਾਂ ਦੀ ਦਿਲਚਸਪੀ ਨੂੰ ਪਰਖਣ ਲਈ ਇਸ ਮੁੱਦੇ ਨੂੰ ਨਿਵੇਸ਼ ਸੰਮੇਲਨ ਵਿੱਚ ਉਭਾਰ ਸਕਦੀ ਹੈ।

**ਅਗਲੇ ਪੰਜ ਸਾਲਾਂ ਵਿੱਚ ਵੱਡੇ ਵਿਦੇਸ਼ੀ ਨਿਵੇਸ਼ ਦਾ ਟੀਚਾ**

ਮਾਰਕ ਕਾਰਨੀ ਸਰਕਾਰ ਵੱਲੋਂ ਪਿਛਲੇ ਸਾਲ ਦੇ ਬਜਟ ਅਤੇ ਇਸ ਸਾਲ ਦੀਆਂ ਵਿੱਤੀ ਯੋਜਨਾਵਾਂ ਵਿੱਚ ਕੁਝ ਵਿਸ਼ੇਸ਼ ਹਵਾਈ ਅੱਡਿਆਂ ਲਈ ਵਿਕਲਪਕ ਮਾਡਲ ਅਪਣਾਉਣ ਦੇ ਸੰਕੇਤ ਪਹਿਲਾਂ ਹੀ ਦਿੱਤੇ ਜਾ ਚੁੱਕੇ ਸਨ।

ਆਰਥਿਕ ਮਾਹਰਾਂ ਵੱਲੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਅਗਲੇ ਪੰਜ ਸਾਲਾਂ ਵਿੱਚ 10 ਖਰਬ ਡਾਲਰ ਦੇ ਵਿਦੇਸ਼ੀ ਨਿਵੇਸ਼ ਦਾ ਟੀਚਾ ਹਾਸਲ ਕਰਨ ਲਈ ਕੁਝ ਮੁੱਖ ਹਵਾਈ ਅੱਡਿਆਂ ਨੂੰ ਪੱਕੇ ਤੌਰ 'ਤੇ ਨਿੱਜੀ ਹੱਥਾਂ ਵਿੱਚ ਜਾਂ ਲੰਮੇ ਸਮੇਂ ਦੇ ਵਰਤੋਂ ਠੇਕੇ 'ਤੇ ਦਿੱਤਾ ਜਾ ਸਕਦਾ ਹੈ। ਇਸ ਰਾਹੀਂ ਕਈ ਅਰਬ ਡਾਲਰ ਦੇ ਵਿਦੇਸ਼ੀ ਨਿਵੇਸ਼ ਦੀ ਉਮੀਦ ਕੀਤੀ ਜਾ ਰਹੀ ਹੈ।

**ਮਜ਼ਦੂਰ ਜਥੇਬੰਦੀਆਂ ਨੇ ਜਤਾਈ ਚਿੰਤਾ**

ਨਿਵੇਸ਼ਕ ਸੰਮੇਲਨ ਸ਼ੁਰੂ ਹੋਣ ਤੋਂ ਪਹਿਲਾਂ ਲੇਬਰ ਕਾਂਗਰਸ ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਵਿੱਚ ਹਵਾਈ ਅੱਡਿਆਂ ਦੇ ਨਿੱਜੀਕਰਨ ਨੂੰ ਲੈ ਕੇ ਕਈ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਸਨ।

ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਹਵਾਈ ਅੱਡਿਆਂ ਦਾ ਨਿੱਜੀਕਰਨ ਕੀਤੇ ਜਾਣ ਨਾਲ ਯਾਤਰੀਆਂ ਉੱਤੇ ਵੱਧ ਲਾਗਤ ਦਾ ਬੋਝ ਪੈ ਸਕਦਾ ਹੈ। ਇਸ ਤੋਂ ਇਲਾਵਾ ਕਰਮਚਾਰੀਆਂ ਉੱਤੇ ਕੰਮ ਦਾ ਦਬਾਅ ਵਧਣ ਅਤੇ ਲੰਮੇ ਸਮੇਂ ਵਿੱਚ ਜਨਤਕ ਜਾਇਦਾਦਾਂ ਨੂੰ ਨੁਕਸਾਨ ਹੋਣ ਦਾ ਖਦਸ਼ਾ ਵੀ ਜਤਾਇਆ ਗਿਆ।

**ਕਰਮਚਾਰੀਆਂ ਦੀਆਂ ਤਨਖਾਹਾਂ ਤੇ ਹਾਲਾਤਾਂ ਨੂੰ ਲੈ ਕੇ ਵੀ ਸਵਾਲ**

ਸਰਕਾਰ ਦੇ ਇਸ ਕਦਮ 'ਤੇ ਟਿੱਪਣੀ ਕਰਦਿਆਂ ਯੂਨੀਫੋਰ ਏਵੀਏਸ਼ਨ ਕੌਂਸਲ ਨੇ ਵੀ ਚਿੰਤਾ ਪ੍ਰਗਟ ਕੀਤੀ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਬਾਹਰੀ ਏਜੰਸੀਆਂ ਰਾਹੀਂ ਕੰਮ ਕਰਵਾਉਣ ਅਤੇ ਠੇਕਾ ਪ੍ਰਣਾਲੀ ਨੂੰ ਵਧਾਉਣ ਨਾਲ ਕਰਮਚਾਰੀਆਂ ਦੀਆਂ ਤਨਖਾਹਾਂ, ਮਿਲਣ ਵਾਲੇ ਲਾਭਾਂ ਅਤੇ ਕੰਮਕਾਜੀ ਹਾਲਾਤਾਂ ਵਿੱਚ ਹੋਰ ਗਿਰਾਵਟ ਆ ਸਕਦੀ ਹੈ।

ਯੂਨੀਫੋਰ ਦੀ ਕੌਮੀ ਪ੍ਰਧਾਨ ਲਾਨਾ ਪੇਨੇ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਵਾਰ-ਵਾਰ ਇਹ ਦੇਖਣ ਨੂੰ ਮਿਲਿਆ ਹੈ ਕਿ ਜਨਤਕ ਢਾਂਚੇ ਅਤੇ ਸੰਪਤੀਆਂ ਦੀ ਵਿਕਰੀ ਦਾ ਅਸਰ ਮੁਲਾਜ਼ਮਾਂ ਦੇ ਨਾਲ-ਨਾਲ ਦੇਸ਼ ਦੀ ਅਰਥਵਿਵਸਥਾ 'ਤੇ ਵੀ ਪੈਂਦਾ ਹੈ। ਉਨ੍ਹਾਂ ਮੁਤਾਬਕ ਜਨਤਕ ਜਾਇਦਾਦ ਨੂੰ ਨਿੱਜੀ ਹੱਥਾਂ ਵਿੱਚ ਦੇਣ ਨਾਲ ਕਰਮਚਾਰੀਆਂ ਦੀ ਸਥਿਤੀ ਕਮਜ਼ੋਰ ਹੋ ਸਕਦੀ ਹੈ ਅਤੇ ਲੰਮੇ ਸਮੇਂ ਵਿੱਚ ਆਰਥਿਕ ਨੁਕਸਾਨ ਦਾ ਖਤਰਾ ਬਣਿਆ ਰਹਿੰਦਾ ਹੈ।

# ਮਾਊਂਟ ਪਲੈਜ਼ੈਂਟ ਦੇ ਸਟੋਰ 'ਚ ਗੋਲੀਬਾਰੀ ਮਾਮਲੇ 'ਚ ਇੱਕ ਵਿਅਕਤੀ ਖ਼ਿਲਾਫ਼ ਦੋਸ਼ ਆਇਦ

## ਸੀਸੀਟੀਵੀ ਫੁਟੇਜ ਦੀ ਜਾਂਚ ਮਗਰੋਂ ਸ਼ੱਕੀ ਦੀ ਹੋਈ ਪਛਾਣ; ਕੈਮਲੂਪਸ ਵਿੱਚ ਹਿਰਾਸਤ ਦੌਰਾਨ ਪੁਲਿਸ ਨੇ ਕੀਤੀ ਗ੍ਰਿਫ਼ਤਾਰੀ ਦੀ ਪੁਸ਼ਟੀ




**ਸਰੀ, (ਦਿਵਰੂਪ ਕੌਰ):** ਵੈਨਕੂਵਰ ਦੇ ਮਾਊਂਟ ਪਲੈਜ਼ੈਂਟ ਇਲਾਕੇ ਵਿੱਚ ਪਿਛਲੇ ਹਫ਼ਤੇ ਇੱਕ ਸੁਵਿਧਾ ਸਟੋਰ ਵਿੱਚ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਪੁਲਿਸ ਨੇ ਇੱਕ ਵਿਅਕਤੀ ਵਿਰੁੱਧ ਗੰਭੀਰ ਅਪਰਾਧਿਕ ਦੋਸ਼ ਆਇਦ ਕੀਤੇ ਹਨ। ਇਹ ਘਟਨਾ 6 ਸਤੰਬਰ ਦੀ ਸਵੇਰ ਨੂੰ ਵਾਪਰੀ ਸੀ, ਜਿਸ ਵਿੱਚ ਇੱਕ ਵਿਅਕਤੀ ਦੀ ਲੱਤ ਵਿੱਚ ਗੋਲੀ ਲੱਗਣ ਕਾਰਨ ਉਹ ਗੰਭੀਰ ਜ਼ਖਮੀ ਹੋ ਗਿਆ ਸੀ।

ਵੈਨਕੂਵਰ ਪੁਲਿਸ ਵਿਭਾਗ ਮੁਤਾਬਕ 6 ਸਤੰਬਰ ਨੂੰ ਸਵੇਰੇ ਲਗਭਗ 7 ਵਜੇ ਮੇਨ ਸਟਰੀਟ ਅਤੇ 16ਵੀਂ ਐਵੇਨਿਊ ਨੇੜੇ ਸਥਿਤ ਇੱਕ ਸਟੋਰ ਤੋਂ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇੱਕ ਵਿਅਕਤੀ ਨੂੰ ਗੋਲੀ ਲੱਗੀ ਹੈ। ਚਸ਼ਮਦੀਦਾਂ ਅਨੁਸਾਰ ਗੋਲੀਬਾਰੀ ਦੀ ਇਹ ਘਟਨਾ ਇਲਾਕੇ ਦੇ ਐਚ ਐਂਡ ਜ਼ੈਡ ਮਾਰਕੀਟ ਵਿੱਚ ਵਾਪਰੀ ਸੀ।

ਗੋਲੀ ਲੱਗਣ ਕਾਰਨ ਜ਼ਖਮੀ ਹੋਏ ਵਿਅਕਤੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਦੱਸੀ ਗਈ ਸੀ। ਹਾਲਾਂਕਿ ਡਾਕਟਰਾਂ ਅਨੁਸਾਰ ਉਸ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੈ। ਪੀੜਤ ਦੀ ਮਦਦ ਲਈ ਇਸ ਦੌਰਾਨ ਇੱਕ ਗੋਫੰਡਮੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ।

ਘਟਨਾ ਦੀ ਜਾਂਚ ਵੈਨਕੂਵਰ ਪੁਲਿਸ ਦੇ ਮੇਜਰ ਕ੍ਰਾਈਮ ਵਿਭਾਗ ਦੇ ਜਾਸੂਸਾਂ ਵੱਲੋਂ ਕੀਤੀ ਗਈ। ਜਾਂਚ ਦੇ ਹਿੱਸੇ ਵਜੋਂ ਪੁਲਿਸ ਨੇ ਘਟਨਾ ਸਥਾਨ ਦੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਬਾਰੀਕੀ ਨਾਲ ਜਾਂਚ ਕੀਤੀ। ਫੁਟੇਜ ਦੇ ਆਧਾਰ 'ਤੇ ਪੁਲਿਸ ਨੇ ਗੋਲੀਬਾਰੀ ਵਿੱਚ ਸ਼ਾਮਲ ਹੋਣ ਦੇ ਸ਼ੱਕੀ ਵਿਅਕਤੀ ਦੀ ਪਛਾਣ ਕਰ ਲਈ।

ਇਸੇ ਦਿਨ ਦੁਪਹਿਰ ਬਾਅਦ ਵੈਨਕੂਵਰ ਪੁਲਿਸ ਨੂੰ ਕੈਮਲੂਪਸ ਆਰਸੀਐਮਪੀ ਤੋਂ ਸੂਚਨਾ ਮਿਲੀ ਕਿ ਗੋਲੀਬਾਰੀ ਨਾਲ ਸਬੰਧਤ ਸ਼ੱਕੀ ਵਿਅਕਤੀ ਨੂੰ ਇੱਕ ਹੋਰ ਵੱਖਰੇ ਮਾਮਲੇ ਵਿੱਚ ਕੈਮਲੂਪਸ ਵਿਖੇ ਹਿਰਾਸਤ ਵਿੱਚ ਲਿਆ ਗਿਆ ਹੈ। ਇਸ ਤੋਂ ਬਾਅਦ ਬੀਸੀ ਪ੍ਰੋਸੀਕਿਊਸ਼ਨ ਸਰਵਿਸ ਵੱਲੋਂ ਵਿਕਟਰ ਸੋਰੇਨਸਨ-ਅਵੀਲਾ ਨਾਮਕ ਵਿਅਕਤੀ ਵਿਰੁੱਧ ਗੰਭੀਰ ਹਮਲਾ ਕਰਨ ਅਤੇ ਹਥਿਆਰ ਨਾਲ ਹਮਲਾ ਕਰਨ ਦੇ ਦੋਸ਼ਾਂ ਨੂੰ ਰਸਮੀ ਮਨਜ਼ੂਰੀ ਦਿੱਤੀ ਗਈ।

ਪੁਲਿਸ ਨੇ ਦੱਸਿਆ ਕਿ ਮੁਲਜ਼ਮ ਫਿਲਹਾਲ ਕੈਮਲੂਪਸ ਵਿੱਚ ਹਿਰਾਸਤ ਵਿੱਚ ਹੈ ਅਤੇ ਉਸ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਹੋਣੀ ਬਾਕੀ ਹੈ। ਮਾਮਲੇ ਦੀ ਅਗਲੀ ਕਾਰਵਾਈ ਅਦਾਲਤੀ ਪ੍ਰਕਿਰਿਆ ਤਹਿਤ ਕੀਤੀ ਜਾਵੇਗੀ।

ਘਟਨਾ ਬਾਰੇ ਜਾਣਕਾਰੀ ਦਿੰਦਿਆਂ ਕਾਂਸਟੇਬਲ ਡੈਰੇਨ ਵੌਂਗ ਨੇ ਕਿਹਾ ਕਿ ਮਾਊਂਟ ਪਲੈਜ਼ੈਂਟ ਵਰਗੇ ਵਿਅਸਤ ਅਤੇ ਵਪਾਰਕ ਇਲਾਕੇ ਵਿੱਚ ਇਸ ਤਰ੍ਹਾਂ ਦੀ ਹਿੰਸਕ ਗੋਲੀਬਾਰੀ ਦੀ ਘਟਨਾ ਬੇਹੱਦ ਚਿੰਤਾਜਨਕ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਸ਼ੱਕੀ ਦੀ ਪਛਾਣ ਅਤੇ ਗ੍ਰਿਫ਼ਤਾਰੀ ਲਈ ਤੇਜ਼ੀ ਨਾਲ ਕਾਰਵਾਈ ਕੀਤੀ।

ਪੁਲਿਸ ਨੇ ਸਥਾਨਕ ਵਸਨੀਕਾਂ ਅਤੇ ਦੁਕਾਨਦਾਰਾਂ ਨੂੰ ਭਰੋਸਾ ਦਿਵਾਇਆ ਹੈ ਕਿ ਸ਼ੱਕੀ ਵਿਅਕਤੀ ਦੇ ਹਿਰਾਸਤ ਵਿੱਚ ਹੋਣ ਤੋਂ ਬਾਅਦ ਇਲਾਕੇ ਵਿੱਚ ਜਨਤਕ ਸੁਰੱਖਿਆ ਨੂੰ ਕੋਈ ਤੁਰੰਤ ਖ਼ਤਰਾ ਨਹੀਂ ਹੈ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਘਟਨਾ ਨਾਲ ਸਬੰਧਤ ਹੋਰ ਸਬੂਤ ਇਕੱਠੇ ਕੀਤੇ ਜਾ ਰਹੇ ਹਨ।

# ਬੀ.ਸੀ. ਵਿੱਚ ਘਰਾਂ ਦੀ ਵਿਕਰੀ ਹਾਲੇ ਮੱਠੀ, ਪਰ ਬਾਜ਼ਾਰ ਵਿੱਚ ਸੁਧਾਰ ਦੀ ਰਫ਼ਤਾਰ ਜਾਰੀ

## ਅਗਸਤ ਵਿੱਚ 5,653 ਰਿਹਾਇਸ਼ੀ ਇਕਾਈਆਂ ਵਿਕੀਆਂ; ਕੀਮਤਾਂ ਵਿੱਚ 1 ਫੀਸਦੀ ਕਮੀ, ਸਾਲ ਦੀ ਸ਼ੁਰੂਆਤ ਤੋਂ ਬਾਜ਼ਾਰ ਵਿੱਚ ਹੌਲੀ-ਹੌਲੀ ਸੁਧਾਰ



**ਸਰੀ, :** ਬ੍ਰਿਟਿਸ਼ ਕੋਲੰਬੀਆ ਰੀਅਲ ਅਸਟੇਟ ਐਸੋਸੀਏਸ਼ਨ ਵੱਲੋਂ ਜਾਰੀ ਤਾਜ਼ਾ ਰਿਪੋਰਟ ਮੁਤਾਬਕ ਸੂਬੇ ਦੇ ਰਿਹਾਇਸ਼ੀ ਜਾਇਦਾਦ ਬਾਜ਼ਾਰ ਵਿੱਚ ਖਰੀਦੋ-ਫਰੋਖਤ ਦੀ ਰਫ਼ਤਾਰ ਹਾਲੇ ਵੀ ਸੁਸਤ ਹੈ, ਪਰ ਇਸ ਦੇ ਬਾਵਜੂਦ ਸਾਲ ਦੀ ਸ਼ੁਰੂਆਤ ਤੋਂ ਬਾਜ਼ਾਰ ਵਿੱਚ ਹੌਲੀ-ਹੌਲੀ ਅਤੇ ਲਗਾਤਾਰ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ।

ਰਿਪੋਰਟ ਅਨੁਸਾਰ ਅਗਸਤ 2026 ਦੌਰਾਨ ਮਲਟੀਪਲ ਲਿਸਟਿੰਗ ਸਰਵਿਸ ਪ੍ਰਣਾਲੀ ਰਾਹੀਂ ਸੂਬੇ ਭਰ ਵਿੱਚ ਕੁੱਲ 5,653 ਰਿਹਾਇਸ਼ੀ ਇਕਾਈਆਂ ਦੀ ਵਿਕਰੀ ਦਰਜ ਕੀਤੀ ਗਈ। ਇਹ ਗਿਣਤੀ ਅਗਸਤ 2025 ਦੇ ਮੁਕਾਬਲੇ 4.7 ਫੀਸਦੀ ਘੱਟ ਹੈ। ਇਸੇ ਦੌਰਾਨ ਘਰਾਂ ਦੀ ਔਸਤ ਕੀਮਤ ਵੀ ਲਗਭਗ 1 ਫੀਸਦੀ ਘਟ ਕੇ 9,24,826 ਡਾਲਰ ਰਹਿ ਗਈ, ਜਦਕਿ ਪਿਛਲੇ ਸਾਲ ਅਗਸਤ ਵਿੱਚ ਇਹ ਔਸਤ ਕੀਮਤ 9,25,917 ਡਾਲਰ ਦਰਜ ਕੀਤੀ ਗਈ ਸੀ।

ਅਗਸਤ ਮਹੀਨੇ ਦੌਰਾਨ ਰਿਹਾਇਸ਼ੀ ਜਾਇਦਾਦਾਂ ਦੀ ਵਿਕਰੀ ਦਾ ਕੁੱਲ ਮੁੱਲ 5.2 ਬਿਲੀਅਨ ਡਾਲਰ ਰਿਹਾ, ਜੋ ਪਿਛਲੇ ਸਾਲ ਦੇ ਇਸੇ ਮਹੀਨੇ ਦੇ ਮੁਕਾਬਲੇ 4.8 ਫੀਸਦੀ ਘੱਟ ਹੈ। ਅੰਕੜਿਆਂ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਅਗਸਤ ਵਿੱਚ ਘਰਾਂ ਦੀ ਵਿਕਰੀ ਪਿਛਲੇ 10 ਸਾਲਾਂ ਦੀ ਔਸਤ ਨਾਲੋਂ 25.4 ਫੀਸਦੀ ਹੇਠਾਂ ਰਹੀ।

ਮਾਹਿਰਾਂ ਅਨੁਸਾਰ ਭਾਵੇਂ ਸੂਬੇ ਵਿੱਚ ਰਿਹਾਇਸ਼ੀ ਜਾਇਦਾਦਾਂ ਦੀ ਖਰੀਦੋ-ਫਰੋਖਤ ਲੰਬੇ ਸਮੇਂ ਦੀ ਔਸਤ ਨਾਲੋਂ ਕਾਫ਼ੀ ਘੱਟ ਹੈ, ਪਰ ਸਾਲ ਦੇ ਸ਼ੁਰੂਆਤੀ ਮਹੀਨਿਆਂ ਦੇ ਮੁਕਾਬਲੇ ਬਾਜ਼ਾਰ ਵਿੱਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ। ਬੀ.ਸੀ. ਰੀਅਲ ਅਸਟੇਟ ਐਸੋਸੀਏਸ਼ਨ ਦੇ ਮੁੱਖ ਅਰਥਸ਼ਾਸਤਰੀ ਬ੍ਰੈਂਡਨ ਓਗਮੰਡਸਨ ਨੇ ਕਿਹਾ ਕਿ ਸੂਬਾਈ ਪੱਧਰ 'ਤੇ ਘਰਾਂ ਦੀ ਵਿਕਰੀ ਅਜੇ ਵੀ ਲੰਬੇ ਸਮੇਂ ਦੀ ਔਸਤ ਤੋਂ ਕਾਫ਼ੀ ਹੇਠਾਂ ਹੈ, ਪਰ ਸਾਲ ਭਰ ਵਿੱਚ ਇਸ ਵਿੱਚ ਲਗਾਤਾਰ ਸੁਧਾਰ ਦਰਜ ਕੀਤਾ ਗਿਆ ਹੈ।

ਉਨ੍ਹਾਂ ਮੁਤਾਬਕ ਆਉਣ ਵਾਲੇ ਸਮੇਂ ਵਿੱਚ ਰਿਹਾਇਸ਼ੀ ਜਾਇਦਾਦਾਂ ਦੀ ਵਿਕਰੀ ਵਿੱਚ ਹੌਲੀ-ਹੌਲੀ ਸੁਧਾਰ ਜਾਰੀ ਰਹਿਣ ਦੀ ਉਮੀਦ ਹੈ। ਹਾਲਾਂਕਿ ਨਵੇਂ ਟੈਰਿਫ ਅਤੇ ਲੰਬੇ ਸਮੇਂ ਦੀਆਂ ਵਿਆਜ ਦਰਾਂ ਵਿੱਚ ਹਾਲ ਹੀ ਵਿੱਚ ਹੋਏ ਵਾਧੇ ਕਾਰਨ ਬਾਜ਼ਾਰ ਦੀ ਰਿਕਵਰੀ ਸਾਹਮਣੇ ਕੁਝ ਚੁਣੌਤੀਆਂ ਵੀ ਪੈਦਾ ਹੋਈਆਂ ਹਨ।

ਜੇਕਰ 2026 ਦੇ ਹੁਣ ਤੱਕ ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਬੀ.ਸੀ. ਵਿੱਚ ਰਿਹਾਇਸ਼ੀ ਜਾਇਦਾਦਾਂ ਦੀ ਵਿਕਰੀ ਦਾ ਕੁੱਲ ਡਾਲਰ ਮੁੱਲ 43.26 ਬਿਲੀਅਨ ਡਾਲਰ ਰਿਹਾ ਹੈ। ਇਹ 2025 ਦੇ ਇਸੇ ਸਮੇਂ ਦੇ ਮੁਕਾਬਲੇ 6.5 ਫੀਸਦੀ ਘੱਟ ਹੈ।

ਇਸ ਸਾਲ ਹੁਣ ਤੱਕ ਸੂਬੇ ਵਿੱਚ ਕੁੱਲ 46,069 ਰਿਹਾਇਸ਼ੀ ਇਕਾਈਆਂ ਦੀ ਵਿਕਰੀ ਹੋ ਚੁੱਕੀ ਹੈ, ਜੋ ਸਾਲਾਨਾ ਆਧਾਰ 'ਤੇ 5.5 ਫੀਸਦੀ ਦੀ ਗਿਰਾਵਟ ਦਰਸਾਉਂਦੀ ਹੈ। ਇਸੇ ਸਮੇਂ ਦੌਰਾਨ ਘਰਾਂ ਦੀ ਔਸਤ ਰਿਹਾਇਸ਼ੀ ਕੀਮਤ 1 ਫੀਸਦੀ ਘਟ ਕੇ 9,39,028 ਡਾਲਰ ਦਰਜ ਕੀਤੀ ਗਈ ਹੈ। ਅੰਕੜਿਆਂ ਮੁਤਾਬਕ ਬਾਜ਼ਾਰ ਵਿੱਚ ਹਾਲੇ ਵੀ ਸੁਸਤੀ ਕਾਇਮ ਹੈ, ਪਰ ਵਿਕਰੀ ਵਿੱਚ ਸਾਲ ਦੀ ਸ਼ੁਰੂਆਤ ਤੋਂ ਦਰਜ ਹੋ ਰਿਹਾ ਹੌਲਾ ਸੁਧਾਰ ਰਿਹਾਇਸ਼ੀ ਜਾਇਦਾਦ ਖੇਤਰ ਲਈ ਮਹੱਤਵਪੂਰਨ ਰੁਝਾਨ ਵਜੋਂ ਸਾਹਮਣੇ ਆ ਰਿਹਾ ਹੈ।

# 2026 ਦੀ ਮਰਦਮਸ਼ੁਮਾਰੀ ਨੂੰ ਕੈਨੇਡੀਅਨਾਂ ਦਾ ਰਿਕਾਰਡ ਹੁੰਗਾਰਾ

## 98.4 ਫੀਸਦੀ ਰਿਹਾ ਕੁੱਲ ਜਵਾਬੀ ਦਰ, 88 ਫੀਸਦੀ ਤੋਂ ਵੱਧ ਲੋਕਾਂ ਨੇ ਆਨਲਾਈਨ ਭਰੇ ਮਰਦਮਸ਼ੁਮਾਰੀ ਫਾਰਮ





**ਸਰੀ:** ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ 2026 ਵਿੱਚ ਕਰਵਾਈ ਗਈ ਦੇਸ਼ ਵਿਆਪੀ ਆਬਾਦੀ ਮਰਦਮਸ਼ੁਮਾਰੀ ਨੂੰ ਨਾਗਰਿਕਾਂ ਵੱਲੋਂ ਇਤਿਹਾਸਕ ਪੱਧਰ 'ਤੇ ਹੁੰਗਾਰਾ ਮਿਲਿਆ ਹੈ। ਏਜੰਸੀ ਮੁਤਾਬਕ ਇਸ ਵਾਰ ਮਰਦਮਸ਼ੁਮਾਰੀ ਦੀ ਕੁੱਲ ਜਵਾਬੀ ਦਰ 98.4 ਫੀਸਦੀ ਦਰਜ ਕੀਤੀ ਗਈ ਹੈ, ਜੋ ਹੁਣ ਤੱਕ ਦੇ ਸਭ ਤੋਂ ਉੱਚੇ ਅੰਕੜਿਆਂ ਵਿੱਚੋਂ ਇੱਕ ਹੈ।

ਸਟੈਟਿਸਟਿਕਸ ਕੈਨੇਡਾ ਅਨੁਸਾਰ ਇਹ ਉੱਚੀ ਜਵਾਬੀ ਦਰ ਦਰਸਾਉਂਦੀ ਹੈ ਕਿ ਦੇਸ਼ ਦੇ ਲੋਕਾਂ ਨੇ ਸਰਕਾਰੀ ਨੀਤੀਆਂ, ਯੋਜਨਾਬੰਦੀ ਅਤੇ ਭਵਿੱਖ ਦੀਆਂ ਲੋੜਾਂ ਲਈ ਲੋੜੀਂਦੀ ਜਾਣਕਾਰੀ ਸਾਂਝੀ ਕਰਨ ਵਿੱਚ ਵੱਡੀ ਭਾਗੀਦਾਰੀ ਨਿਭਾਈ ਹੈ।

ਕੈਨੇਡਾ ਵਿੱਚ ਮਰਦਮਸ਼ੁਮਾਰੀ ਹਰ ਪੰਜ ਸਾਲ ਬਾਅਦ ਕਰਵਾਈ ਜਾਂਦੀ ਹੈ। ਇਸ ਵਿੱਚ ਨਾਗਰਿਕਾਂ ਦੀ ਉਮਰ, ਲਿੰਗ, ਵਿਆਹੁਤਾ ਸਥਿਤੀ, ਭਾਸ਼ਾ ਦੀ ਵਰਤੋਂ ਅਤੇ ਹੋਰ ਸਮਾਜਿਕ ਤੇ ਜਨਸੰਖਿਆ ਨਾਲ ਸਬੰਧਤ ਮਹੱਤਵਪੂਰਨ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਰਾਹੀਂ ਇਕੱਤਰ ਕੀਤੇ ਜਾਣ ਵਾਲੇ ਵਿਸਥਾਰਤ ਅੰਕੜਿਆਂ ਦੀ ਵਰਤੋਂ ਦੇਸ਼ ਦੀਆਂ ਚੋਣ ਹੱਦਬੰਦੀਆਂ ਦੇ ਨਕਸ਼ੇ ਤਿਆਰ ਕਰਨ, ਸਮਾਜਿਕ ਭਲਾਈ ਪ੍ਰੋਗਰਾਮਾਂ ਦੀ ਯੋਜਨਾਬੰਦੀ ਕਰਨ ਅਤੇ ਮਿਊਂਸਪਲ ਤੇ ਸੂਬਾਈ ਸਰਕਾਰਾਂ ਨੂੰ ਦਿੱਤੇ ਜਾਣ ਵਾਲੇ ਸਰਕਾਰੀ ਫੰਡਾਂ ਦੀ ਵੰਡ ਤੈਅ ਕਰਨ ਲਈ ਕੀਤੀ ਜਾਂਦੀ ਹੈ।

ਇਸੇ ਕਾਰਨ ਸਰਕਾਰ ਵੱਲੋਂ ਦੇਸ਼ ਦੇ ਹਰ ਘਰ ਅਤੇ ਹਰ ਨਾਗਰਿਕ ਤੱਕ ਮਰਦਮਸ਼ੁਮਾਰੀ ਦਾ ਫਾਰਮ ਪਹੁੰਚਾਉਣ ਅਤੇ ਲੋਕਾਂ ਤੋਂ ਸਹੀ ਜਾਣਕਾਰੀ ਪ੍ਰਾਪਤ ਕਰਨ ਨੂੰ ਮਹੱਤਵ ਦਿੱਤਾ ਜਾਂਦਾ ਹੈ।

ਹਾਲਾਂਕਿ ਇਸ ਸਾਲ ਬਸੰਤ ਰੁੱਤ ਦੌਰਾਨ ਕੁਝ ਲੋਕਾਂ ਨੇ ਆਪਣੇ ਮਰਦਮਸ਼ੁਮਾਰੀ ਫਾਰਮਾਂ 'ਤੇ 'ਵਾਪਸ ਭੇਜਣ ਵਾਲੇ ਨੂੰ ਵਾਪਸ' ਵਰਗੇ ਸ਼ਬਦ ਲਿਖ ਕੇ ਉਨ੍ਹਾਂ ਦੀਆਂ ਤਸਵੀਰਾਂ ਇੰਟਰਨੈੱਟ 'ਤੇ ਸਾਂਝੀਆਂ ਕੀਤੀਆਂ ਸਨ। ਇਨ੍ਹਾਂ ਲੋਕਾਂ ਨੇ ਮਰਦਮਸ਼ੁਮਾਰੀ ਵਿੱਚ ਪੁੱਛੇ ਜਾ ਰਹੇ ਕੁਝ ਸਵਾਲਾਂ ਨੂੰ ਆਪਣੀ ਨਿੱਜਤਾ ਦੇ ਅਧਿਕਾਰ ਨਾਲ ਜੋੜਦਿਆਂ ਇਤਰਾਜ਼ ਜਤਾਇਆ ਸੀ।

ਇਸ ਸਥਿਤੀ ਦੇ ਮੱਦੇਨਜ਼ਰ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਮਾਰਕ ਗੈਰੇਟਸਨ ਨੇ ਨਾਗਰਿਕਾਂ ਨੂੰ ਅੱਗੇ ਆ ਕੇ ਮਰਦਮਸ਼ੁਮਾਰੀ ਦੇ ਫਾਰਮ ਭਰਨ ਦੀ ਅਪੀਲ ਕੀਤੀ ਸੀ। ਸਰਕਾਰੀ ਅਧਿਕਾਰੀਆਂ ਨੇ ਵੀ ਸਪੱਸ਼ਟ ਕੀਤਾ ਸੀ ਕਿ ਮਰਦਮਸ਼ੁਮਾਰੀ ਰਾਹੀਂ ਇਕੱਠਾ ਕੀਤਾ ਜਾਣ ਵਾਲਾ ਡਾਟਾ ਦੇਸ਼ ਦੇ ਵੱਖ-ਵੱਖ ਵਰਗਾਂ ਦੀਆਂ ਬੁਨਿਆਦੀ ਲੋੜਾਂ ਨੂੰ ਸਮਝਣ ਅਤੇ ਸਰਕਾਰੀ ਸਹੂਲਤਾਂ ਤੇ ਸੇਵਾਵਾਂ ਦੀ ਸਹੀ ਯੋਜਨਾਬੰਦੀ ਲਈ ਜ਼ਰੂਰੀ ਹੈ। ਇਸ ਤੋਂ ਬਾਅਦ ਮਰਦਮਸ਼ੁਮਾਰੀ ਦਾ ਵਿਰੋਧ ਹੌਲੀ-ਹੌਲੀ ਘਟਦਾ ਗਿਆ ਅਤੇ ਲੋਕਾਂ ਦੀ ਭਾਗੀਦਾਰੀ ਵਿੱਚ ਵਾਧਾ ਹੋਇਆ।

ਸਟੈਟਿਸਟਿਕਸ ਕੈਨੇਡਾ ਨੇ ਹੁਣ ਇਕੱਤਰ ਕੀਤੇ ਗਏ ਸਮੂਹਿਕ ਡਾਟੇ ਨੂੰ ਸੰਕਲਿਤ ਕਰਨ ਅਤੇ ਉਸ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਵਿਭਾਗ ਅਨੁਸਾਰ ਮਰਦਮਸ਼ੁਮਾਰੀ ਨਾਲ ਸਬੰਧਤ ਜਾਣਕਾਰੀ ਫਰਵਰੀ 2027 ਤੋਂ ਜਾਰੀ ਕੀਤੀ ਜਾਣੀ ਸ਼ੁਰੂ ਹੋਵੇਗੀ ਅਤੇ ਇਸ ਨੂੰ ਕੁੱਲ ਸੱਤ ਵੱਖ-ਵੱਖ ਪੜਾਵਾਂ ਵਿੱਚ ਜਨਤਕ ਕੀਤਾ ਜਾਵੇਗਾ।

ਡਿਜੀਟਲ ਪ੍ਰਣਾਲੀ ਦੀ ਵਧ ਰਹੀ ਵਰਤੋਂ ਬਾਰੇ ਸਟੈਟਿਸਟਿਕਸ ਕੈਨੇਡਾ ਨੇ ਦੱਸਿਆ ਕਿ 88 ਫੀਸਦੀ ਤੋਂ ਵੱਧ ਕੈਨੇਡੀਅਨਾਂ ਨੇ ਮਰਦਮਸ਼ੁਮਾਰੀ ਦਾ ਫਾਰਮ ਆਨਲਾਈਨ ਭਰਿਆ। ਇਹ ਅੰਕੜਾ ਪਿਛਲੀਆਂ ਸਾਰੀਆਂ ਮਰਦਮਸ਼ੁਮਾਰੀਆਂ ਦੇ ਮੁਕਾਬਲੇ ਸਭ ਤੋਂ ਵੱਧ ਹੈ। ਏਜੰਸੀ ਅਨੁਸਾਰ ਆਨਲਾਈਨ ਜਵਾਬ ਦੇਣ ਵਾਲੇ ਲੋਕਾਂ ਦੀ ਵਧੀ ਗਿਣਤੀ ਸਰਕਾਰੀ ਕੰਮਕਾਜ ਵਿੱਚ ਡਿਜੀਟਲ ਤਕਨਾਲੋਜੀ ਦੀ ਵਧ ਰਹੀ ਵਰਤੋਂ ਅਤੇ ਲੋਕਾਂ ਦੇ ਇਸ ਪ੍ਰਣਾਲੀ 'ਤੇ ਵਧਦੇ ਭਰੋਸੇ ਨੂੰ ਦਰਸਾਉਂਦੀ ਹੈ।

# ਸਰੀ ਚੋਣਾਂ ਲਈ ਮੈਦਾਨ ਭਖਿਆ, 17 ਅਕਤੂਬਰ ਨੂੰ ਹੋਵੇਗਾ ਮੇਅਰ ਤੇ ਕੌਂਸਲ ਦੀ ਕਿਸਮਤ ਦਾ ਫੈਸਲਾ

## ਪਰਿਵਾਰਾਂ ਦੀ ਸੁਰੱਖਿਆ ਤੋਂ ਲੈ ਕੇ ਰਿਹਾਇਸ਼ ਤੇ ਆਵਾਜਾਈ ਤੱਕ–ਵੋਟਰਾਂ ਦੀਆਂ ਤਰਜੀਹਾਂ ਬਣੇ ਚੋਣ ਮੁੱਦੇ




**ਸਰੀ, –** ਸਰੀ ਦੀ 2026 ਮਿਊਂਸਪਲ ਚੋਣ ਲਈ ਸਿਆਸੀ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। 17 ਅਕਤੂਬਰ ਨੂੰ ਹੋਣ ਵਾਲੀ ਇਸ ਚੋਣ ਵਿੱਚ ਸਰੀ ਦੇ ਵੋਟਰ ਮੇਅਰ ਦੀ ਇੱਕ, ਸਿਟੀ ਕੌਂਸਲ ਦੀਆਂ 8 ਅਤੇ ਸਕੂਲ ਡਿਸਟ੍ਰਿਕਟ ਦੀਆਂ 6 ਟਰੱਸਟੀ ਸੀਟਾਂ ਲਈ ਆਪਣੇ ਨੁਮਾਇੰਦੇ ਚੁਣਨਗੇ। ਸਿਟੀ ਆਫ਼ ਸਰੀ ਵੱਲੋਂ ਜਾਰੀ ਅਧਿਕਾਰਤ ਸੂਚੀ ਅਨੁਸਾਰ ਮੇਅਰ ਦੀ ਦੌੜ ਵਿੱਚ 7 ਉਮੀਦਵਾਰ ਮੈਦਾਨ ਵਿੱਚ ਹਨ, ਕੌਂਸਲਰਾਂ ਦੀ ਚੋਣ ਲਈ 67 ਅਤੇ ਸਕੂਲ ਟਰੱਸਟੀ ਦੀਆਂ ਸੀਟਾਂ ਲਈ 26 ਉਮੀਦਵਾਰ ਚੋਣ ਲੜ ਰਹੇ ਹਨ।

ਮੇਅਰ ਦੀ ਚੋਣ ਇਸ ਵਾਰ ਖਾਸ ਤੌਰ ’ਤੇ ਦਿਲਚਸਪ ਬਣੀ ਹੋਈ ਹੈ। ਇਸ ਅਹੁਦੇ ਲਈ ਇਗਲ ਐਮਨਜ਼ ਦੂਜਾ, ਲਿੰਡਾ ਐਨਿਸ, ਮੌਜੂਦਾ ਮੇਅਰ ਬਰੈਂਡਾ ਲੌਕ, ਸਾਬਕਾ ਮੇਅਰ ਡੱਗ ਮੈਕਲਮ, ਹੋਨਵੀਰ ਸਿੰਘ ਰੰਧਾਵਾ, ਮਾਈਕ ਸਟਾਰਚੁਕ ਅਤੇ ਟਰੌਇ ਵੈਨ-ਵਲੀਟ ਮੈਦਾਨ ਵਿੱਚ ਹਨ।

ਮੌਜੂਦਾ ਮੇਅਰ ਬਰੈਂਡਾ ਲੌਕ ਮੁੜ ਮੇਅਰ ਦੀ ਕੁਰਸੀ ਹਾਸਲ ਕਰਨ ਲਈ ਚੋਣ ਲੜ ਰਹੀ ਹੈ। ਉਨ੍ਹਾਂ ਦੀ ਮੁਹਿੰਮ ਵਿੱਚ ਪੁਲਿਸ ਅਤੇ ਫਾਇਰ ਸੇਵਾਵਾਂ ਵਿੱਚ ਨਿਵੇਸ਼, ਟੈਕਸਾਂ ਨੂੰ ਕਾਬੂ ਵਿੱਚ ਰੱਖਣ, ਬੁਨਿਆਦੀ ਢਾਂਚੇ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਵਰਗੇ ਮੁੱਦੇ ਪ੍ਰਮੁੱਖ ਹਨ। ਦੂਜੇ ਪਾਸੇ ਸਰੀ ਸਿਟੀ ਕੌਂਸਲ ਦੀ ਸਾਬਕਾ ਮੈਂਬਰ ਲਿੰਡਾ ਐਨਿਸ ਵੀ ਮੇਅਰ ਦੀ ਦੌੜ ਵਿੱਚ ਮਜ਼ਬੂਤ ਉਮੀਦਵਾਰ ਵਜੋਂ ਸਾਹਮਣੇ ਆਈ ਹੈ। ਐਨਿਸ ਸੁਰੱਖਿਆ, ਵਿੱਤੀ ਪਾਰਦਰਸ਼ਤਾ ਅਤੇ ਸਿਟੀ ਦੇ ਵੱਡੇ ਪ੍ਰਾਜੈਕਟਾਂ ਉੱਤੇ ਖਰਚਿਆਂ ਦੀ ਸਮੀਖਿਆ ਨੂੰ ਆਪਣੀ ਮੁਹਿੰਮ ਦਾ ਅਹਿਮ ਹਿੱਸਾ ਬਣਾ ਰਹੀ ਹੈ। ਸਾਬਕਾ ਮੇਅਰ ਡੱਗ ਮੈਕਕਲਮ ਵੀ ਇਸ ਚੋਣ ਰਾਹੀਂ ਸਰੀ ਦੀ ਸਿਆਸਤ ਵਿੱਚ ਵਾਪਸੀ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦੇ ਚੋਣ ਵਾਅਦਿਆਂ ਵਿੱਚ ਕਿੰਗ ਜੌਰਜ ਬੁਲੇਵਾਰਡ ਤੋਂ ਨਿਊਟਨ ਤੱਕ ਸਕਾਈਟ੍ਰੇਨ ਦਾ ਵਿਸਥਾਰ, ਚਾਰ ਸਾਲਾਂ ਲਈ ਜਾਇਦਾਦ ਟੈਕਸ ਵਿੱਚ ਜ਼ੀਰੋ ਪ੍ਰਤੀਸ਼ਤ ਵਾਧਾ, ਅਪਰਾਧ ਅਤੇ ਐਕਸਟੌਰਸ਼ਨ ਵਿਰੁੱਧ ਸਖ਼ਤ ਕਾਰਵਾਈ ਅਤੇ ਸਰੀ ਪੁਲਿਸ ਦੀ ਹੈਲੀਕਾਪਟਰ ਤੇ ਡਰੋਨ ਸਮਰੱਥਾ ਵਧਾਉਣ ਵਰਗੇ ਮੁੱਦੇ ਸ਼ਾਮਲ ਹਨ।

ਕੰਜ਼ਰਵੇਟਿਵ ਉਮੀਦਵਾਰ ਹੋਨਵੀਰ ਸਿੰਘ ਰੰਧਾਵਾ ਨੇ ਵੀ ਮੇਅਰ ਦੀ ਦੌੜ ਨੂੰ ਤਿੱਖਾ ਕਰ ਦਿੱਤਾ ਹੈ। ਸਰੀ ਵਿੱਚ ਬਚਪਨ ਤੋਂ ਰਹਿ ਰਹੇ ਰੰਧਾਵਾ ਪੇਸ਼ੇ ਵਜੋਂ ਵਕੀਲ ਹਨ ਅਤੇ ਆਪਣੀ ਮੁਹਿੰਮ ਵਿੱਚ ਸੁਰੱਖਿਅਤ ਸੜਕਾਂ, ਘੱਟ ਟੈਕਸਾਂ ਅਤੇ ਜਵਾਬਦੇਹ ਪ੍ਰਸ਼ਾਸਨ ਦੀ ਗੱਲ ਕਰ ਰਹੇ ਹਨ। ਸਾਬਕਾ ਸਰੀ ਫਾਇਰ ਸਰਵਿਸ ਅਧਿਕਾਰੀ, ਸਾਬਕਾ ਕੌਂਸਲਰ ਅਤੇ ਸਾਬਕਾ ਐਮ.ਐਲ.ਏ. ਮਾਈਕ ਸਟਾਰਚੁਕ ਵੀ ਮੇਅਰ ਦੇ ਅਹੁਦੇ ਲਈ ਚੋਣ ਲੜ ਰਹੇ ਹਨ। ਉਹ ਸਰੀ ਨੂੰ ਵਧੇਰੇ ਸੁਰੱਖਿਅਤ, ਤੇਜ਼ ਆਵਾਜਾਈ ਵਾਲਾ, ਘੱਟ ਭੀੜ-ਭੜੱਕੇ ਵਾਲਾ ਅਤੇ ਕਿਫਾਇਤੀ ਸ਼ਹਿਰ ਬਣਾਉਣ ਨੂੰ ਆਪਣੀ ਮੁਹਿੰਮ ਦਾ ਕੇਂਦਰ ਦੱਸ ਰਹੇ ਹਨ।

ਕਾਰੋਬਾਰੀ ਅਤੇ ਬਿਲਡਰ ਟਰੌਇ ਵੈਨ-ਵਲੀਟ ਵੀ ਮੇਅਰ ਦੀ ਚੋਣ ਵਿੱਚ ਮੈਦਾਨ ਵਿੱਚ ਹਨ। ਉਨ੍ਹਾਂ ਦੀ ਮੁਹਿੰਮ ਵਿੱਚ ਸੁਰੱਖਿਆ, ਰਿਹਾਇਸ਼, ਪਰਿਵਾਰਾਂ ਲਈ ਸਹੂਲਤਾਂ, ਕਾਰੋਬਾਰ-ਪੱਖੀ ਨੀਤੀਆਂ ਅਤੇ ਸ਼ਹਿਰ ਦੇ ਵਿਕਾਸ ਲਈ ਯੋਜਨਾਬੱਧ ਪਹੁੰਚ ਵਰਗੇ ਮੁੱਦੇ ਉਭਾਰੇ ਜਾ ਰਹੇ ਹਨ।

ਇਸ ਵਾਰ ਦੀ ਚੋਣ ਵਿੱਚ ਸਭ ਤੋਂ ਵੱਡਾ ਮੁੱਦਾ ਸਰੀ ਵਾਸੀਆਂ ਲਈ ਸੁਰੱਖਿਆ ਦਾ ਬਣਿਆ ਹੋਇਆ ਹੈ। ਐਕਸਟੌਰਸ਼ਨ, ਗੈਂਗ ਹਿੰਸਾ, ਨਸ਼ਿਆਂ ਨਾਲ ਜੁੜੀ ਅਪਰਾਧਿਕ ਸਰਗਰਮੀ ਅਤੇ ਸਰੀ ਪੁਲਿਸ ਸਰਵਿਸ ਦੀ ਭੂਮਿਕਾ ਬਾਰੇ ਵੱਖ-ਵੱਖ ਉਮੀਦਵਾਰ ਆਪੋ-ਆਪਣੇ ਹੱਲ ਪੇਸ਼ ਕਰ ਰਹੇ ਹਨ। ਇਸ ਦੇ ਨਾਲ ਹੀ ਜਾਇਦਾਦ ਟੈਕਸ, ਘਰਾਂ ਦੀ ਵਧਦੀ ਕੀਮਤ, ਰਿਹਾਇਸ਼ ਦੀ ਘਾਟ, ਟ੍ਰੈਫਿਕ ਦੀ ਸਮੱਸਿਆ, ਸਕਾਈਟ੍ਰੇਨ ਦਾ ਵਿਸਥਾਰ ਅਤੇ ਸੜਕਾਂ ਤੇ ਹੋਰ ਬੁਨਿਆਦੀ ਢਾਂਚੇ ਦਾ ਵਿਕਾਸ ਵੀ ਚੋਣ ਦੇ ਕੇਂਦਰੀ ਮੁੱਦੇ ਬਣੇ ਹੋਏ ਹਨ।

ਸਰੀ ਵਿੱਚ ਚੱਲ ਰਹੇ ਵੱਡੇ ਵਿਕਾਸ ਪ੍ਰਾਜੈਕਟ ਅਤੇ ਸਿਟੀ ਦੇ ਖਰਚੇ ਵੀ ਚੋਣ ਮੁਹਿੰਮ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਉਮੀਦਵਾਰਾਂ ਵਿੱਚ ਇਸ ਗੱਲ ਨੂੰ ਲੈ ਕੇ ਵੱਖ-ਵੱਖ ਵਿਚਾਰ ਹਨ ਕਿ ਸ਼ਹਿਰ ਨੂੰ ਵੱਡੇ ਪ੍ਰਾਜੈਕਟਾਂ ਉੱਤੇ ਕਿੰਨਾ ਖਰਚ ਕਰਨਾ ਚਾਹੀਦਾ ਹੈ ਅਤੇ ਇਸ ਦਾ ਬੋਝ ਟੈਕਸਦਾਤਿਆਂ ਉੱਤੇ ਕਿੰਨਾ ਪੈਣਾ ਚਾਹੀਦਾ ਹੈ। ਸ਼ਹਿਰ ਵੱਲੋਂ ਸਿਟੀ ਸੈਂਟਰ ਵਿੱਚ 10,000 ਸੀਟਾਂ ਵਾਲੇ ਅਰੇਨਾ ਅਤੇ ਐਂਟਰਟੇਨਮੈਂਟ ਡਿਸਟ੍ਰਿਕਟ ਦੀ ਯੋਜਨਾ ਵੀ ਚੋਣ ਬਹਿਸ ਦਾ ਇੱਕ ਅਹਿਮ ਹਿੱਸਾ ਬਣੀ ਹੋਈ ਹੈ।

ਕੌਂਸਲ ਦੀਆਂ ਅੱਠ ਸੀਟਾਂ ਲਈ ਮੁਕਾਬਲਾ ਵੀ ਕਾਫ਼ੀ ਦਿਲਚਸਪ ਹੈ। ਸਿਟੀ ਆਫ਼ ਸਰੀ ਦੀ ਮੌਜੂਦਾ ਅਧਿਕਾਰਤ ਸੂਚੀ ਵਿੱਚ 65 ਕੌਂਸਲਰ ਉਮੀਦਵਾਰ ਦਰਜ ਹਨ। ਇਨ੍ਹਾਂ ਵਿੱਚ ਇੰਤਖਾਬ ਅਹਿਮਦ, ਯੂਸਫ਼ ਅਲਦਾਬੈਨਾ-ਬਰਾਕਤ, ਲੀਸਾ ਡਾਨ ਐਲੈਕਸਿਸ, ਡੈਬਰਾ ਐਂਟੀਫੇਵ, ਹੈਰੀ ਬੈਂਸ, ਰਿੱਕੀ ਬਾਜਵਾ, ਗੇਲ ਬੇਜ਼ਡੇਸ, ਮਾਈਕ ਬੋਸ, ਜੈਨੇਟ ਬਰਾਊਨ, ਫਿਲਿਪ ਕਾਰਲੈੱਸ, ਡੈਨ ਬੀ. ਕਾਰਲੋਸ, ਚੰਦਨ ਚਾਹਲ, ਲੀਅਨਾ ਚੈਟਵਿਨ, ਬਿਲਾਲ ਚੀਮਾ, ਪਰਮਿੰਦਰ ਚੋਹਾਨ, ਚੇਨੀ ਕਲੋਕ, ਆਇਜ਼ਕ ਡੈਨੀਅਲ, ਇਆਨ ਡੀ ਹੂਗ, ਨਰੀਮਾ ਡੇਲਾ ਕਰੂਜ਼, ਓਲਿਵਰ ਡਿਕਸਨ, ਮੈਸੀਆ ਡਿਟਸ਼ਿੰਬਾ, ਮਾਈਕਲ ਡਨ, ਡੱਗ ਐਲਫੋਰਡ, ਮੀਰਾ ਗਿੱਲ, ਰਾਹੁਲ ਗਿੱਲ, ਸੁਹਾਨਾ ਗਿੱਲ, ਜਸਰੂਪ ਗੋਸਲ, ਲੌਰੀ ਗੁਏਰਾ, ਅਸ਼ਿਆਨਾ ਹਨੀਫ਼, ਗੌਰਡ ਹੈਪਨਰ, ਕ੍ਰਿਸਟੋਫਰ ਆਰ. ਹੌਫਮੈਨ, ਮੇਹਨਾਜ਼ ਜਾਵੇਦ, ਜੈਸੀ ਜੌਹਲ, ਐਮਿਲੀ ਕੈਨੇਡੀ, ਯੂਸਫ਼ ਖੱਟਾਬ, ਬਰੈਡ ਕੀਲਮੈਨ, ਪਰਦੀਪ ਕੂਨਰ, ਵੇਰਾ ਲੈਫਰਾਂਕ, ਵਿਲੀਅਮ ਲੀ, ਮਾਰਗਰੇਟ ਮੁਬਾਂਡਾ, ਮਨਦੀਪ ਸਿੰਘ ਨਾਗਰਾ, ਗਗਨ ਨਾਹਲ, ਐਲਿਸਨ ਪੈਟਨ, ਐਨਰਿਕ ਪੌਂਸ ਡੀ ਲਿਓਨ, ਕੋਰਡਲ ਪੁਲਰ, ਜਿਮੀ ਰੀਕੋ, ਟੌਮ ਸੈਡ, ਮਨੂ ਸ਼ਰਮਾ, ਬਿਊ ਸਿੰਪਸਨ, ਮੈਥਿਊ ਜੇ. ਸਮੈਡ, ਵਰਨਰ ਸਪੈਂਗਲ, ਕਲਿੰਟ ਸਟੀਵਰਟ, ਰੌਬ ਸਟੱਟ, ਰੋਨਾ ਟੈਪਰ, ਮਿਗੁਏਲ ਟਿੰਗ, ਲਿਲੀ ਤਸੀ, ਵਿਕ ਉੱਪਲ, ਕੈਲਵਿਨ ਵੈਂਡਰਪਲੋਇਗ, ਸ਼ੀਨਾ ਵਰਮਾਨੀ, ਨੋਏਮੀ ਵਿਕਟੋਰੀਨੋ, ਕੇਵਿਨ ਵਿਲਕੀ, ਮਿਲਾ ਵੋਂਗ-ਕਬੁਸ਼, ਡੋਨਾ ਵੂ, ਜੇਮਜ਼ ਯੂ ਅਤੇ ਸਲਮਾਨ ਜ਼ਫ਼ਰ ਸ਼ਾਮਲ ਹਨ। ਕੌਂਸਲ ਦੀ ਇਸ ਦੌੜ ਵਿੱਚ ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਨਾਲ ਜੁੜੇ ਕਈ ਜਾਣੇ-ਪਛਾਣੇ ਨਾਮ ਵੀ ਨਜ਼ਰ ਆ ਰਹੇ ਹਨ। ਹੈਰੀ ਬੈਂਸ, ਰਿੱਕੀ ਬਾਜਵਾ, ਬਿਲਾਲ ਚੀਮਾ, ਪਰਮਿੰਦਰ ਚੋਹਾਨ, ਜਸਰੂਪ ਗੋਸਲ, ਮਨਦੀਪ ਸਿੰਘ ਨਾਗਰਾ, ਗਗਨ ਨਾਹਲ, ਪਰਦੀਪ ਕੂਨਰ, ਮੀਰਾ ਗਿੱਲ, ਰਾਹੁਲ ਗਿੱਲ, ਸੁਹਾਨਾ ਗਿੱਲ, ਅਸ਼ਿਆਨਾ ਹਨੀਫ਼ ਅਤੇ ਸ਼ੀਨਾ ਵਰਮਾਨੀ ਸਮੇਤ ਕਈ ਉਮੀਦਵਾਰ ਵੱਖ-ਵੱਖ ਭਾਈਚਾਰਕ ਅਤੇ ਜਨਤਕ ਸਰਗਰਮੀਆਂ ਕਾਰਨ ਵੀ ਚਰਚਾ ਵਿੱਚ ਹਨ।

ਸਕੂਲ ਟਰੱਸਟੀ ਦੀਆਂ ਛੇ ਸੀਟਾਂ ਲਈ ਵੀ 25 ਉਮੀਦਵਾਰ ਮੈਦਾਨ ਵਿੱਚ ਹਨ। ਇਨ੍ਹਾਂ ਵਿੱਚ ਟੈਰੀ ਐਲਨ, ਜੌਨ ਬੈਨੋਵਿਚ, ਹਰਜੀਤ ਭੁੱਲਰ, ਅਮਰਿਤ ਬਿਰਿੰਗ, ਮਿਸ਼ੈਲ ਸੇਨੀਜ਼ਾ, ਗੁਰਲੀਨ ਕੇ. ਚਾਹਲ, ਨੂਰ ਚੀਮਾ, ਰੋਹਿਤ ਡੀ’ਸਿਲਵਾ, ਤਾਤਿਆਨਾ ਡਾ ਸਿਲਵਾ, ਵੈਨੈੱਸਾ ਗਿਲੇਰਾ, ਗੈਰੀ ਬੀ. ਹੀ, ਬੌਬ ਹੋਮਜ਼, ਕਾਇਲ ਜੋਨਜ਼, ਸੁਸ਼ਾ ਕੈਸਿਡੀ ਜੋਨਜ਼, ਵਿਕ ਕਰਨ, ਮੀਨਾ ਕੋਚਰ, ਲੌਰੀ ਲਾਰਸਨ, ਗੁਲਾਮ ਮੁਜਤਬਾ, ਅਫਜ਼ਲੁਰ ਰਹਿਮਾਨ, ਗੈਰੀ ਥਿੰਦ, ਵਿਨਸੈਂਟ ਟਾਈਘ, ਗੈਰੀ ਟਾਇਮੋਸ਼ੁਕ, ਵੈਨਸਨ ਵਾਂਗ, ਐਨ ਵਿਟਮੋਰ ਅਤੇ ਸ਼ੌਨ ਵਿਲਸਨ ਸ਼ਾਮਲ ਹਨ। ਸਕੂਲ ਟਰੱਸਟੀਆਂ ਦੀ ਚੋਣ ਵੀ ਸਰੀ ਦੇ ਪਰਿਵਾਰਾਂ ਲਈ ਬਹੁਤ ਮਹੱਤਵਪੂਰਨ ਹੈ, ਕਿਉਂਕਿ ਚੁਣੇ ਜਾਣ ਵਾਲੇ ਟਰੱਸਟੀ ਸਕੂਲ ਡਿਸਟ੍ਰਿਕਟ ਦੀਆਂ ਨੀਤੀਆਂ, ਬਜਟ, ਵਿਦਿਅਕ ਤਰਜੀਹਾਂ ਅਤੇ ਵਧ ਰਹੀ ਵਿਦਿਆਰਥੀ ਗਿਣਤੀ ਨਾਲ ਸਬੰਧਤ ਫ਼ੈਸਲਿਆਂ ਵਿੱਚ ਭੂਮਿਕਾ ਨਿਭਾਉਣਗੇ।

ਸਰੀ ਦੀ ਤੇਜ਼ੀ ਨਾਲ ਵਧ ਰਹੀ ਆਬਾਦੀ ਕਾਰਨ ਸਕੂਲਾਂ ਵਿੱਚ ਥਾਂ, ਨਵੀਆਂ ਸਕੂਲ ਇਮਾਰਤਾਂ, ਵਿਦਿਆਰਥੀਆਂ ਦੀ ਸੁਰੱਖਿਆ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਹੂਲਤਾਂ ਅਤੇ ਸਿੱਖਿਆ ਲਈ ਵਧੇਰੇ ਸਰੋਤ ਵੀ ਚੋਣ ਦੇ ਮਹੱਤਵਪੂਰਨ ਮੁੱਦੇ ਹਨ। ਇਸ ਵਾਰ ਦੀ ਚੋਣ ਵਿੱਚ ਪੰਜਾਬੀ ਭਾਈਚਾਰੇ ਦੀ ਦਿਲਚਸਪੀ ਵੀ ਵਿਸ਼ੇਸ਼ ਤੌਰ ’ਤੇ ਦੇਖਣ ਨੂੰ ਮਿਲ ਰਹੀ ਹੈ। ਸਰੀ ਦੀ ਬਹੁ-ਸੱਭਿਆਚਾਰਕ ਬਣਤਰ ਵਿੱਚ ਪੰਜਾਬੀ ਭਾਈਚਾਰਾ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਕਈ ਉਮੀਦਵਾਰਾਂ ਦਾ ਧਿਆਨ ਪਰਿਵਾਰਾਂ ਦੀ ਸੁਰੱਖਿਆ, ਕਾਰੋਬਾਰਾਂ ਲਈ ਸੁਖਾਵਾਂ ਮਾਹੌਲ, ਨੌਜਵਾਨਾਂ ਲਈ ਸਹੂਲਤਾਂ, ਆਵਾਜਾਈ, ਰਿਹਾਇਸ਼ ਅਤੇ ਕਮਿਊਨਿਟੀ ਸੇਵਾਵਾਂ ਵੱਲ ਹੈ।

ਚੋਣ ਲਈ ਨਾਮਜ਼ਦਗੀ ਦੀ ਮਿਆਦ 11 ਸਤੰਬਰ ਨੂੰ ਖ਼ਤਮ ਹੋ ਚੁੱਕੀ ਹੈ ਅਤੇ ਹੁਣ ਉਮੀਦਵਾਰਾਂ ਕੋਲ ਆਪਣੀਆਂ ਨੀਤੀਆਂ ਅਤੇ ਚੋਣ ਵਾਅਦੇ ਵੋਟਰਾਂ ਤੱਕ ਪਹੁੰਚਾਉਣ ਲਈ ਸੀਮਤ ਸਮਾਂ ਬਚਿਆ ਹੈ। ਸਿਟੀ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਐਡਵਾਂਸ ਵੋਟਿੰਗ 7, 10, 14 ਅਤੇ 15 ਅਕਤੂਬਰ ਨੂੰ ਹੋਵੇਗੀ, ਜਦਕਿ ਆਮ ਵੋਟਿੰਗ 17 ਅਕਤੂਬਰ ਨੂੰ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਹੋਵੇਗੀ। ਇਸ ਵਾਰ ਸਰੀ ਵਿੱਚ 52 ਵੋਟਿੰਗ ਥਾਵਾਂ ਬਣਾਈਆਂ ਜਾਣਗੀਆਂ।

ਹੁਣ ਜਦੋਂ ਚੋਣ ਮੁਹਿੰਮ ਆਪਣੇ ਅੰਤਿਮ ਪੜਾਅ ਵੱਲ ਵਧ ਰਹੀ ਹੈ, ਸਰੀ ਦੇ ਵੋਟਰਾਂ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਉਹ ਸ਼ਹਿਰ ਦੀ ਅਗਵਾਈ ਕਿਸ ਤਰ੍ਹਾਂ ਦੀ ਟੀਮ ਦੇ ਹੱਥਾਂ ਵਿੱਚ ਦੇਣਾ ਚਾਹੁੰਦੇ ਹਨ। ਸੁਰੱਖਿਆ, ਟੈਕਸ, ਟ੍ਰੈਫਿਕ, ਸਕਾਈਟ੍ਰੇਨ, ਰਿਹਾਇਸ਼, ਬੁਨਿਆਦੀ ਢਾਂਚਾ, ਵੱਡੇ ਵਿਕਾਸ ਪ੍ਰਾਜੈਕਟ ਅਤੇ ਸਕੂਲਾਂ ਦੀਆਂ ਲੋੜਾਂ, ਇਹ ਸਾਰੇ ਮੁੱਦੇ ਆਉਣ ਵਾਲੇ ਦਿਨਾਂ ਵਿੱਚ ਚੋਣ ਬਹਿਸ ਦੇ ਕੇਂਦਰ ਵਿੱਚ ਰਹਿਣ ਦੀ ਸੰਭਾਵਨਾ ਹੈ। ਆਖ਼ਰੀ ਫ਼ੈਸਲਾ 17 ਅਕਤੂਬਰ ਨੂੰ ਸਰੀ ਦੇ ਵੋਟਰਾਂ ਦੇ ਹੱਥ ਹੋਵੇਗਾ।

# ਕੌਂਸਲਰ ਉਮੀਦਵਾਰ ਗਗਨ ਨਾਹਲ ਨੇ ਵੋਟਰਾਂ ਨਾਲ ਕੀਤੀ ਗੱਲਬਾਤ, ਸਰੀ ਦੀਆਂ ਨੀਤੀਆਂ ਅਤੇ ਭਾਈਚਾਰੇ ਦੀਆਂ ਤਰਜੀਹਾਂ ਬਾਰੇ ਕੀਤੀ ਚਰਚਾ

## ਸਰੀ ਫਸਟ ਸਲੇਟ ਵੱਲੋਂ ਸੀਨੀਅਰ ਨਾਗਰਿਕਾਂ ਨਾਲ ਮੁਲਾਕਾਤ







**ਸਰੀ, ਬੀ.ਸੀ. (ਮਹੇਸ਼ਇੰਦਰ ਸਿੰਘ ਮਾਂਗਟ)** ਸਰੀ ਸਿਟੀ ਦੀਆਂ 17 ਅਕਤੂਬਰ 2026 ਨੂੰ ਹੋਣ ਜਾ ਰਹੀਆਂ ਚੋਣਾਂ ਨੂੰ ਲੈ ਕੇ ਵੱਖ-ਵੱਖ ਸਿਆਸੀ ਸਲੇਟਾਂ ਵੱਲੋਂ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਗਿਆ ਹੈ। ਇਸੇ ਤਹਿਤ ਸਰੀ ਫਸਟ 2026 ਸਲੇਟ ਵੱਲੋਂ ਸਰੀ ਦੇ ਭਾਈਚਾਰੇ ਦੇ ਮੈਂਬਰਾਂ ਅਤੇ ਸੀਨੀਅਰ ਨਾਗਰਿਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਤਰਜੀਹਾਂ ਅਤੇ ਸਮੱਸਿਆਵਾਂ ਬਾਰੇ ਜਾਣਕਾਰੀ ਹਾਸਲ ਕੀਤੀ ਗਈ।

ਸਰੀ ਫਸਟ ਸਲੇਟ ਵਿੱਚ ਲਿੰਡਾ ਐਨਿਸ ਮੇਅਰ ਦੀ ਉਮੀਦਵਾਰ ਵਜੋਂ ਚੋਣ ਮੈਦਾਨ ਵਿੱਚ ਹਨ, ਜਦਕਿ ਸਲੇਟ ਦੇ ਕੌਂਸਲਰ ਉਮੀਦਵਾਰ ਗਗਨ ਨਾਹਲ ਵੱਲੋਂ ਵੀ ਸਰੀ ਵਾਸੀਆਂ ਅਤੇ ਵੋਟਰਾਂ ਨਾਲ ਸਿੱਧਾ ਸੰਪਰਕ ਕਰਕੇ ਉਨ੍ਹਾਂ ਨੂੰ ਸਰੀ ਸਿਟੀ ਨਾਲ ਸਬੰਧਤ ਨੀਤੀਆਂ ਅਤੇ ਸਲੇਟ ਦੇ ਚੋਣ ਏਜੰਡੇ ਬਾਰੇ ਜਾਣੂ ਕਰਵਾਇਆ ਗਿਆ।

ਇਸ ਮੌਕੇ ਸੀਨੀਅਰ ਨਾਗਰਿਕਾਂ ਨਾਲ ਗੱਲਬਾਤ ਦੌਰਾਨ ਪਹੁੰਚਯੋਗ ਕਮਿਊਨਿਟੀ ਸੇਵਾਵਾਂ, ਜਨਤਕ ਸੁਰੱਖਿਆ, ਗੁਆਂਢੀ ਪੱਧਰ ਦੇ ਸਰਗਰਮ ਪ੍ਰੋਗਰਾਮਾਂ ਅਤੇ ਹਰ ਉਮਰ ਵਰਗ ਲਈ ਬਿਹਤਰ ਸਹੂਲਤਾਂ ਵਰਗੇ ਮੁੱਦਿਆਂ ‘ਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਗਗਨ ਨਾਹਲ ਨੇ ਕਿਹਾ ਕਿ ਚੋਣ ਮੁਹਿੰਮ ਦਾ ਮਕਸਦ ਸਿਰਫ਼ ਵੋਟਰਾਂ ਤੱਕ ਆਪਣਾ ਸੰਦੇਸ਼ ਪਹੁੰਚਾਉਣਾ ਹੀ ਨਹੀਂ, ਸਗੋਂ ਲੋਕਾਂ ਦੀਆਂ ਗੱਲਾਂ ਨੂੰ ਸਿੱਧੇ ਤੌਰ ‘ਤੇ ਸੁਣਨਾ ਅਤੇ ਉਨ੍ਹਾਂ ਦੀਆਂ ਤਰਜੀਹਾਂ ਨੂੰ ਸਮਝਣਾ ਵੀ ਹੈ। ਉਨ੍ਹਾਂ ਕਿਹਾ ਕਿ ਸੀਨੀਅਰ ਨਾਗਰਿਕ ਸਰੀ ਦੇ ਭਾਈਚਾਰੇ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦੇ ਤਜਰਬੇ ਤੇ ਸੁਝਾਅ ਸ਼ਹਿਰ ਦੀਆਂ ਭਵਿੱਖੀ ਨੀਤੀਆਂ ਲਈ ਮਹੱਤਵਪੂਰਨ ਹਨ। ਸਰੀ ਫਸਟ ਵੱਲੋਂ ਭਾਈਚਾਰੇ ਦੇ ਮੈਂਬਰਾਂ ਦਾ ਉਨ੍ਹਾਂ ਵੱਲੋਂ ਸਾਂਝੇ ਕੀਤੇ ਕੀਮਤੀ ਵਿਚਾਰਾਂ ਅਤੇ ਸੁਝਾਵਾਂ ਲਈ ਧੰਨਵਾਦ ਕੀਤਾ ਗਿਆ। ਸਲੇਟ ਵੱਲੋਂ ਇੱਕ ਮਜ਼ਬੂਤ, ਸੁਰੱਖਿਅਤ ਅਤੇ ਹਰ ਪੀੜ੍ਹੀ ਲਈ ਸਮਾਵੇਸ਼ੀ ਸਰੀ ਬਣਾਉਣ ਦਾ ਸੰਕਲਪ ਪ੍ਰਗਟਾਇਆ ਗਿਆ।

# ਨਿਊਟਨ ’ਚ 310.6 ਮਿਲੀਅਨ ਡਾਲਰ ਦੇ ਨਵੇਂ ਕਮਿਊਨਿਟੀ ਸੈਂਟਰ ਦੀ ਉਸਾਰੀ ਸ਼ੁਰੂ

## 175,000 ਵਰਗ ਫੁੱਟ ਦੇ ਕੇਂਦਰ ’ਚ ਹੋਵੇਗੀ ਲਾਇਬ੍ਰੇਰੀ, ਸਵੀਮਿੰਗ ਪੂਲ, ਜਿਮਨੇਜ਼ੀਅਮ, ਫਿਟਨੈੱਸ ਸੈਂਟਰ ਤੇ ਹੋਰ ਸਹੂਲਤਾਂ; 2030 ’ਚ ਖੁੱਲ੍ਹਣ ਦੀ ਉਮੀਦ






**ਸਰੀ, ਬੀ.ਸੀ. (ਪ੍ਰਭਜੋਤ ਕਾਹਲੋਂ)** ਸਰੀ ਦੇ ਨਿਊਟਨ ਇਲਾਕੇ ਵਿੱਚ ਨਵੇਂ ਕਮਿਊਨਿਟੀ ਸੈਂਟਰ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਗਿਆ ਹੈ। 310.6 ਮਿਲੀਅਨ ਡਾਲਰ ਦੀ ਲਾਗਤ ਵਾਲਾ ਇਹ ਪ੍ਰੋਜੈਕਟ ਸਰੀ ਸਿਟੀ ਦੇ ਇਤਿਹਾਸ ਵਿੱਚ ਕੀਤੇ ਜਾ ਰਹੇ ਵੱਡੇ ਪੂੰਜੀ ਨਿਵੇਸ਼ਾਂ ਵਿੱਚ ਸ਼ਾਮਲ ਹੈ। ਸਾਈਟ ’ਤੇ ਉਸਾਰੀ ਨਾਲ ਸਬੰਧਤ ਮੁੱਢਲਾ ਕੰਮ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ।

ਇਸ ਸਮੇਂ ਉਸਾਰੀ ਟੀਮਾਂ ਵੱਲੋਂ ਪਹਿਲਾਂ ਬੰਦ ਕੀਤੇ ਜਾ ਚੁੱਕੇ ਬੁਨਿਆਦੀ ਢਾਂਚੇ ਨੂੰ ਹਟਾਉਣ, ਜ਼ਮੀਨ ਨੂੰ ਸਮਤਲ ਕਰਨ ਅਤੇ ਹੋਰ ਭੂ-ਤਕਨੀਕੀ ਜਾਂਚਾਂ ਦਾ ਕੰਮ ਕੀਤਾ ਜਾ ਰਿਹਾ ਹੈ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਨਵਾਂ ਕਮਿਊਨਿਟੀ ਸੈਂਟਰ ਨਿਊਟਨ ਲਈ ਇੱਕ ਵੱਡਾ ਬਦਲਾਅ ਲਿਆਵੇਗਾ। ਉਨ੍ਹਾਂ ਕਿਹਾ ਕਿ ਸਰੀ ਦੇ ਸਭ ਤੋਂ ਵੱਡੇ ਟਾਊਨ ਸੈਂਟਰ ਵਜੋਂ ਨਿਊਟਨ ਨੂੰ ਅਜਿਹੇ ਕਮਿਊਨਿਟੀ ਹੱਬ ਦੀ ਲੋੜ ਹੈ, ਜੋ ਇਲਾਕੇ ਦੇ ਆਕਾਰ, ਵਿਭਿੰਨਤਾ ਅਤੇ ਭਵਿੱਖੀ ਸਮਰੱਥਾ ਦੇ ਅਨੁਕੂਲ ਹੋਵੇ।

ਉਨ੍ਹਾਂ ਕਿਹਾ ਕਿ ਮਨੋਰੰਜਨ, ਸੱਭਿਆਚਾਰ ਅਤੇ ਲਾਇਬ੍ਰੇਰੀ ਸੇਵਾਵਾਂ ਨੂੰ ਇੱਕੋ ਛੱਤ ਹੇਠ ਲਿਆਉਣ ਨਾਲ ਨਿਵਾਸੀਆਂ ਲਈ ਮਿਲਣ-ਜੁਲਣ, ਸਿਹਤਮੰਦ ਜੀਵਨਸ਼ੈਲੀ ਅਤੇ ਕਮਿਊਨਿਟੀ ਨਾਲ ਜੁੜਨ ਲਈ ਨਵੀਆਂ ਸਹੂਲਤਾਂ ਉਪਲਬਧ ਹੋਣਗੀਆਂ।

ਕਿਹੜੀਆਂ ਹੋਣਗੀਆਂ ਸਹੂਲਤਾਂ?

ਮੁਕੰਮਲ ਹੋਣ ਤੋਂ ਬਾਅਦ ਲਗਭਗ 175,000 ਵਰਗ ਫੁੱਟ ਵਿੱਚ ਬਣਨ ਵਾਲੇ ਇਸ ਕਮਿਊਨਿਟੀ ਸੈਂਟਰ ਵਿੱਚ ਕਈ ਤਰ੍ਹਾਂ ਦੀਆਂ ਸਹੂਲਤਾਂ ਹੋਣਗੀਆਂ। ਇਨ੍ਹਾਂ ਵਿੱਚ 50 ਮੀਟਰ ਲੰਬਾ ਤੈਰਾਕੀ ਪੂਲ,ਮਨੋਰੰਜਨ ਪੂਲ, ਗਰਮ ਪਾਣੀ ਦਾ ਟੱਬ ਅਤੇ ਸੌਨਾ, ਦੋ ਜਿਮਨੇਜ਼ੀਅਮ, ਫਿਟਨੈੱਸ ਸੈਂਟਰ,ਬਹੁ-ਉਦੇਸ਼ੀ ਸਥਾਨ, ਕਲਾ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਥਾਵਾਂ, ਬੱਚਿਆਂ ਦੀ ਦੇਖਭਾਲ ਲਈ ਸਹੂਲਤਾਂ, 40,000 ਵਰਗ ਫੁੱਟ ਦੀ ਨਵੀਂ ਲਾਇਬ੍ਰੇਰੀ ਸ਼ਾਮਲ ਹੋਣਗੇ। ਨਵੀਂ ਲਾਇਬ੍ਰੇਰੀ ਮੌਜੂਦਾ ਨਿਊਟਨ ਬ੍ਰਾਂਚ ਦੇ ਮੁਕਾਬਲੇ ਦੁੱਗਣੇ ਤੋਂ ਵੀ ਵੱਧ ਆਕਾਰ ਦੀ ਹੋਵੇਗੀ।

ਕਮਿਊਨਿਟੀ ਸੈਂਟਰ ਦੀ ਉਸਾਰੀ ਨਵੀਂ ਨਿਊਟਨ ਕਮਿਊਨਿਟੀ ਸੈਂਟਰ ਰੋਡ ਦੇ ਮੁਕੰਮਲ ਹੋਣ ਤੋਂ ਬਾਅਦ ਸ਼ੁਰੂ ਹੋਈ ਹੈ। ਇਹ ਸੜਕ ਕਿੰਗ ਜੌਰਜ ਬੁਲੇਵਾਰਡ ਤੋਂ ਆਉਣ ਵਾਲੇ ਪੈਦਲ ਯਾਤਰੀਆਂ, ਸਾਈਕਲ ਸਵਾਰਾਂ ਅਤੇ ਵਾਹਨ ਚਾਲਕਾਂ ਨੂੰ ਭਵਿੱਖ ਦੇ ਕਮਿਊਨਿਟੀ ਸੈਂਟਰ ਤੱਕ ਸਿੱਧਾ ਰਸਤਾ ਪ੍ਰਦਾਨ ਕਰੇਗੀ। ਸੜਕ ਨੂੰ ਆਉਣ ਵਾਲੇ ਹਫ਼ਤਿਆਂ ਵਿੱਚ ਆਮ ਆਵਾਜਾਈ ਲਈ ਖੋਲ੍ਹੇ ਜਾਣ ਦੀ ਉਮੀਦ ਹੈ।

ਕਿੰਗ ਜੌਰਜ ਬੁਲੇਵਾਰਡ ਦੇ ਪੂਰਬੀ ਪਾਸੇ, ਨਿਊਟਨ ਸੀਨੀਅਰਜ਼ ਸੈਂਟਰ ਦੇ ਨਾਲ ਬਣਾਇਆ ਜਾ ਰਿਹਾ ਇਹ ਪ੍ਰੋਜੈਕਟ ਨਿਊਟਨ ਟਾਊਨ ਸੈਂਟਰ ਨੂੰ ਮੁੜ ਸੁਰਜੀਤ ਕਰਨ ਲਈ ਸਰੀ ਸਿਟੀ ਦੀ ਲੰਬੇ ਸਮੇਂ ਦੀ ਯੋਜਨਾ ਦਾ ਹਿੱਸਾ ਹੈ।


ਸਿਟੀ ਵੱਲੋਂ ਇਸ ਕਮਿਊਨਿਟੀ ਸੈਂਟਰ ਨੂੰ ਬਸੰਤ 2030 ਵਿੱਚ ਲੋਕਾਂ ਲਈ ਖੋਲ੍ਹੇ ਜਾਣ ਦੀ ਉਮੀਦ ਪ੍ਰਗਟਾਈ ਗਈ ਹੈ।

# ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਵੱਲੋਂ ਦੋ ਪੁਸਤਕਾਂ ਦਾ ਲੋਕ ਅਰਪਣ ਅਤੇ ਕਵੀ ਦਰਬਾਰ










**ਸਰੀ, (ਮਹੇਸ਼ਇੰਦਰ ਸਿੰਘ ਮਾਂਗਟ)-** ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਵੱਲੋਂ ਹਰ ਮਹੀਨੇ ਦੇ ਦੂਜੇ ਸ਼ਨੀਵਾਰ ਕਰਵਾਏ ਜਾਂਦੇ ਸਾਹਿਤਕ ਸਮਾਗਮਾਂ ਦੀ ਲੜੀ ਤਹਿਤ ਅੱਜ ਇੰਡੋ-ਕੈਨੇਡੀਅਨ ਸੀਨੀਅਰ ਸਿਟੀਜ਼ਨ ਸੈਂਟਰ, ਸਰੀ ਬੀ.ਸੀ. ਦੇ ਖੁੱਲ੍ਹੇ ਹਾਲ ਵਿੱਚ ਕਵੀ ਦਰਬਾਰ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਗਿੱਲ ਦੀ ਅਗਵਾਈ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਕਵੀਆਂ, ਸਾਹਿਤਕਾਰਾਂ, ਲੇਖਕਾਂ ਅਤੇ ਕਲਾਕਾਰਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਇਸ ਮੌਕੇ ਸ਼੍ਰੋਮਣੀ ਢਾਡੀ ਚਮਕੌਰ ਸਿੰਘ ਸੇਖੋਂ ਭੋਤਨਾ ਵੱਲੋਂ ਲਿਖੀ ਕਿੱਸਾ-ਕਾਵਿ ਪੁਸਤਕ ‘ਕਿੱਸਾ ਸ਼ੀਰੀਂ ਫ਼ਰਹਾਦ ਤੇ ਕਾਕਾ ਪ੍ਰਤਾਪੀ’ ਦੀ ਘੁੰਡ ਚੁਕਾਈ ਕੀਤੀ ਗਈ। ਇਸ ਦੇ ਨਾਲ ਹੀ ਸੰਪਾਦਕ ਵੀਤ ਬਾਦਸ਼ਾਹਪੁਰੀ ਦੀ ਪੁਸਤਕ ‘ਤਾਰਿਆਂ ਦੀ ਮਹਿਫ਼ਲ’ (ਸਾਂਝਾ ਕਾਵਿ ਸੰਗ੍ਰਹਿ) ਵੀ ਲੋਕ ਅਰਪਣ ਕੀਤੀ ਗਈ। ਇਹ ਪੁਸਤਕ ਸੀਰਤ ਪਬਲੀਕੇਸ਼ਨਜ਼, ਸਰੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

‘ਕਿੱਸਾ ਸ਼ੀਰੀਂ ਫ਼ਰਹਾਦ ਤੇ ਕਾਕਾ ਪ੍ਰਤਾਪੀ’ ਪੁਸਤਕ ਸਬੰਧੀ ਡਾ. ਦੇਵਿੰਦਰਪਾਲ ਕੌਰ, ਪ੍ਰੋ. ਕਸ਼ਮੀਰਾ ਸਿੰਘ, ਉੱਘੇ ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ, ਮੁੱਖ ਸੇਵਾਦਾਰ ਪ੍ਰਿਤਪਾਲ ਸਿੰਘ ਗਿੱਲ, ਪ੍ਰਿੰਸੀਪਲ ਮਲੂਕ ਚੰਦ ਕਲੇਰ, ਹਰਵਿੰਦਰ ਕੌਰ ਨਿੱਕੀ ਅਤੇ ਸੰਸਥਾ ਦੇ ਸੂਝਵਾਨ ਡਾਇਰੈਕਟਰ ਦਰਸ਼ਨ ਸੰਘਾ ਵਲੋਂ ਬੋਲੀਆਂ ਦੇ ਨਾਲ ਵਿਸਥਾਰਪੂਰਵਕ ਪੇਪਰ ਪੜ੍ਹੇ ਗਏ। ਬੁਲਾਰਿਆਂ ਨੇ ਪੁਸਤਕ ਦੇ ਸਾਹਿਤਕ, ਇਤਿਹਾਸਕ ਅਤੇ ਕਿੱਸਾ-ਕਾਵਿ ਪੱਖਾਂ ਬਾਰੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਚਮਕੌਰ ਸਿੰਘ ਸੇਖੋਂ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਕਾਕਾ ਪ੍ਰਤਾਪੀ ਦੀ ਰਚਨਾ ਢੱਡ-ਸਾਰੰਗੀ ਨਾਲ ਪੇਸ਼ ਕੀਤੀ। ਜਿਸ ਨੇ ਸਮਾਗਮ ਵਿੱਚ ਵਿਸ਼ੇਸ਼ ਰੰਗ ਭਰ ਦਿੱਤਾ। ਹਾਜ਼ਰ ਸਰੋਤਿਆਂ ਵੱਲੋਂ ਢਾਡੀ ਵਾਰ ਦੀ ਪੇਸ਼ਕਾਰੀ ਨੂੰ ਭਰਵਾਂ ਹੁੰਗਾਰਾ ਦਿੱਤਾ ਗਿਆ।

ਕਵੀ ਦਰਬਾਰ ਦੌਰਾਨ ਪ੍ਰੋ. ਕਸ਼ਮੀਰਾ ਸਿੰਘ, ਅਵਤਾਰ ਸਿੰਘ ਢਿੱਲੋਂ, ਕਵਿੰਦਰ ਚੰਦ, ਡਾ. ਗੁਰਮਿੰਦਰ ਕੌਰ ਸਿੱਧੂ, ਡਾ. ਦੇਵਿੰਦਰਪਾਲ ਕੌਰ, ਅਤੇ ਉੱਘੀ ਸ਼ਖ਼ਸੀਅਤ ਸ਼ਿੰਦਰ ਪੁਰੇਵਾਲ, ਮਾਣਮੱਤੇ ਰੇਡੀਓ ਹੋਸਟ ਹਰਜਿੰਦਰ ਸਿੰਘ ਥਿੰਦ, ਦਰਸ਼ਨ ਸੰਘਾ, ਹਰਚਰਨ ਸਿੰਘ ਸੰਧੂ ਪੀ.ਸੀ.ਐੱਸ., ਡਾ. ਹਰਦੇਵ ਸਿੰਘ ਵਿਰਕ, ਅਜਮੇਰ ਸਿੰਘ ਢਿੱਲੋਂ, ਮਾਸਟਰ ਅਮਰੀਕ ਸਿੰਘ ਲੇਹਲ, ਬਿਕਰ ਸਿੰਘ ਖੋਸਾ, ਬਲਬੀਰ ਸਿੰਘ ਸੰਘਾ, ਇੰਦਰਪਾਲ ਸਿੰਘ ਸੰਧੂ, ਅਮਰਜੀਤ ਕੌਰ, ਦੇਵਿੰਦਰ ਕੌਰ ਜੋਹਲ, ਇੰਦਰਜੀਤ ਸਿੰਘ ਧਾਮੀ, ਹਰਦਮ ਮਾਨ, ਗੁਰਦਰਸ਼ਨ ਬਾਦਲ, ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਸਮੇਤ ਕਈ ਸਾਹਿਤਕਾਰਾਂ, ਕਵੀਆਂ ਅਤੇ ਸ਼ਹਿਰ ਦੀਆਂ ਅਹਿਮ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸੁਰਜੀਤ ਸਿੰਘ ਮਾਧੋਪੁਰੀ ਘਰੇਲੂ ਰੁਝੇਵੇਂ ਕਾਰਨ ਨਹੀਂ ਪਹੁੰਚ ਸਕੇ ਅਤੇ ਉਹਨਾਂ ਦੀ ਕਮੀ ਰੜਕਦੀ ਰਹੀ।

ਇਸ ਸਮਾਗਮ ਦੌਰਾਨ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਨਾਲ ਸਬੰਧਤ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਬੁਲਾਰਿਆਂ ਨੇ ਵਿਦੇਸ਼ਾਂ ਵਿੱਚ ਪੰਜਾਬੀ ਸਾਹਿਤਕ ਗਤੀਵਿਧੀਆਂ ਨੂੰ ਲਗਾਤਾਰ ਜਾਰੀ ਰੱਖਣ ਅਤੇ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਤੇ ਵਿਰਸੇ ਨਾਲ ਜੋੜਨ ਦੀ ਲੋੜ ’ਤੇ ਵੀ ਜ਼ੋਰ ਦਿੱਤਾ। ਅੰਤ ਵਿੱਚ ਲੇਖਕ ਸਭਾ ਦੇ ਸਟੇਜ ਸਕੱਤਰ ਦੀ ਭੂਮਿਕਾ ਨਿਭਾ ਰਹੇ ਪਲਵਿੰਦਰ ਸਿੰਘ ਰੰਧਾਵਾ ਨੇ ਚਮਕੌਰ ਸਿੰਘ ਸੇਖੋਂ ਵੱਲੋਂ ਲਿਖਿਆ ਗੀਤ ਗਾ ਕੇ ਸਮਾਗਮ ਦੀ ਸਮਾਪਤੀ ਕੀਤੀ ਅਤੇ ਹਾਜ਼ਰ ਮਹਿਮਾਨਾਂ, ਸਾਹਿਤਕਾਰਾਂ, ਕਵੀਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ।

# ਲੇਖਕ ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ 'ਸ਼ਗਨਾਂ ਦਾ ਕਾਰਡ' ਦਾ ਸ਼ਾਨਦਾਰ ਲੋਕ-ਅਰਪਣ ਸਮਾਰੋਹ

## ਖੇਡ ਸਖਸ਼ੀਅਤ ਜਗਰੂਪ ਸਿੰਘ ਜਰਖੜ , ਲੋਕ ਗਾਇਕ ਬਲਬੀਰ ਲਹਿਰਾ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ



**ਕੈਂਟ, ਵਾਸ਼ਿੰਗਟਨ, :** ਰੰਧਾਵਾ ਫਾਊਂਡੇਸ਼ਨ, ਕੈਂਟ ਵਾਸ਼ਿੰਗਟਨ ਵਿਖੇ ਸ਼ਨੀਵਾਰ, 12 ਸਤੰਬਰ ਨੂੰ ਪ੍ਰਸਿੱਧ ਸਾਹਿਤਕਾਰ ਕਰਨੈਲ ਸਿੰਘ ਕੈਲ ਦੇ ਪਲੇਠੇ ਕਹਾਣੀ-ਸੰਗ੍ਰਹਿ 'ਸ਼ਗਨਾਂ ਦਾ ਕਾਰਡ' ਦਾ ਲੋਕ-ਅਰਪਣ ਸਮਾਰੋਹ ਬੜੇ ਹੀ ਉਤਸ਼ਾਹ, ਗੰਭੀਰ ਸਾਹਿਤਕ ਵਿਚਾਰ-ਵਟਾਂਦਰੇ ਅਤੇ ਪਿਆਰ ਭਰੇ ਮਾਹੌਲ ਵਿੱਚ ਕਰਵਾਇਆ ਗਿਆ। ਇਹ ਸਮਾਗਮ ਸਾਹਿਤ-ਪ੍ਰੇਮੀਆਂ, ਲੇਖਕਾਂ, ਕਵੀਆਂ ਅਤੇ ਸਮਾਜ ਦੀਆਂ ਨਾਮਵਰ ਸ਼ਖ਼ਸੀਅਤਾਂ ਦੀ ਭਰਵੀਂ ਹਾਜ਼ਰੀ ਕਾਰਨ ਇੱਕ ਯਾਦਗਾਰੀ ਸਾਹਿਤਕ ਮਿਲਣੀ ਦਾ ਰੂਪ ਧਾਰ ਗਿਆ।
ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਮੰਚ ਤੋਂ ਸਿਰਫ਼ ਕਿਤਾਬ ਦੀ ਰਿਲੀਜ਼ ਹੀ ਨਹੀਂ ਕੀਤੀ ਗਈ, ਸਗੋਂ ਕਰਨੈਲ ਸਿੰਘ ਕੈਲ ਦੀ ਕਹਾਣੀ-ਕਲਾ, ਸਮਾਜਕ ਚੇਤਨਾ, ਪਰਵਾਸੀ ਜੀਵਨ, ਮਨੁੱਖੀ ਰਿਸ਼ਤਿਆਂ, ਔਰਤ ਦੀ ਸਥਿਤੀ, ਦਾਜ, ਜਾਤ-ਪਾਤ, ਸਮਾਜਕ ਵਿਸੰਗਤੀਆਂ ਅਤੇ ਪੰਜਾਬ ਦੇ ਦਰਦਨਾਕ ਇਤਿਹਾਸ ਨਾਲ ਜੁੜੇ ਵੱਖ-ਵੱਖ ਪੱਖਾਂ ਉੱਤੇ ਵੀ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ ਗਏ। ਬੁਲਾਰਿਆਂ ਨੇ ਕਿਹਾ ਕਿ 'ਸ਼ਗਨਾਂ ਦਾ ਕਾਰਡ' ਦੀਆਂ ਕਹਾਣੀਆਂ ਸਿਰਫ਼ ਮਨੋਰੰਜਨ ਨਹੀਂ ਕਰਦੀਆਂ, ਸਗੋਂ ਪਾਠਕ ਨੂੰ ਆਪਣੇ ਸਮਾਜ, ਰਿਸ਼ਤਿਆਂ ਅਤੇ ਮਨੁੱਖੀ ਵਰਤਾਰੇ ਬਾਰੇ ਮੁੜ ਸੋਚਣ ਲਈ ਮਜਬੂਰ ਕਰਦੀਆਂ ਹਨ। ਸਮਾਗਮ ਵਿੱਚ ਨਾਮਵਰ ਖੇਡ ਸ਼ਖ਼ਸੀਅਤ ਜਗਰੂਪ ਸਿੰਘ ਜਰਖੜ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਦੀ ਹਾਜ਼ਰੀ ਨੇ ਸਮਾਗਮ ਦੀ ਸ਼ੋਭਾ ਵਿੱਚ ਵਿਸ਼ੇਸ਼ ਵਾਧਾ ਕੀਤਾ। ਵੱਖ-ਵੱਖ ਬੁਲਾਰਿਆਂ ਨੇ ਕਰਨੈਲ ਸਿੰਘ ਕੈਲ ਨੂੰ ਉਨ੍ਹਾਂ ਦੇ ਪਲੇਠੇ ਕਹਾਣੀ-ਸੰਗ੍ਰਹਿ ਲਈ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦੀ ਕਲਮ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਨੂੰ ਇਸੇ ਤਰ੍ਹਾਂ ਸੋਚਣ ਲਈ ਮਜਬੂਰ ਕਰਨ ਵਾਲੀਆਂ ਰਚਨਾਵਾਂ ਦਿੰਦੀ ਰਹੇਗੀ।
ਇਸ ਮੌਕੇ ਅਮਰਜੀਤ ਸਿੰਘ ਤਰਸਿੱਕਾ, ਹਰਦਿਆਲ ਸਿੰਘ ਚੀਮਾਂ, ਨੋਬਲਦੀਪ ਕੌਰ, ਨਾਮੀ ਲੋਕ ਗਾਇਕ ਬਲਬੀਰ ਲਹਿਰਾ, ਸੰਤੋਖ ਸਿੰਘ ਥਿੰਦ, ਮਨਜੀਤ ਕੌਰ ਗਿੱਲ, ਹਰਿੰਦਰਪਾਲ ਸਿੰਘ ਬੈਂਸ, ਅਵਤਾਰ ਸਿੰਘ ਆਦਮਪੁਰੀ, ਸ਼ਾਨ ਦਿਓਲ, ਮਲਕੀਤ ਸਿੰਘ ਗਿੱਲ, ਗੀਤਕਾਰ ਮਨਜੀਤ ਸਿੰਘ ਚਹਿਲ, ਖੇਡ ਪ੍ਰਮੋਟਰ ਮੋਹਣਾ ਜੋਧਾਂ, ਸ਼ਿੰਗਾਰ ਸਿੰਘ ਸਿੱਧੂ, ਜਗਜੀਤ ਸਿੰਘ ਉੱਪਲ, ਰਣਜੀਤ ਮੱਲੀ, ਸ਼ਿੰਦਰਪਾਲ ਔਜਲਾ, ਬਲਦੇਵ ਸਿੰਘ ਛੀਨਾ, ਹਰਜਿੰਦਰ ਸਿੰਘ ਸੰਧਾਵਾਲੀਆ, ਭੁਪਿੰਦਰ ਸਿੰਘ ਢੱਡਾ, ਰਾਜਵੀਰ ਸਿੰਘ, ਰਾਮ ਸਿੰਘ, ਸਾਧੂ ਸਿੰਘ ਝੱਜ, ਡਾ. ਸੁਖਵੀਰ ਬੀਹਲਾ, ਹਰਪਾਲ ਸਿੰਘ ਸਿੱਧੂ, ਸਰਬਜੀਤ ਸਿੰਘ ਨੂਰ, ਡਾ. ਹਰਚੰਦ ਸਿੰਘ, ਨਵਲਪ੍ਰੀਤ ਰੰਗੀ, ਡਾ. ਕੰਵਲਜੀਤ ਸਿੰਘ ਹੁੰਦਲ, ਦਵਿੰਦਰ ਸਿੰਘ ਹੀਰਾ ਅਤੇ ਗੁਰਪ੍ਰੀਤ ਸਿੰਘ ਸੋਹਲ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਕਰਨੈਲ ਸਿੰਘ ਕੈਲ ਨੂੰ ਉਨ੍ਹਾਂ ਦੀ ਸਾਹਿਤਕ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ। ਬੁਲਾਰਿਆਂ ਨੇ 'ਸ਼ਗਨਾਂ ਦਾ ਕਾਰਡ' ਦੀਆਂ ਕਹਾਣੀਆਂ ਦੀ ਗੱਲ ਕਰਦਿਆਂ ਕਿਹਾ ਕਿ ਕੈਲ ਦੇ ਪਾਤਰ ਸਾਡੇ ਆਲੇ-ਦੁਆਲੇ ਦੇ ਜੀਵਨ ਵਿੱਚੋਂ ਹੀ ਨਿਕਲੇ ਹੋਏ ਮਹਿਸੂਸ ਹੁੰਦੇ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਪਰਵਾਸ ਦੀ ਚਮਕ ਹੇਠ ਲੁਕਿਆ ਇਕੱਲਾਪਣ ਵੀ ਹੈ, ਰਿਸ਼ਤਿਆਂ ਦੀ ਗਰਮੀ ਵੀ, ਸਮਾਜਕ ਦਬਾਅ ਵੀ, ਅਤੇ ਮਨੁੱਖ ਦੇ ਅੰਦਰ ਚੱਲਦਾ ਸੰਘਰਸ਼ ਵੀ। ਇਸੇ ਕਰਕੇ ਇਹ ਕਹਾਣੀ-ਸੰਗ੍ਰਹਿ ਸਿਰਫ਼ ਕਹਾਣੀਆਂ ਦਾ ਇਕੱਠ ਨਹੀਂ, ਸਗੋਂ ਸਮਾਜ ਦੇ ਵੱਖ-ਵੱਖ ਰੂਪਾਂ ਦਾ ਇੱਕ ਸੰਵੇਦਨਸ਼ੀਲ ਦਸਤਾਵੇਜ਼ ਬਣ ਕੇ ਸਾਹਮਣੇ ਆਉਂਦਾ ਹੈ। ਪੂਰੇ ਸਮਾਗਮ ਦਾ ਮੰਚ ਸੰਚਾਲਨ ਗੁਰਪ੍ਰੀਤ ਸਿੰਘ ਸੋਹਲ ਨੇ ਬਹੁਤ ਹੀ ਸੁਚੱਜੇ, ਸੰਯਮਿਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ। ਉਨ੍ਹਾਂ ਨੇ ਵੱਖ-ਵੱਖ ਬੁਲਾਰਿਆਂ ਨੂੰ ਇੱਕ ਸੁੰਦਰ ਲੜੀ ਵਿੱਚ ਜੋੜਦੇ ਹੋਏ ਸਮਾਗਮ ਦੀ ਰਵਾਨਗੀ ਬਰਕਰਾਰ ਰੱਖੀ ਅਤੇ ਵਿਚਕਾਰ ਕਿਤਾਬ, ਲੇਖਕ ਅਤੇ ਪੰਜਾਬੀ ਸਾਹਿਤ ਨਾਲ ਸਬੰਧਿਤ ਸੁੰਦਰ ਟਿੱਪਣੀਆਂ ਰਾਹੀਂ ਸਮਾਗਮ ਨੂੰ ਹੋਰ ਵੀ ਜੀਵੰਤ ਬਣਾਇਆ।
ਇਸ ਸਾਹਿਤਕ ਸਮਾਗਮ ਨੂੰ ਪਰਿਵਾਰਕ ਖੁਸ਼ੀ ਦੀ ਇੱਕ ਵਿਸ਼ੇਸ਼ ਛੋਹ ਵੀ ਮਿਲੀ। ਮਸ਼ਹੂਰ ਗਾਇਕ ਅਤੇ ਲੇਖਕ ਸਰਦਾਰ ਬਲਬੀਰ ਲਹਿਰਾ ਨੇ ਆਪਣੇ ਪੋਤਰੇ ਦੇ ਜਨਮ ਦੀ ਖੁਸ਼ੀ ਸਾਰਿਆਂ ਨਾਲ ਸਾਂਝੀ ਕਰਦਿਆਂ ਸਮਾਗਮ ਵਿੱਚ ਹਾਜ਼ਰ ਮਹਿਮਾਨਾਂ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਹਾਜ਼ਰੀਨ ਨੇ ਇਸ ਖੁਸ਼ੀ ਲਈ ਬਲਬੀਰ ਲਹਿਰਾ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਸਮਾਗਮ ਵਿੱਚ ਸਰੋਤਿਆਂ ਵਜੋਂ ਵੀ ਸਾਹਿਤ ਅਤੇ ਸਮਾਜ ਨਾਲ ਜੁੜੀਆਂ ਕਈ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਇਨ੍ਹਾਂ ਵਿੱਚ ਗੁਰਦੀਪ ਸਿੰਘ ਸਿੱਧੂ, ਜਸਬੀਰ ਸੰਧਾਵਾਲੀਆ, ਮੀਨਾ ਦੀਵਾਨ, ਬਲਜੀਤ ਸਿੰਘ ਬਰਾੜ, ਮੋਹਣ ਧਾਲੀਵਾਲ, ਜਸਪ੍ਰੀਤ ਕੌਰ, ਜਗਰੂਪ ਸਿੰਘ ਬਾਠ, ਅਜੀਤ ਕੌਰ, ਮਨੋਹਰ ਸਿੰਘ ਸੰਧੂ, ਤਰਸੇਮ ਸਿੰਘ, ਬਲਵਿੰਦਰ ਕੌਰ, ਬਲਜੀਤ ਸਿੱਧੂ, ਪ੍ਰੀਤਮ ਬਰਾੜ, ਈਸ਼ਰ ਸਿੰਘ ਅਤੇ ਗੁਰਪ੍ਰੀਤ ਧੰਜੂ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ। ਅੰਤ ਵਿੱਚ ਕਰਨੈਲ ਸਿੰਘ ਕੈਲ ਨੇ ਸਮਾਗਮ ਵਿੱਚ ਸ਼ਾਮਿਲ ਹੋਏ ਸਾਹਿਤਕਾਰਾਂ, ਬੁਲਾਰਿਆਂ, ਸਰੋਤਿਆਂ ਅਤੇ ਸੱਜਣਾਂ ਦਾ ਧੰਨਵਾਦ ਕੀਤਾ। ਹਾਜ਼ਰੀਨ ਵੱਲੋਂ ਉਨ੍ਹਾਂ ਨੂੰ ਕਿਤਾਬ ਦੇ ਪ੍ਰਕਾਸ਼ਨ ਲਈ ਵਧਾਈਆਂ ਦਿੱਤੀਆਂ ਗਈਆਂ ਅਤੇ ਭਵਿੱਖ ਦੀ ਸਾਹਿਤਕ ਯਾਤਰਾ ਲਈ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ।
ਕੁੱਲ ਮਿਲਾ ਕੇ 'ਸ਼ਗਨਾਂ ਦਾ ਕਾਰਡ' ਦਾ ਲੋਕ-ਅਰਪਣ ਸਮਾਰੋਹ ਸਿਰਫ਼ ਇੱਕ ਪੁਸਤਕ ਰਿਲੀਜ਼ ਤੱਕ ਸੀਮਿਤ ਨਾ ਰਹਿ ਕੇ ਪੰਜਾਬੀ ਸਾਹਿਤ, ਵਿਚਾਰ, ਸਾਂਝ ਅਤੇ ਰਿਸ਼ਤਿਆਂ ਦਾ ਇੱਕ ਯਾਦਗਾਰੀ ਉਤਸਵ ਬਣ ਗਿਆ। ਕੈਂਟ ਦੀ ਧਰਤੀ 'ਤੇ ਹੋਇਆ ਇਹ ਸਮਾਗਮ ਲੰਮੇ ਸਮੇਂ ਤੱਕ ਪੰਜਾਬੀ ਸਾਹਿਤ-ਪ੍ਰੇਮੀਆਂ ਦੀਆਂ ਯਾਦਾਂ ਵਿੱਚ ਤਾਜ਼ਾ ਰਹੇਗਾ।

# ਡਗ ਮੈਕਲਮ ਦੀ ਅਗਵਾਈ ਵਾਲੀ 'ਸੇਫ ਸਰੀ ਕੋਲੀਸ਼ਨ' ਵੱਲੋਂ ਚੋਣ ਰੈਲੀ

## ਸਰੀ ਦੇ ਵਿਕਾਸ ਅਤੇ ਲੋਕ ਹਿੱਤਾਂ ਨੂੰ ਲੈ ਕੇ ਮੌਜੂਦਾ ਕੌਂਸਲ ਦੀ ਕਾਰਗੁਜ਼ਾਰੀ 'ਤੇ ਡਗ ਮੈਕਲਮ ਨੇ ਚੁੱਕੇ ਸਵਾਲ












**ਸਰੀ, (ਬੀ.ਸੀ. ਪੰਜਾਬੀ ਨਿਊਜ਼):** ਸਿਟੀ ਆਫ ਸਰੀ ਕੌਂਸਲ ਦੀਆਂ 17 ਅਕਤੂਬਰ 2026 ਨੂੰ ਹੋਣ ਜਾ ਰਹੀਆਂ ਚੋਣਾਂ ਦੇ ਮੱਦੇਨਜ਼ਰ ਸਾਬਕਾ ਮੇਅਰ ਅਤੇ ਮੁੜ ਮੇਅਰ ਦੀ ਚੋਣ ਲੜ ਰਹੇ ਸਿਆਸੀ ਆਗੂ ਡਗ ਮੈਕਲਮ ਦੀ ਅਗਵਾਈ ਵਾਲੀ 'ਸੇਫ ਸਰੀ ਕੋਲੀਸ਼ਨ' ਸਲੇਟ ਵੱਲੋਂ ਪਿਛਲੇ ਦਿਨੀਂ ਸਰੀ ਸਥਿਤ ਧਾਲੀਵਾਲ ਬੈਂਕੁਇਟ ਹਾਲ ਵਿਖੇ ਇੱਕ ਭਰਵੀਂ ਚੋਣ ਰੈਲੀ ਕਰਵਾਈ ਗਈ। ਇਸ ਰੈਲੀ ਵਿੱਚ ਸਲੇਟ ਦੇ ਸਮਰਥਕਾਂ ਅਤੇ ਹਮਾਇਤੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ।
ਰੈਲੀ ਨੂੰ ਸੰਬੋਧਨ ਕਰਦਿਆਂ ਮੇਅਰ ਅਹੁਦੇ ਦੇ ਉਮੀਦਵਾਰ ਡਗ ਮੈਕਲਮ ਨੇ ਮੌਜੂਦਾ ਸਰੀ ਸਿਟੀ ਕੌਂਸਲ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਉਨ੍ਹਾਂ ਦੇ ਪਿਛਲੇ ਮੇਅਰ ਕਾਰਜਕਾਲ ਦੌਰਾਨ ਸਰੀ ਵਾਸੀਆਂ ਨਾਲ ਕੀਤੇ ਵਾਅਦਿਆਂ ਅਨੁਸਾਰ ਲੋਕ ਹਿੱਤ ਵਿੱਚ ਕਈ ਅਹਿਮ ਫੈਸਲੇ ਲਾਗੂ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਫੈਸਲਿਆਂ ਦੀ ਆਮ ਲੋਕਾਂ ਵੱਲੋਂ ਅੱਜ ਵੀ ਸ਼ਲਾਘਾ ਕੀਤੀ ਜਾਂਦੀ ਹੈ।
ਡਗ ਮੈਕਲਮ ਨੇ ਦਾਅਵਾ ਕੀਤਾ ਕਿ ਇਸ ਵਾਰ ਸਰੀ ਦੇ ਲੋਕਾਂ ਵੱਲੋਂ 'ਸੇਫ ਸਰੀ ਕੋਲੀਸ਼ਨ' ਦੇ ਸਮੂਹ ਉਮੀਦਵਾਰਾਂ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਉਨ੍ਹਾਂ ਦੀ ਸਲੇਟ ਨੂੰ ਸਮਰਥਨ ਦੇ ਰਹੇ ਹਨ।
ਇਸ ਮੌਕੇ ਕੌਂਸਲਰ ਅਹੁਦੇ ਦੇ ਉਮੀਦਵਾਰਾਂ ਮਨਦੀਪ ਨਾਗਰਾ, ਸੁਹਾਨਾ ਗਿੱਲ, ਡੱਗ ਐਲਫੋਡ, ਐਲਸਨ ਪੈਟਨ, ਚਾਈਨੀ ਕਲੋਕ, ਬੋਅ ਸਿਮਸਨ ਅਤੇ ਲੋਰੀ ਗੋਇਰਾ ਨੇ ਵੀ ਸੰਖੇਪ ਸੰਬੋਧਨ ਕਰਦਿਆਂ ਸਰੀ ਵਾਸੀਆਂ ਤੋਂ ਚੋਣਾਂ ਵਿੱਚ ਸਹਿਯੋਗ ਅਤੇ ਵੋਟਾਂ ਦੀ ਅਪੀਲ ਕੀਤੀ।
ਚੋਣ ਰੈਲੀ ਦਾ ਪ੍ਰਬੰਧ ਜੱਸਾ ਸਿੰਘ ਗਰੇਵਾਲ ਵੱਲੋਂ ਕੀਤਾ ਗਿਆ। ਇਸ ਮੌਕੇ ਸਰੀ ਦੇ ਉੱਘੇ ਕਾਰੋਬਾਰੀਆਂ ਅਤੇ ਭਾਈਚਾਰੇ ਦੀਆਂ ਹੋਰ ਸ਼ਖ਼ਸੀਅਤਾਂ ਤੋਂ ਇਲਾਵਾ ਗੈਰੀ ਬੈਗ ਐਮ ਐਲ ਏ,ਗਿਆਨ ਸਿੰਘ ਢੇਸੀ, ਸੁਖਵਿੰਦਰ ਸਿੰਘ ਗਰੇਵਾਲ, ਨਿਰਮਲ ਸਿੰਘ ਗਰੇਵਾਲ, ਗੁਰਤੇਜ ਸਿੰਘ ਬਰਾੜ,ਬੀ ਐਂਡ ਬੀ ਟਰੱਸਟ ਦੇ ਬਿੱਲਾਂ ਸੰਧੂ, ਤਰਸੇਮ ਸਿੰਘ ਰੰਧਾਵਾ, ਅਵਤਾਰ ਸਿੰਘ ਢਿਲੋਂ, ਬਲਬੀਰ ਸਿੰਘ ਢਿੱਲੋਂ, ਬਲਦੇਵ ਸਿੰਘ ਅਤੇ ਸੁਰਿੰਦਰ ਸਿੰਘ ਅਟਵਾਲ, ਰਘਬੀਰ ਮੰਡ, ਮੋਹਣ ਸਿੰਘ ਗਿੱਲ, ਅੰਗਰੇਜ ਸਿੰਘ ਬਰਾੜ, ਗੁਰਪ੍ਰੀਤ ਸਿੰਘ ਮਾਂਗਟ, ਸੰਦੀਪ ਤੂਰ, ਪਰਮਿੰਦਰ ਸਰੋਆ, ਇਕਬਾਲ ਸੰਧੂ, ਅਮਰੀਕ ਸਿੱਧੂ, ਅਮਰਜੀਤ ਸਮਰਾ ਅਤੇ ਭੁਪਿੰਦਰ ਸਿੰਘ ਸਮੇਤ ਕਈ ਹੋਰ ਹਾਜ਼ਰ ਸਨ।

# ਵੱਖ ਵੱਖ ਬੁਲਾਰਿਆਂ ਨੇ ਡਾਇਰੈਕਟਰੀ ਨੂੰ ਮਹੱਤਵਪੂਰਨ ਬਣਾਉਣ ਤੇ ਦਿੱਤਾ ਜ਼ੋਰ



**ਸਿਆਟਲ (ਵਾਸ਼ਿੰਗਟਨ) –** ਗੋਲਡਨ ਇੰਡੀਆ ਕਰੀ ਹਾਊਸ, ਵੈਲੀ ਐਵੀਨਿਊ ਸਿਆਟਲ ਵਿਖੇ ਸਮੁੱਚੇ ਪੰਜਾਬੀ ਭਾਈਚਾਰੇ ਦੀ ਭਰਵੀਂ ਹਾਜ਼ਰੀ ਵਿੱਚ ਹੋਏ ਸਿਲਵਰ ਜੁਬਲੀ ਸਮਾਗਮ ਨੇ ਇਤਿਹਾਸ ਦਾ ਨਵਾਂ ਪੰਨਾ ਸਿਰਜਿਆ। ਬਹੁਤ ਹੀ ਯਾਦਗਾਰੀ ਅਤੇ ਪ੍ਰਭਾਵਸ਼ਾਲੀ ਇਸ ਸਮਾਗਮ ਦੌਰਾਨ ਸਿਆਟਲ ਵਿੱਚ ਵਸਦੇ ਪੰਜਾਬੀ ਭਾਈਚਾਰੇ ਦੇ ਵੱਡੇ ਪਰਿਵਾਰਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਡਾਇਰੈਕਟਰੀ ਨੂੰ ਹੋਰ ਮਹੱਤਵਪੂਰਨ ਬਣਾਉਣ ਤੇ ਜ਼ੋਰ ਦਿੱਤਾ। ਮੁੱਖ ਬੁਲਾਰੇ *ਡਾ. ਪ੍ਰਿੰਸੀ ਰੇਖੀ, ਡਾ. ਸੁਰਿੰਦਰ ਸਿੰਘ ਰੇਖੀ, ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ, ਗੀਤਕਾਰ ਮਨਜੀਤ ਸਿੰਘ ਚਾਹਲ, ਅਮਰੀਕ ਸਿੰਘ ਕੰਬੋਜ, ਹਰਜਿੰਦਰ ਸਿੰਘ ਸੰਧਾਵਾਲੀਆ, ਅਵਤਾਰ ਸਿੰਘ ਆਦਮਪੁਰੀ,ਜਗੀਰ ਸਿੰਘ ਜਗੀਰ, ਸਿਮਰਨ ਸਿੰਘ (ਸਾਡਾ ਟੀਵੀ)* ਨੇ ਆਪੋ-ਆਪਣੇ ਵਿਚਾਰ ਪੇਸ਼ ਕਰਕੇ ਡਾਇਰੈਕਟਰੀ ਦੇ ਨਿਰਮਾਤਾ *ਬਲਜੀਤ ਸਿੰਘ ਸੈਹਬੀ* ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ 25 ਸਾਲ ਅਣਥੱਕ ਮਿਹਨਤ ਨਾਲ ਘਾਲਣਾ ਘਾਲ ਕੇ ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ ਰਾਹੀਂ ਸਿਆਟਲ ਭਾਈਚਾਰੇ ਦੀਆਂ ਆਪਸੀ ਸਮਾਜਿਕ ਤੰਦਾਂ ਨੂੰ ਮਜ਼ਬੂਤ ਕੀਤਾ, ਵਪਾਰਕ ਅਦਾਰਿਆਂ ਨੂੰ ਭਾਈਚਾਰੇ ਵਿੱਚ ਚਰਚਿਤ ਕੀਤਾ ਅਤੇ ਗੁਰੂ ਘਰਾਂ, ਖੇਡ ਮੈਦਾਨਾਂ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀ ਆਣ-ਬਾਣ ਨੂੰ ਦੁਨੀਆਂ ਭਰ ਵਿੱਚ ਦਰਸਾਇਆ। ਬਲਜੀਤ ਸਿੰਘ ਸੈਂਹਬੀ ਦਾ ਇਹ ਉਦਮ ਪੂਰੇ ਭਾਈਚਾਰੇ ਲਈ ਇੱਕ ਮੀਲ ਪੱਥਰ ਹੈ।
ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਨੇ ਬੋਲਦਿਆਂ ਆਖਿਆ ਜਦੋਂ 25 ਸਾਲ ਪਹਿਲਾਂ ਕੋਈ ਪੰਜਾਬੀ ਸਿਆਟਲ ਦੀ ਧਰਤੀ ਤੇ ਨਵਾਂ ਆਉਂਦਾ ਸੀ ਤਾਂ ਉਸ ਲਈ ਸਭ ਤੋਂ ਵੱਡੀ ਚਿੰਤਾ ਹੁੰਦੀ ਸੀ – ਆਪਣਾ ਬੰਦਾ ਕਿੱਥੇ ਲੱਭਾਂ? ਗੁਰਦੁਆਰਾ ਕਿੱਥੇ ਹੈ? ਕੋਈ ਪੰਜਾਬੀ ਡਾਕਟਰ, ਵਕੀਲ ਜਾਂ ਦੁਕਾਨ ਕਿੱਥੇ ਹੈ? ਇਸ ਇਕੱਲੇਪਨ ਨੂੰ ਦੂਰ ਕਰਨ ਲਈ ਇੱਕ ਵਿਅਕਤੀ ਨੇ ਇੱਕ ਸੁਪਨਾ ਲਿਆ ਅਤੇ ਉਸ ਸੁਪਨੇ ਦਾ ਨਾਮ ਸੀ *"ਇੰਡੋ ਅਮਰੀਕਨ ਯੈਲੋ ਪੇਜ ਡਾਇਰੈਕਟਰੀ"*। ਇਹ ਸਿਰਫ਼ ਇੱਕ ਕਿਤਾਬ ਨਹੀਂ, ਭਾਈਚਾਰੇ ਦੀ ਡੋਰ ਹੈ । ਇਹ ਡਾਇਰੈਕਟਰੀ ਸਿਰਫ਼ ਫ਼ੋਨ ਨੰਬਰਾਂ ਦੀ ਲਿਸਟ ਨਹੀਂ ਸੀ। ਇਹ ਪਰਦੇਸ ਵਿੱਚ ਵਸਦੇ ਪੰਜਾਬੀਆਂ ਲਈ ਇੱਕ ਦੂਜੇ ਨਾਲ ਜੁੜਨ ਦੀ ਡੋਰ ਹੈ। ਇਸ ਦੇ ਨਿਰਮਾਤਾ ਬਲਜੀਤ ਸਿੰਘ ਸੈਹਬੀ ਨੇ 25 ਸਾਲ ਜੋ ਅਣਥੱਕ ਮਿਹਨਤ ਕੀਤੀ ਹੈ, ਉਹ ਕਿਸੇ ਤਪੱਸਿਆ ਤੋਂ ਘੱਟ ਨਹੀਂ। ਉਨ੍ਹਾਂ ਨੇ ਆਪਣੇ ਖਰਚੇ ਤੇ, ਆਪਣੀ ਮਿਹਨਤ ਨਾਲ ਪੂਰੇ ਭਾਈਚਾਰੇ ਨੂੰ ਇੱਕ ਮਾਲਾ ਵਿੱਚ ਪਰੋਈ ਰੱਖਿਆ। ਜਿਵੇਂ ਖੇਡ ਮੈਦਾਨ ਸਾਨੂੰ ਜੋੜਦਾ ਹੈ, ਉਵੇਂ ਹੀ ਇਹ ਡਾਇਰੈਕਟਰੀ ਸਾਡੇ ਵਪਾਰਕ ਅਤੇ ਸਮਾਜਿਕ ਮੈਦਾਨ ਨੂੰ ਜੋੜਦੀ ਹੈ। ਗੀਤਕਾਰ *ਮਨਜੀਤ ਸਿੰਘ ਚਾਹਲ* ਅਤੇ *ਸਿਮਰਨ ਸਿੰਘ ਸਾਡਾ ਟੀਵੀ* ਨੇ ਵੀ ਇਸ ਨੂੰ ਡਿਜੀਟਲ ਯੁੱਗ ਵਿੱਚ ਹੋਰ ਅੱਗੇ ਲਿਜਾਣ ਦੀ ਗੱਲ ਕੀਤੀ। ਸਮਾਗਮ ਦੀ ਸ਼ਾਨ ਉਦੋਂ ਹੋਰ ਵਧ ਗਈ ਜਦੋਂ ਲੋਕ ਗਾਇਕ ਬਲਵੀਰ ਲਹਿਰਾ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਪੰਜਾਬ ਦੇ ਗੀਤ ਛੇੜੇ। ਲੱਗਿਆ ਜਿਵੇਂ ਸਿਆਟਲ ਨਹੀਂ, ਪੰਜਾਬ ਦਾ ਕੋਈ ਮੇਲਾ ਲੱਗਾ ਹੋਵੇ।ਅੰਤ ਵਿੱਚ ਹੋਰਨਾਂ ਬੁਲਾਰਿਆਂ ਨੇ ਆਖਿਆ ਕਿ ਬਲਜੀਤ ਸਿੰਘ ਸੈਹਬੀ ਵਰਗੇ ਲੋਕ ਹੀ ਅਸਲ ਵਿੱਚ ਪਰਦੇਸ ਵਿੱਚ ਪੰਜਾਬ ਨੂੰ ਜਿਉਂਦਾ ਰੱਖਦੇ ਹਨ। ਇਹ ਡਾਇਰੈਕਟਰੀ ਇੱਕ ਕਿਤਾਬ ਨਹੀਂ, ਇਹ ਸਾਡੇ ਸਾਂਝੇ ਇਤਿਹਾਸ ਦੀ ਡਾਇਰੀ ਹੈ। ਪ੍ਰਮਾਤਮਾ ਕਰੇ ਇਹ 25 ਤੋਂ 50 ਅਤੇ 50 ਤੋਂ 100 ਸਾਲਾਂ ਤੱਕ ਇਵੇਂ ਹੀ ਸਾਡੀ ਸੇਵਾ ਕਰਦੀ ਰਹੇ। ਇਸ ਮੌਕੇ ਨਾਮੀ ਕਬੱਡੀ ਪ੍ਰਮੋਟਰ ਮਨਮੋਹਣ ਗਰੇਵਾਲ ਮੋਹਣਾ ਜੋਧਾ ਨੇ ਆਖਿਆ ਕਿ ਇਹ ਸਿਲਵਰ ਜੁਬਲੀ ਸਮਾਗਮ ਸਿਰਫ਼ ਜਸ਼ਨ ਨਹੀਂ, ਸਾਡੇ ਪੰਜਾਬੀ ਭਾਈਚਾਰੇ ਦੀ ਏਕਤਾ ਦਾ ਪ੍ਰਤੀਕ ਹਇਸ ਮੌਕੇ ਹੋਰਨਾਂ ਤੋਂ ਇਲਾਵਾ, ਸਾਹਿਤਕਾਰ ਕਰਨੈਲ ਸਿੰਘ ਕੈਲ, ਕਰਨ ਸਿੱਧੂ, ਇੰਦਰਜੀਤ ਸਿੰਘ ਮਾਂਗਟ, ਵੀਰ ਜੀ ਪ੍ਰੀਤਮ ਸਿੰਘ ਗਰੇਵਾਲ, ਜਤਿੰਦਰ ਸਿੰਘ ਬਸਾਤੀ, ਕੁਲਵਿੰਦਰ ਸਿੰਘ ਬਸਤੀ, ਮਨਮੋਹਨ ਸਿੰਘ ਢਿੱਲੋਂ, ਜਤਿੰਦਰ ਸਿੰਘ ਸਪਰਾਏ, ਸੁਖਬੀਰ ਸਿੰਘ ਜੋਸਨ, ਦਿਲਬਾਗ ਸਿੰਘ ਪੰਨੂ (ਰਿਟਾ. ਐਸ.ਪੀ), ਪਰਮਜੀਤ ਸਿੰਘ ਮਠਾੜੂ, ਮੋਹਿੰਦਰ ਸਿੰਘ ਸੋਹਲ, ਡਾ. ਜਸਮੀਤ ਸਿੰਘ, ਸਤਿੰਦਰ ਕੌਰ ਚਾਵਲਾ, ਸਤਿੰਦਰ ਕੌਰ ਜੱਗੀ, ਸਤਿੰਦਰ ਕੌਰ ਕੌਂਸਲ ਪ੍ਰੈਜ਼ੀਡੈਂਟ ਕੈਂਟ ਸਿਟੀ , ਸੰਦੀਪ ਸਿੰਘ ,ਕੁਲਜੀਤ ਸਿੰਘ ਥਿੰਦ ਡਿਜਟਲ ਸਟੂਡੀਓ, ਗੁਰਦੀਪ ਸਿੰਘ ਸਿੱਧੂ ,ਹਰਪਾਲ ਸਿੰਘ ਸਿੱਧੂ, ਸੈਮ ਫਾਰ ਐਵਰ ਰੂਫਿੰਗ, ਸਤਨਾਮ ਸਿੰਘ ਗੋਲਡ ਇੰਡੀਆ ਕਰੀ ਪਲਾਜਾ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।



# ਸੰਪਾਦਕੀ

## ਹੈਰੋਇਨ ਦੀ ਸਪਲਾਈ ਘਟੀ ਤਾਂ ਨਸ਼ੀਲੀਆਂ ਦਵਾਈਆਂ ਨੇ ਘੇਰਿਆ ਪੰਜਾਬ, ਨੀਤੀ ਬਦਲਣ ਦੀ ਲੋੜ

ਸਰਹੱਦ ਪਾਰੋਂ ਡਰੋਨਾਂ ਰਾਹੀਂ ਨਸ਼ਾ ਆਉਣ ’ਤੇ ਲੱਗੀ ਰੋਕ ਤੋਂ ਬਾਅਦ ਦੂਜੇ ਸੂਬਿਆਂ ਤੋਂ ਮੈਡੀਕਲ ਨਸ਼ਿਆਂ ਦੀ ਆਮਦ ਵਧੀ; ਪੰਜਾਬ ਪੁਲੀਸ ਦੀ ਰਿਪੋਰਟ ਨੇ ਖੋਲ੍ਹੀ ਤਸਕਰੀ ਦੇ ਬਦਲਦੇ ਨੈੱਟਵਰਕ ਦੀ ਤਸਵੀਰ

ਪੰਜਾਬ ਪੁਲੀਸ ਦੀ ਤਾਜ਼ਾ ਰਿਪੋਰਟ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਦੀ ਇੱਕ ਰਲੀ-ਮਿਲੀ ਤਸਵੀਰ ਪੇਸ਼ ਕਰਦੀ ਹੈ। ਸਰਹੱਦ ਪਾਰੋਂ ਡਰੋਨਾਂ ਦੀ ਆਵਾਜਾਈ ਨੂੰ ਰੋਕਣ ਲਈ ਸਖ਼ਤ ਕਦਮ ਚੁੱਕਣ ਕਾਰਨ ਸੂਬੇ ਵਿੱਚ ਹੈਰੋਇਨ ਦੀ ਸਪਲਾਈ ਵਿੱਚ ਭਾਰੀ ਗਿਰਾਵਟ ਆਈ ਹੈ। ਸਰਹੱਦੀ ਨਿਗਰਾਨੀ ਨੂੰ ਸਖ਼ਤ ਕਰਨ ਲਈ ਪੰਜਾਬ ਸਰਕਾਰ ਅਤੇ ਪੁਲੀਸ ਦੀ ਤਾਰੀਫ਼ ਹੋਣੀ ਚਾਹੀਦੀ ਹੈ, ਪਰ ਇਸ ਖ਼ਲਾਅ ਨੂੰ ਹੁਣ ਦੂਜੇ ਸੂਬਿਆਂ ਤੋਂ ਆਉਂਦੇ ਫਾਰਮਾਸਿਊਟੀਕਲ ਨਸ਼ਿਆਂ ਨੇ ਭਰ ਦਿੱਤਾ ਹੈ।

ਪੁਲੀਸ ਮੁਤਾਬਿਕ ਪੰਜਾਬ ਵਿੱਚ ਪਹੁੰਚ ਰਹੀਆਂ ਨਸ਼ੀਲੀਆਂ ਦਵਾਈਆਂ ਵਿੱਚੋਂ ਲਗਪਗ 80 ਫ਼ੀਸਦੀ ਗੁਜਰਾਤ, ਉੱਤਰ ਪ੍ਰਦੇਸ਼, ਰਾਜਸਥਾਨ, ਹਰਿਆਣਾ ਅਤੇ ਦਿੱਲੀ ਤੋਂ ਆ ਰਹੀਆਂ ਹਨ। ਸਾਲ 2025 ਤੋਂ ਲੈ ਕੇ ਹੁਣ ਤੱਕ 11.54 ਲੱਖ ਗੋਲੀਆਂ ਅਤੇ ਕੈਪਸੂਲ ਫੜੇ ਜਾ ਚੁੱਕੇ ਹਨ। ਇਹ ਅੰਕੜੇ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਨਸ਼ਾ ਤਸਕਰੀ ਦਾ ਧੰਦਾ ਸਖ਼ਤੀ ਵਧਣ ਦੇ ਨਾਲ ਕਿੰਨੀ ਤੇਜ਼ੀ ਨਾਲ ਆਪਣੇ ਰਸਤੇ ਬਦਲ ਲੈਂਦਾ ਹੈ।

ਡਰੋਨਾਂ ਅਤੇ ਪਾਕਿਸਤਾਨੀ ਸਰਹੱਦ ’ਤੇ ਧਿਆਨ ਕੇਂਦਰਿਤ ਕਰਨ ਨਾਲ ਭਾਵੇਂ ਨਸ਼ਾ ਸਪਲਾਈ ਦਾ ਇੱਕ ਰਸਤਾ ਰੋਕਿਆ ਗਿਆ ਹੋਵੇ, ਪਰ ਹੁਣ ਕਾਨੂੰਨੀ ਮੈਡੀਕਲ ਚੈਨਲਾਂ ਦੀ ਦੁਰਵਰਤੋਂ ਕਰਕੇ ਇੱਕ ਹੋਰ ਖ਼ਤਰਨਾਕ ਨੈੱਟਵਰਕ ਖੜ੍ਹਾ ਹੋ ਰਿਹਾ ਹੈ। ਇਲਾਜ ਲਈ ਤਿਆਰ ਕੀਤੀਆਂ ਜਾਣ ਵਾਲੀਆਂ ਦਵਾਈਆਂ ਨੂੰ ਗ਼ੈਰ-ਕਾਨੂੰਨੀ ਬਾਜ਼ਾਰ ਵਿੱਚ ਧੱਕਿਆ ਜਾ ਰਿਹਾ ਹੈ। ਇਸ ਕਾਰਨ ਇਹ ਸਮੱਸਿਆ ਸਿਰਫ਼ ਅਪਰਾਧਿਕ ਮਾਮਲਾ ਨਹੀਂ ਰਹੀ, ਸਗੋਂ ਸਰਕਾਰੀ ਨਿਗਰਾਨੀ, ਕਾਨੂੰਨ-ਵਿਵਸਥਾ ਅਤੇ ਦਵਾਈਆਂ ਦੀ ਸਪਲਾਈ ਪ੍ਰਣਾਲੀ ਨਾਲ ਜੁੜੀ ਵੱਡੀ ਚੁਣੌਤੀ ਵੀ ਬਣ ਗਈ ਹੈ।

ਬਾਕੀ ਥਾਵਾਂ ’ਤੇ ਹੋਈਆਂ ਤਾਜ਼ਾ ਬਰਾਮਦਗੀਆਂ ਇਸ ਖ਼ਤਰੇ ਨੂੰ ਹੋਰ ਉਜਾਗਰ ਕਰਦੀਆਂ ਹਨ। ਸਾਲ 2025 ਵਿੱਚ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਦਵਾਈਆਂ ਬਣਾਉਣ ਵਾਲਿਆਂ, ਥੋਕ ਸਟਾਕਿਸਟਾਂ ਅਤੇ ਫ਼ਰਜ਼ੀ ਅਦਾਰਿਆਂ ਨਾਲ ਜੁੜੇ ਕਈ ਸੂਬਿਆਂ ਵਿੱਚ ਫੈਲੇ ਮੈਡੀਕਲ ਨਸ਼ਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਸੀ।

ਇਸ ਸਾਲ ਅਗਸਤ ਵਿੱਚ ਸੈਂਟਰਲ ਬਿਊਰੋ ਔਫ ਨਾਰਕੋਟਿਕਸ ਨੇ ਪੰਜਾਬ-ਹਿਮਾਚਲ ਪ੍ਰਦੇਸ਼ ਲਾਂਘੇ ਤੋਂ ਕਰੀਬ 67 ਲੱਖ ਨਸ਼ੀਲੀਆਂ ਗੋਲੀਆਂ ਜ਼ਬਤ ਕੀਤੀਆਂ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਹ ਮਾਮਲਾ ਸਿਰਫ਼ ਗਲੀਆਂ-ਮੁਹੱਲਿਆਂ ਵਿੱਚ ਨਸ਼ਾ ਵੇਚਣ ਵਾਲਿਆਂ ਤੱਕ ਸੀਮਿਤ ਨਹੀਂ ਹੈ। ਇਸ ਦੇ ਪਿੱਛੇ ਦਵਾਈਆਂ ਦੇ ਉਤਪਾਦਨ, ਸਟੋਰੇਜ, ਥੋਕ ਵਿਕਰੀ, ਵੰਡ ਅਤੇ ਢੋਆ-ਢੁਆਈ ਨਾਲ ਜੁੜਿਆ ਇੱਕ ਵੱਡਾ ਨੈੱਟਵਰਕ ਹੋ ਸਕਦਾ ਹੈ, ਜਿਸ ਦੀ ਡੂੰਘਾਈ ਨਾਲ ਜਾਂਚ ਦੀ ਲੋੜ ਹੈ।

ਪੰਜਾਬ ਨੂੰ ਉਨ੍ਹਾਂ ਸੂਬਿਆਂ ਨਾਲ ਮਿਲ ਕੇ ਸਾਂਝੀ ਰਣਨੀਤੀ ਬਣਾਉਣ ਦੀ ਲੋੜ ਹੈ, ਜਿੱਥੋਂ ਇਹ ਨਸ਼ੀਲੀਆਂ ਦਵਾਈਆਂ ਆ ਰਹੀਆਂ ਹਨ। ਡਰੱਗ ਕੰਟਰੋਲ ਅਥਾਰਟੀਆਂ ਨੂੰ ਦਵਾਈਆਂ ਬਣਾਉਣ ਵਾਲਿਆਂ, ਥੋਕ ਵਿਕਰੇਤਾਵਾਂ, ਵੰਡਕਾਰਾਂ ਅਤੇ ਢੋਆ-ਢੁਆਈ ਕਰਨ ਵਾਲਿਆਂ ਦੀ ਡੂੰਘੀ ਪੜਤਾਲ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪੁਲੀਸ ਅਤੇ ਜਾਂਚ ਏਜੰਸੀਆਂ ਨੂੰ ਤਸਕਰੀ ਨਾਲ ਜੁੜੀ ਖ਼ੁਫ਼ੀਆ ਜਾਣਕਾਰੀ ਆਪਸ ਵਿੱਚ ਸਾਂਝੀ ਕਰਨੀ ਪਵੇਗੀ ਤਾਂ ਜੋ ਇੱਕ ਸੂਬੇ ਵਿੱਚ ਕਾਰਵਾਈ ਤੋਂ ਬਾਅਦ ਤਸਕਰ ਦੂਜੇ ਸੂਬੇ ਵਿੱਚ ਆਪਣਾ ਨੈੱਟਵਰਕ ਖੜ੍ਹਾ ਨਾ ਕਰ ਸਕਣ।

ਜ਼ਰੂਰੀ ਦਵਾਈਆਂ ਦੀ ਜਾਇਜ਼ ਮਾਰਕੀਟ ਨੂੰ ਪ੍ਰਭਾਵਿਤ ਕੀਤੇ ਬਿਨਾਂ ਡਾਕਟਰੀ ਪਰਚੀਆਂ ਅਤੇ ਦਵਾਈਆਂ ਦੇ ਸਟਾਕ ਦੀ ਸਖ਼ਤ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ। ਦਵਾਈਆਂ ਦੀ ਵਿਕਰੀ ਅਤੇ ਵੰਡ ਦੇ ਰਿਕਾਰਡ ਦੀ ਜਾਂਚ ਕਰਕੇ ਇਹ ਪਤਾ ਲਗਾਉਣਾ ਵੀ ਜ਼ਰੂਰੀ ਹੈ ਕਿ ਕਿਹੜੀਆਂ ਦਵਾਈਆਂ ਅਸਲ ਮਰੀਜ਼ਾਂ ਤੱਕ ਪਹੁੰਚ ਰਹੀਆਂ ਹਨ ਅਤੇ ਕਿਹੜੀਆਂ ਗ਼ੈਰ-ਕਾਨੂੰਨੀ ਬਾਜ਼ਾਰ ਵਿੱਚ ਜਾ ਰਹੀਆਂ ਹਨ।

ਨਸ਼ਾ ਛੁਡਾਊ ਕੇਂਦਰਾਂ ਵਿੱਚ ਮਰੀਜ਼ਾਂ ਦੀ ਗਿਣਤੀ ਦਾ ਤੇਜ਼ੀ ਨਾਲ ਵਧਣਾ ਇਹ ਦਰਸਾਉਂਦਾ ਹੈ ਕਿ ਇਲਾਜ ਦੀ ਲੋੜ ਲਗਾਤਾਰ ਬਣੀ ਹੋਈ ਹੈ। ਜੇਕਰ ਨਸ਼ਾ ਕਰਨ ਵਾਲੇ ਲੋਕ ਹੈਰੋਇਨ ਛੱਡ ਕੇ ਮੈਡੀਕਲ ਨਸ਼ਿਆਂ ਵੱਲ ਮੁੜ ਰਹੇ ਹਨ ਤਾਂ ਸਮੱਸਿਆ ਦਾ ਰੂਪ ਜ਼ਰੂਰ ਬਦਲ ਜਾਂਦਾ ਹੈ, ਪਰ ਇਸ ਦਾ ਇਨਸਾਨੀ ਨੁਕਸਾਨ ਉਵੇਂ ਹੀ ਬਣਿਆ ਰਹਿੰਦਾ ਹੈ।

ਨਸ਼ਾ ਤਸਕਰੀ ਨੇ ਆਪਣਾ ਰਾਹ ਬਦਲ ਲਿਆ ਹੈ, ਇਸ ਲਈ ਪੰਜਾਬ ਦੀ ਨੀਤੀ ਨੂੰ ਵੀ ਆਪਣਾ ਤਰੀਕਾ ਬਦਲਣਾ ਪਵੇਗਾ। ਸਿਰਫ਼ ਸਰਹੱਦ ’ਤੇ ਨਿਗਰਾਨੀ ਵਧਾਉਣਾ ਕਾਫ਼ੀ ਨਹੀਂ ਹੋਵੇਗਾ। ਨਸ਼ੀਲੀਆਂ ਦਵਾਈਆਂ ਦੇ ਉਤਪਾਦਨ ਤੋਂ ਲੈ ਕੇ ਉਨ੍ਹਾਂ ਦੀ ਗੈਰ-ਕਾਨੂੰਨੀ ਵਿਕਰੀ ਤੱਕ ਪੂਰੀ ਸਪਲਾਈ ਲੜੀ ’ਤੇ ਨਿਗਰਾਨੀ, ਸੂਬਿਆਂ ਵਿਚਕਾਰ ਬਿਹਤਰ ਤਾਲਮੇਲ ਅਤੇ ਨਸ਼ਾ ਕਰਨ ਵਾਲੇ ਲੋਕਾਂ ਲਈ ਇਲਾਜ ਤੇ ਪੁਨਰਵਾਸ ਦੀਆਂ ਸਹੂਲਤਾਂ ਨੂੰ ਇਕੱਠੇ ਮਜ਼ਬੂਤ ਕਰਨਾ ਹੀ ਇਸ ਬਦਲ ਰਹੀ ਚੁਣੌਤੀ ਨਾਲ ਨਜਿੱਠਣ ਦਾ ਕੇਂਦਰ ਬਣਨਾ ਚਾਹੀਦਾ ਹੈ।

# ਪਾਇਲਟਾਂ ਦੀ ਸਿਹਤ ਨੂੰ ਲੈ ਕੇ ਵਧੀ ਚਿੰਤਾ, ਥਕਾਵਟ ਦੇ ਖ਼ਤਰੇ ’ਤੇ ਸਖ਼ਤ ਨਿਗਰਾਨੀ ਦੀ ਮੰਗ



ਨਵੰਬਰ 2023 ਤੋਂ ਹੁਣ ਤੱਕ ਛੇ ਭਾਰਤੀ-ਏਸ਼ਿਆਈ ਏਅਰਲਾਈਨ ਪਾਇਲਟਾਂ ਦੀ ਮੌਤ; ਉਡਾਣ ਡਿਊਟੀ ਸਮਾਂ ਸੀਮਾਵਾਂ ਵਿੱਚ ਮਿਲਦੀਆਂ ਛੋਟਾਂ ਖ਼ਤਮ ਕਰਨ ਅਤੇ ਥਕਾਵਟ ਨਾਲ ਜੁੜੇ ਜੋਖ਼ਮਾਂ ਲਈ ਪੁਖ਼ਤਾ ਪ੍ਰਬੰਧ ਦੀ ਮੰਗ

ਹਵਾਬਾਜ਼ੀ ਖੇਤਰ ਵਿੱਚ ਪਾਇਲਟਾਂ ਦੀ ਸਿਹਤ ਅਤੇ ਉਨ੍ਹਾਂ ਦੀ ਕੰਮਕਾਜੀ ਸਥਿਤੀ ਨੂੰ ਲੈ ਕੇ ਚਿੰਤਾ ਵਧ ਰਹੀ ਹੈ। ਨਵੰਬਰ 2023 ਤੋਂ ਲੈ ਕੇ ਹੁਣ ਤੱਕ ਛੇ ਭਾਰਤੀ-ਏਸ਼ਿਆਈ ਏਅਰਲਾਈਨ ਪਾਇਲਟਾਂ ਦੀ ਮੌਤ ਹੋ ਚੁੱਕੀ ਹੈ। ਇਸ ਮਾਮਲੇ ਨੂੰ ਲੈ ਕੇ ਫੈਡਰੇਸ਼ਨ ਆਫ ਇੰਡੀਅਨ ਪਾਇਲਟਸ ਨੇ ਡਾਇਰੈਕਟੋਰੇਟ ਜਨਰਲ ਆਫ ਸਿਵਿਲ ਏਵੀਏਸ਼ਨ ਨੂੰ ਅਪੀਲ ਕੀਤੀ ਹੈ ਕਿ ਉਡਾਣ ਡਿਊਟੀ ਸਮਾਂ ਸੀਮਾ ਵਿੱਚ ਮਿਲਦੀਆਂ ਛੋਟਾਂ ਨੂੰ ਬੰਦ ਕੀਤਾ ਜਾਵੇ ਅਤੇ ਪਾਇਲਟਾਂ ’ਤੇ ਥਕਾਵਟ ਦੇ ਪੈਣ ਵਾਲੇ ਸੰਭਾਵਿਤ ਮਾਰੂ ਅਸਰ ਨੂੰ ਰੋਕਣ ਲਈ ਇੱਕ ਪੁਖ਼ਤਾ ਪ੍ਰਬੰਧ ਤਿਆਰ ਕੀਤਾ ਜਾਵੇ।

ਇਸ ਮੰਗ ’ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ। ਹਾਲਾਂਕਿ ਅਜੇ ਤੱਕ ਅਜਿਹਾ ਕੋਈ ਠੋਸ ਸਬੂਤ ਸਾਹਮਣੇ ਨਹੀਂ ਆਇਆ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਮੌਤ ਦਾ ਕਾਰਨ ਥਕਾਵਟ ਸੀ। ਉਪਲਬਧ ਜਾਣਕਾਰੀ ਮੁਤਾਬਿਕ ਇਹ ਮੌਤਾਂ ਦਿਲ ਦਾ ਦੌਰਾ ਪੈਣ ਜਾਂ ਹੋਰ ਹਾਲਾਤਾਂ ਕਾਰਨ ਹੋਈਆਂ ਅਤੇ ਇਨ੍ਹਾਂ ਮਾਮਲਿਆਂ ਦੀ ਜਾਂਚ ਅਜੇ ਜਾਰੀ ਹੈ। ਇਨ੍ਹਾਂ ਮੌਤਾਂ ਅਤੇ ਥਕਾਵਟ ਵਿਚਕਾਰ ਸਿੱਧਾ ਸਬੰਧ ਸਾਬਤ ਨਾ ਹੋਣਾ ਫੈਡਰੇਸ਼ਨ ਵੱਲੋਂ ਪ੍ਰਗਟ ਕੀਤੀਆਂ ਚਿੰਤਾਵਾਂ ਨੂੰ ਨਜ਼ਰਅੰਦਾਜ਼ ਕਰਨ ਦਾ ਕਾਰਨ ਨਹੀਂ ਬਣ ਸਕਦਾ।

ਅਜੋਕੇ ਸਮੇਂ ਵਿੱਚ ਹਵਾਬਾਜ਼ੀ ਸੁਰੱਖਿਆ ਨੂੰ ਸਿਰਫ਼ ਪਾਇਲਟਾਂ ਦੇ ਡਿਊਟੀ ਘੰਟੇ ਗਿਣਨ ਤੱਕ ਸੀਮਿਤ ਨਹੀਂ ਰੱਖਿਆ ਜਾ ਸਕਦਾ। ਲਗਾਤਾਰ ਡਿਊਟੀਆਂ, ਰਾਤ ਦੀਆਂ ਉਡਾਣਾਂ, ਸਰੀਰਕ ਘੜੀ ਵਿੱਚ ਵਿਘਨ, ਕੰਮ ਦਾ ਵਧਿਆ ਹੋਇਆ ਬੋਝ ਅਤੇ ਆਰਾਮ ਲਈ ਮਿਲਣ ਵਾਲਾ ਘੱਟ ਸਮਾਂ—ਇਹ ਸਾਰੇ ਕਾਰਕ ਪਾਇਲਟਾਂ ਦੀ ਚੌਕਸੀ ਅਤੇ ਫ਼ੈਸਲਾ ਲੈਣ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਉਡਾਣ ਡਿਊਟੀ ਸਮਾਂ ਸੀਮਾ ਦੇ ਨਿਯਮ ਹਵਾਬਾਜ਼ੀ ਸੁਰੱਖਿਆ ਲਈ ਇੱਕ ਅਹਿਮ ਸੁਰੱਖਿਆ ਘੇਰਾ ਹਨ, ਪਰ ਇਹ ਇਕੱਲੇ ਥਕਾਵਟ ਨਾਲ ਜੁੜੇ ਹਰ ਜੋਖ਼ਮ ਨਾਲ ਨਜਿੱਠਣ ਲਈ ਕਾਫ਼ੀ ਨਹੀਂ ਹਨ। ਪਾਇਲਟਾਂ ਦੀ ਕੰਮਕਾਜੀ ਸਥਿਤੀ, ਆਰਾਮ ਦਾ ਸਮਾਂ, ਉਡਾਣਾਂ ਦੀ ਸਮਾਂ-ਸਾਰਣੀ ਅਤੇ ਲਗਾਤਾਰ ਡਿਊਟੀਆਂ ਵਰਗੇ ਪਹਿਲੂਆਂ ਨੂੰ ਵੀ ਸਮੁੱਚੀ ਸੁਰੱਖਿਆ ਪ੍ਰਣਾਲੀ ਦਾ ਹਿੱਸਾ ਬਣਾਉਣ ਦੀ ਲੋੜ ਹੈ।

ਸੋਧੇ ਹੋਏ ਉਡਾਣ ਡਿਊਟੀ ਸਮਾਂ ਸੀਮਾ ਨਿਯਮਾਂ ਨੂੰ ਲੈ ਕੇ ਬਹਿਸ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਹੋਰ ਜ਼ੋਰ ਫੜਿਆ ਹੈ। ਬੀਤੀ ਜੁਲਾਈ ਵਿੱਚ ਇੰਡੀਗੋ ਨੇ ਦਲੀਲ ਦਿੱਤੀ ਸੀ ਕਿ ਰਾਤ ਦੀਆਂ ਉਡਾਣਾਂ ’ਤੇ ਸਖ਼ਤ ਪਾਬੰਦੀਆਂ ਅਤੇ ਲਾਜ਼ਮੀ ਆਰਾਮ ਦੇ ਲੰਮੇ ਸਮੇਂ ਕਾਰਨ ਕੌਕਪਿਟ ਦੀ ਉਤਪਾਦਕਤਾ ਪ੍ਰਭਾਵਿਤ ਹੋਈ ਹੈ ਅਤੇ ਖ਼ਰਚੇ ਵਧੇ ਹਨ। ਇਨ੍ਹਾਂ ਚਿੰਤਾਵਾਂ ਦੀ ਪੜਤਾਲ ਠੋਸ ਤੱਥਾਂ ਅਤੇ ਕੌਮਾਂਤਰੀ ਮਾਪਦੰਡਾਂ ਦੇ ਆਧਾਰ ’ਤੇ ਕੀਤੀ ਜਾਣੀ ਚਾਹੀਦੀ ਹੈ, ਪਰ ਵਪਾਰਕ ਚਿੰਤਾਵਾਂ ਨੂੰ ਹਵਾਬਾਜ਼ੀ ਸੁਰੱਖਿਆ ਨਾਲ ਜੁੜੇ ਪਹਿਲੂਆਂ ’ਤੇ ਭਾਰੂ ਨਹੀਂ ਪੈਣ ਦੇਣਾ ਚਾਹੀਦਾ।

ਇਸ ਮਾਮਲੇ ਦਾ ਹੱਲ ਸੁਰੱਖਿਆ ਅਤੇ ਮੁਨਾਫ਼ੇ ਵਿੱਚੋਂ ਕਿਸੇ ਇੱਕ ਨੂੰ ਚੁਣਨ ਵਿੱਚ ਨਹੀਂ, ਸਗੋਂ ਬਿਹਤਰ ਅਤੇ ਵਿਗਿਆਨਕ ਆਧਾਰ ਵਾਲੇ ਨਿਯਮ ਬਣਾਉਣ ਵਿੱਚ ਹੈ। ਇੱਕ ਮਜ਼ਬੂਤ ਰਾਸ਼ਟਰੀ ਪ੍ਰਣਾਲੀ ਨੂੰ ਸਿਰਫ਼ ਡਿਊਟੀ ਦੀਆਂ ਨਿਰਧਾਰਤ ਹੱਦਾਂ ਤੱਕ ਸੀਮਿਤ ਰਹਿਣ ਦੀ ਬਜਾਏ ਵੱਖ-ਵੱਖ ਏਅਰਲਾਈਨਾਂ ਦੇ ਸਟਾਫ਼, ਖ਼ਾਸਕਰ ਪਾਇਲਟਾਂ ’ਤੇ ਥਕਾਵਟ ਕਾਰਨ ਪੈਣ ਵਾਲੇ ਅਸਰ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਹੈ।

ਇਸ ਦੇ ਨਾਲ ਹੀ ਕੰਮ ਵਾਲੀ ਥਾਂ ’ਤੇ ਅਜਿਹਾ ਮਾਹੌਲ ਬਣਾਉਣਾ ਵੀ ਬਹੁਤ ਜ਼ਰੂਰੀ ਹੈ ਜਿੱਥੇ ਪਾਇਲਟ ਬਿਨਾਂ ਕਿਸੇ ਡਰ ਦੇ ਆਪਣੀਆਂ ਸਮੱਸਿਆਵਾਂ ਬਾਰੇ ਗੱਲ ਕਰ ਸਕਣ। ਪਾਇਲਟਾਂ ਨੂੰ ਆਪਣੀ ਥਕਾਵਟ ਬਾਰੇ ਖੁੱਲ੍ਹ ਕੇ ਰਿਪੋਰਟ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਡਿਊਟੀਆਂ ਦੀ ਵਾਰੀ ਬਦਲਣ, ਕੰਮਕਾਜੀ ਮੌਕਿਆਂ ਜਾਂ ਆਪਣੇ ਕਰੀਅਰ ਨੂੰ ਨੁਕਸਾਨ ਪਹੁੰਚਣ ਦਾ ਡਰ ਨਾ ਰਹੇ। ਥਕਾਵਟ ਦੀ ਰਿਪੋਰਟਿੰਗ ਨੂੰ ਸਜ਼ਾ ਜਾਂ ਦਬਾਅ ਦੀ ਬਜਾਏ ਸੁਰੱਖਿਆ ਸੁਧਾਰਨ ਦੇ ਸਾਧਨ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਭਾਰਤ ਦਾ ਹਵਾਬਾਜ਼ੀ ਖੇਤਰ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਜਿਵੇਂ-ਜਿਵੇਂ ਉਡਾਣਾਂ ਦੀ ਗਿਣਤੀ ਅਤੇ ਹਵਾਈ ਯਾਤਰਾ ਦਾ ਦਾਇਰਾ ਵਧ ਰਿਹਾ ਹੈ, ਉਸੇ ਅਨੁਪਾਤ ਵਿੱਚ ਸੁਰੱਖਿਆ ਪ੍ਰਣਾਲੀਆਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਵੀ ਵਧ ਰਹੀ ਹੈ। ਪਾਇਲਟਾਂ ਦੀ ਸਿਹਤ ਅਤੇ ਆਰਾਮ ਨੂੰ ਹਵਾਬਾਜ਼ੀ ਸੁਰੱਖਿਆ ਦਾ ਅਹਿਮ ਹਿੱਸਾ ਮੰਨਣਾ ਜ਼ਰੂਰੀ ਹੈ।

ਥਕਾਵਟ ਨਾਲ ਜੁੜੇ ਨਿਯਮਾਂ ਨੂੰ ਪਾਰਦਰਸ਼ੀ ਬਣਾਇਆ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਨਿਯਮਾਂ ਦੀ ਨਿਯਮਤ ਸਮੀਖਿਆ, ਪਾਇਲਟਾਂ ਦੀ ਸਿਹਤ ਨਾਲ ਸਬੰਧਤ ਅੰਕੜਿਆਂ ਦੀ ਵਿਗਿਆਨਕ ਪੜਤਾਲ ਅਤੇ ਥਕਾਵਟ ਦੀ ਰਿਪੋਰਟਿੰਗ ਲਈ ਸੁਰੱਖਿਅਤ ਪ੍ਰਣਾਲੀ ਵਿਕਸਤ ਕਰਨੀ ਵੀ ਜ਼ਰੂਰੀ ਹੈ। ਇਸ ਨਾਲ ਪਾਇਲਟਾਂ ਦੇ ਨਾਲ-ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੇਠ ਯਾਤਰਾ ਕਰਨ ਵਾਲੇ ਲੱਖਾਂ ਮੁਸਾਫ਼ਰਾਂ ਦੀ ਜਾਨ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇਗਾ।

# ਚੀਨ ਤੋਂ ਪਿੱਛੇ ਰਹਿਣ ਦੀ ਵਜ੍ਹਾ ਕੀ? ਭਾਰਤ ਦੀ ਉਦਯੋਗਿਕ ਨੀਤੀ ’ਤੇ ਵੱਡੇ ਸਵਾਲ

## 1991 ਤੋਂ ਬਾਅਦ ਭਾਰਤ ਅਤੇ ਚੀਨ ਦੇ ਵਿਕਾਸ ਮਾਡਲ ਹੋਏ ਵੱਖਰੇ; ਨਿਰਮਾਣ ਖੇਤਰ, ਵਿਦੇਸ਼ੀ ਨਿਵੇਸ਼ ਅਤੇ ਤਕਨਾਲੋਜੀ ਵਿੱਚ ਚੀਨ ਨੇ ਬਣਾਈ ਵੱਡੀ ਬੜ੍ਹਤ





ਬ੍ਰਿਕਸ ਸੰਮੇਲਨ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਹੋਈ ਮੀਟਿੰਗ ਨੂੰ ਦੋ ਨਾਬਰਾਬਰ ਧਿਰਾਂ ਵਿਚਕਾਰ ਹੋਈ ਮੁਲਾਕਾਤ ਵਜੋਂ ਵੇਖਿਆ ਗਿਆ ਹੈ। ਭਾਰਤ ਅਤੇ ਚੀਨ ਦੇ ਆਰਥਿਕ ਵਿਕਾਸ ਦੀ ਤੁਲਨਾ ਕਰਦਿਆਂ ਇਹ ਸਵਾਲ ਮੁੜ ਉੱਠ ਰਿਹਾ ਹੈ ਕਿ ਆਖ਼ਰ ਭਾਰਤ ਵਿਕਾਸ ਦੇ ਰਾਹ ’ਤੇ ਕਿੱਥੇ ਪਿੱਛੇ ਰਹਿ ਗਿਆ ਅਤੇ 1991 ਤੋਂ ਬਾਅਦ ਦੋਵਾਂ ਦੇਸ਼ਾਂ ਦੀਆਂ ਵਿਕਾਸ ਰਣਨੀਤੀਆਂ ਵਿੱਚ ਇੰਨਾ ਵੱਡਾ ਫ਼ਰਕ ਕਿਵੇਂ ਪੈਦਾ ਹੋਇਆ।

ਸਾਲ 2013 ਵਿੱਚ ਚੀਨ ਵਿੱਚ ਭਾਰਤ ਦੇ ਸਫ਼ੀਰ ਨੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਬੋਰਡ ਨੂੰ ਹੈਰਾਨ ਕਰਦਿਆਂ ਖ਼ਦਸ਼ਾ ਜਤਾਇਆ ਸੀ ਕਿ ਭਾਰਤ ਚੀਨ ਦੀ ਬਸਤੀ ਬਣਦਾ ਜਾ ਰਿਹਾ ਹੈ। ਸਾਲ 1990-91 ਵਿੱਚ ਭਾਰਤ ਅਤੇ ਚੀਨ ਵਿਚਕਾਰ ਵਪਾਰ 1 ਅਰਬ ਡਾਲਰ ਤੋਂ ਵੀ ਘੱਟ ਸੀ। ਉਸ ਸਮੇਂ ਚੀਨ ਨੂੰ ਭਾਰਤ ਦੀ ਬਰਾਮਦ ਜ਼ਿਆਦਾ ਸੀ ਅਤੇ ਉੱਥੋਂ ਮੰਗਵਾਇਆ ਜਾਣ ਵਾਲਾ ਮਾਲ ਘੱਟ ਸੀ, ਪਰ 2011-12 ਤੱਕ ਇਹ ਵਪਾਰ ਵਧ ਕੇ 76 ਅਰਬ ਡਾਲਰ ਤੱਕ ਪਹੁੰਚ ਗਿਆ।

ਭਾਰਤੀ ਸਫ਼ੀਰ ਨੇ ਦੱਸਿਆ ਸੀ ਕਿ ਭਾਰਤ-ਚੀਨ ਵਪਾਰ ਦਾ ਇਹ ਪੈਟਰਨ ਉਸ ਤਰ੍ਹਾਂ ਦਾ ਸੀ, ਜੋ ਕਿਸੇ ਆਰਥਿਕ ਮਹਾਸ਼ਕਤੀ ਅਤੇ ਉਸ ਦੀਆਂ ਬਸਤੀਆਂ ਵਿਚਕਾਰ ਹੁੰਦਾ ਹੈ। ਭਾਰਤ ਨੂੰ ਚੀਨ ਵੱਲੋਂ ਉਹ ਪੂੰਜੀਗਤ ਵਸਤਾਂ ਅਤੇ ਉਦਯੋਗਿਕ ਕੱਚਾ ਮਾਲ ਮੁਹੱਈਆ ਕਰਵਾਇਆ ਜਾ ਰਿਹਾ ਸੀ, ਜਿਨ੍ਹਾਂ ਦੀ ਦੇਸ਼ ਦੇ ਬੁਨਿਆਦੀ ਢਾਂਚੇ ਅਤੇ ਉਦਯੋਗਾਂ ਨੂੰ ਲੋੜ ਸੀ। ਇਸ ਦੇ ਉਲਟ ਭਾਰਤ ਵੱਲੋਂ ਚੀਨ ਨੂੰ ਕੀਤੀ ਜਾਣ ਵਾਲੀ ਬਰਾਮਦ ਮੁੱਖ ਤੌਰ ’ਤੇ ਮੁੱਢਲੇ ਉਤਪਾਦਾਂ, ਜਿਵੇਂ ਧਾਤਾਂ, ਖਣਿਜਾਂ ਅਤੇ ਕਪਾਹ ਤੱਕ ਸੀਮਿਤ ਰਹੀ।

ਸਾਲ 1990-91 ਵਿੱਚ ਭਾਰਤ ਚੀਨ ਨੂੰ ਤਿਆਰ ਮਾਲ ਜ਼ਿਆਦਾ ਭੇਜਦਾ ਸੀ, ਜਦੋਂਕਿ 2013 ਤੱਕ ਚੀਨ ‘ਦੁਨੀਆ ਦਾ ਕਾਰਖ਼ਾਨਾ’ ਬਣ ਚੁੱਕਾ ਸੀ। 1991 ਤੋਂ ਲੈ ਕੇ ਹੁਣ ਤੱਕ ਚੀਨ ਦਾ ਨਿਰਮਾਣ ਖੇਤਰ ਭਾਰਤ ਨਾਲੋਂ ਅੱਠ ਗੁਣਾ ਵੱਡਾ ਹੋ ਚੁੱਕਾ ਹੈ ਅਤੇ ਉੱਚ-ਮੁੱਲ ਵਾਲੇ ਉਤਪਾਦਾਂ ਦਾ ਖੇਤਰ ਭਾਰਤ ਨਾਲੋਂ ਪੰਜਾਹ ਗੁਣਾ ਵੱਡਾ ਹੋ ਗਿਆ ਹੈ।

ਸਾਬਕਾ ਸਫ਼ੀਰਾਂ, ਸੇਵਾਮੁਕਤ ਫ਼ੌਜੀ ਜਰਨੈਲਾਂ ਅਤੇ ਕੌਮਾਂਤਰੀ ਰਣਨੀਤੀ ਦੇ ਮਾਹਿਰਾਂ ਦੀ ਸ਼ਮੂਲੀਅਤ ਵਾਲਾ ਕੌਮੀ ਸੁਰੱਖਿਆ ਸਲਾਹਕਾਰ ਬੋਰਡ ਇਸ ਗੱਲੋਂ ਚਿੰਤਤ ਸੀ ਕਿ ਟੈਲੀਕੌਮ, ਬਿਜਲਈ ਉਪਕਰਣਾਂ ਅਤੇ ਇਲੈਕਟ੍ਰੌਨਿਕ ਹਾਰਡਵੇਅਰ ਲਈ ਚੀਨੀ ਸਾਮਾਨ ’ਤੇ ਭਾਰਤ ਦੀ ਨਿਰਭਰਤਾ ਹੁਣ ਸਿਰਫ਼ ਆਰਥਿਕ ਮੁੱਦਾ ਨਹੀਂ ਰਹੀ, ਸਗੋਂ ਕੌਮੀ ਸੁਰੱਖਿਆ ਦਾ ਮੁੱਦਾ ਵੀ ਬਣ ਗਈ ਹੈ। ਬੋਰਡ ਇਹ ਜਾਣਨਾ ਚਾਹੁੰਦਾ ਸੀ ਕਿ 1991 ਤੋਂ ਬਾਅਦ ਭਾਰਤ ਦੀ ਉਦਯੋਗਿਕ ਨੀਤੀ ਕਿਉਂ ਨਾਕਾਮ ਰਹੀ ਅਤੇ ਕੀ ਭਾਰਤ ਕੋਲ ਕੋਈ ਉਦਯੋਗਿਕ ਨੀਤੀ ਹੈ ਵੀ ਜਾਂ ਨਹੀਂ?

ਸਾਲ 1991 ਵਿੱਚ ਉਦਯੋਗਿਕ ਨੀਤੀ ਨੂੰ ਤਿਲਾਂਜਲੀ ਦੇ ਦਿੱਤੀ ਗਈ। ਅਸਲ ਗੱਲ ਇਹ ਹੈ ਕਿ ਭਾਰਤ ਕੋਲ ਕੋਈ ਮਜ਼ਬੂਤ ਉਦਯੋਗਿਕ ਨੀਤੀ ਰਹੀ ਹੀ ਨਹੀਂ ਸੀ ਕਿਉਂਕਿ ਜਦੋਂ ਭਾਰਤ ਨੂੰ ਐਮਰਜੈਂਸੀ ਕਰਜ਼ੇ ਲਈ ਆਈ ਐੱਮ ਐੱਫ ਕੋਲ ਜਾਣਾ ਪਿਆ ਤਾਂ ਉਸ ਦੌਰਾਨ ਭਾਰਤ ’ਤੇ ਮੁਕਤ ਬਾਜ਼ਾਰ ਦੇ ਸੁਧਾਰ ਲਾਗੂ ਕੀਤੇ ਗਏ। ਇਨ੍ਹਾਂ ਸ਼ਰਤਾਂ ਤਹਿਤ ਭਾਰਤ ਨੂੰ ਵਪਾਰ ਲਈ ਆਪਣੀਆਂ ਸਰਹੱਦਾਂ ਖੋਲ੍ਹਣੀਆਂ ਪਈਆਂ ਅਤੇ ਆਪਣੀ ਉਦਯੋਗਿਕ ਨੀਤੀ ਨੂੰ ਤਿਆਗਣਾ ਪਿਆ।

ਆਰਥਿਕ ਸਿਧਾਂਤ ਇਹ ਸੀ ਕਿ ਜਦੋਂ ਦੇਸ਼ ਆਪਸ ਵਿੱਚ ਮੁਕਤ ਵਪਾਰ ਕਰਦੇ ਹਨ ਤਾਂ ਆਲਮੀ ਵਿਕਾਸ ਦੀ ਲਹਿਰ ਵਿੱਚ ਸਾਰਿਆਂ ਦਾ ਵਿਕਾਸ ਹੁੰਦਾ ਹੈ। ਬੇਸ਼ੱਕ ਭਾਰਤ ਦੀ ਜੀ ਡੀ ਪੀ ਵੀ ਤੇਜ਼ੀ ਨਾਲ ਵਧਣ ਲੱਗੀ, ਪਰ ਚੀਨ ਦੀ ਅਰਥਵਿਵਸਥਾ ਇਸ ਨਾਲੋਂ ਵੀ ਕਿਤੇ ਵੱਧ ਤੇਜ਼ੀ ਨਾਲ ਵਧੀ। ਸਾਲ 2009 ਤੱਕ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਣ ਵਾਲੀ ‘ਖੁੱਲ੍ਹੀ ਮੰਡੀ ਵਾਲੀ ਜਮਹੂਰੀਅਤ’ ਬਣ ਗਿਆ ਸੀ। ‘ਖੁੱਲ੍ਹੀ ਮੰਡੀ ਅਤੇ ਜਮਹੂਰੀਅਤ’ ਵਾਲੇ ਸ਼ਬਦ ਖ਼ਾਸ ਤੌਰ ’ਤੇ ਜੋੜਨੇ ਪੈਂਦੇ ਸਨ ਕਿਉਂਕਿ ਚੀਨ ਦੀ ਅਰਥਵਿਵਸਥਾ ਭਾਰਤ ਨਾਲੋਂ ਕਿਤੇ ਜ਼ਿਆਦਾ ਤੇਜ਼ੀ ਨਾਲ ਤਰੱਕੀ ਕਰ ਰਹੀ ਸੀ।

ਸਾਲ 1991 ਮਗਰੋਂ ਭਾਰਤ ਅਤੇ ਚੀਨ ਦੀਆਂ ਵਿਕਾਸ ਰਣਨੀਤੀਆਂ ਬਿਲਕੁਲ ਵੱਖੋ-ਵੱਖਰੇ ਰਾਹਾਂ ਉੱਤੇ ਤੁਰ ਪਈਆਂ। ਉਸ ਸਮੇਂ ਭਾਰਤੀ ਨੀਤੀਘਾੜਿਆਂ ਵੱਲੋਂ ਲਏ ਗਏ ਫ਼ੈਸਲਿਆਂ ਦੇ ਨਤੀਜੇ ਹੁਣ ਸਾਹਮਣੇ ਆ ਰਹੇ ਹਨ। ਤੇਜ਼ ਆਰਥਿਕ ਵਿਕਾਸ ਦੇ ਨਾਲ-ਨਾਲ ਚੀਨ ਨੇ ਆਪਣੀ ਉਦਯੋਗਿਕ ਸਮਰੱਥਾ ਨੂੰ ਮਜ਼ਬੂਤ ਕੀਤਾ ਅਤੇ ਅੱਜ ਉਹ ਅਮਰੀਕਾ ਦੇ ਬਰਾਬਰ ਖੜ੍ਹ ਕੇ ਦੁਨੀਆ ਦੀ ਮੋਹਰੀ ਆਰਥਿਕ ਮਹਾਸ਼ਕਤੀ ਬਣ ਚੁੱਕਾ ਹੈ। ਦੂਜੇ ਪਾਸੇ, ਭਾਰਤ ਨੂੰ ਆਪਣੇ ਵਿਕਾਸ ਲਈ ਅਮਰੀਕਾ ਅਤੇ ਚੀਨ ਦੋਵਾਂ ਉੱਤੇ ਨਿਰਭਰ ਰਹਿਣਾ ਪੈ ਰਿਹਾ ਹੈ। ਉਦਯੋਗਿਕ ਕੱਚੇ ਮਾਲ ਤੇ ਪੁਰਜ਼ਿਆਂ ਲਈ ਚੀਨ ਉੱਤੇ ਅਤੇ ਸੌਫਟਵੇਅਰ ਬਰਾਮਦ ਤੇ ਆਪਣੇ ਉਦਯੋਗਾਂ ਵਿੱਚ ਅਮਰੀਕੀ ਹਾਈਟੈੱਕ ਤਕਨੀਕ ਵਰਤਣ ਦੀ ਇਜਾਜ਼ਤ ਲਈ ਅਮਰੀਕਾ ਉੱਤੇ ਨਿਰਭਰਤਾ ਬਣੀ ਹੋਈ ਹੈ।

ਅਮਰੀਕਾ ਦੇ ਕੁਝ ਵਿਸ਼ਲੇਸ਼ਕਾਂ ਮੁਤਾਬਿਕ ਸਾਲ 1991 ਨੂੰ ਵਿਚਾਰਧਾਰਕ ਲੜਾਈਆਂ ਦਾ ‘ਅੰਤ’ ਮੰਨ ਲਿਆ ਗਿਆ ਸੀ ਅਤੇ ਸਮਾਜਵਾਦ ਨੂੰ ‘ਇਤਿਹਾਸ ਦੇ ਕੂੜੇਦਾਨ’ ਵਿੱਚ ਸੁੱਟ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਹ ਸਵਾਲ ਉੱਠਦਾ ਹੈ ਕਿ ਜਦੋਂ ਸੋਵੀਅਤ ਯੂਨੀਅਨ ਦੇ ਟੁੱਟਣ ਮਗਰੋਂ ਆਈ ਐੱਮ ਐੱਫ, ਵਿਸ਼ਵ ਬੈਂਕ ਅਤੇ ਅਮਰੀਕੀ ਸਿੱਖਿਆ ਪ੍ਰਾਪਤ ਅਰਥ-ਸ਼ਾਸਤਰੀਆਂ ਨੇ ਪੂਰੀ ਦੁਨੀਆ ਵਿੱਚ ਤੇਜ਼ੀ ਨਾਲ ਆਰਥਿਕ ਸੁਧਾਰ ਲਾਗੂ ਕੀਤੇ ਤਾਂ ਚੀਨ ਉਨ੍ਹਾਂ ਤੋਂ ਕਿਵੇਂ ਬਚ ਗਿਆ?

ਇਸਾਬੈਲਾ ਐੱਮ. ਵੈਬਰ ਨੇ ਆਪਣੀ ਕਿਤਾਬ ‘ਹਾਓ ਚੀਨ ਐਸਕੇਪਡ ਸ਼ੌਕ ਥੈਰੇਪੀ: ਦਿ ਮਾਰਕੀਟ ਰਿਫੌਰਮ ਡਿਬੇਟ’ ਵਿੱਚ ਇਸ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਹ ਲਿਖਦੀ ਹੈ ਕਿ ਪ੍ਰਸਿੱਧ ਹਾਰਵਰਡ ਅਰਥ-ਸ਼ਾਸਤਰੀ ਡੈਨੀ ਰੌਡਰਿਕ ਪੂਰੇ ਅਰਥ-ਸ਼ਾਸਤਰ ਜਗਤ ਦੀ ਤਰਫ਼ੋਂ ਗੱਲ ਕਰਦੇ ਹਨ, ਜਦੋਂ ਉਹ ਸਵਾਲ ਉਠਾਉਂਦੇ ਹਨ ਕਿ ਕੀ ਕੋਈ ਅਜਿਹੇ ਪੱਛਮੀ ਅਰਥ-ਸ਼ਾਸਤਰੀ ਜਾਂ ਉਨ੍ਹਾਂ ਦੀ ਖੋਜ ਦਾ ਨਾਮ ਦੱਸ ਸਕਦਾ ਹੈ, ਜਿਨ੍ਹਾਂ ਨੇ ਚੀਨ ਦੇ ਸੁਧਾਰਾਂ ਵਿੱਚ ਅਹਿਮ ਭੂਮਿਕਾ ਨਿਭਾਈ ਹੋਵੇ। ਉਨ੍ਹਾਂ ਦੇ ਅਨੁਸਾਰ, ਆਮ ਤੌਰ ’ਤੇ ਸਮਝੀ ਜਾਣ ਵਾਲੀ ਅਰਥ-ਸ਼ਾਸਤਰੀ ਖੋਜ ਨੇ ਚੀਨ ਦੇ ਸੁਧਾਰਾਂ ਵਿੱਚ ਕੋਈ ਖ਼ਾਸ ਭੂਮਿਕਾ ਨਹੀਂ ਨਿਭਾਈ।

1990ਵਿਆਂ ਤੋਂ ਲੈ ਕੇ ਕੇਂਦਰ ਵਿੱਚ ਚਾਹੇ ਕੋਈ ਵੀ ਸਰਕਾਰ ਰਹੀ ਹੋਵੇ, ਭਾਵੇਂ ਯੂ ਪੀ ਏ ਜਾਂ ਫਿਰ ਐੱਨ ਡੀ ਏ, ਭਾਰਤ ਦੀਆਂ ਆਰਥਿਕ ਨੀਤੀਆਂ ਉੱਤੇ ਅਮਰੀਕੀ ਪੂੰਜੀਵਾਦੀ ਸੋਚ ਵਾਲੇ ਅਰਥ-ਸ਼ਾਸਤਰੀਆਂ ਦਾ ਪ੍ਰਭਾਵ ਬਣਿਆ ਰਿਹਾ। ਯੋਜਨਾ ਕਮਿਸ਼ਨ ਦਾ ਨਾਂ ਬਦਲ ਕੇ ‘ਨੀਤੀ ਆਯੋਗ’ ਰੱਖਿਆ ਗਿਆ, ਪਰ ਇਸ ਬਦਲਾਅ ਦੇ ਬਾਵਜੂਦ ਆਰਥਿਕ ਨੀਤੀ ਵਿੱਚ ਪੁਰਾਣੀ ਵਾਸ਼ਿੰਗਟਨ ਵਾਲੀ ਅਰਥ-ਸ਼ਾਸਤਰ ਦੀ ਸੋਚ ਦੇ ਪ੍ਰਭਾਵ ਬਾਰੇ ਸਵਾਲ ਉੱਠਦੇ ਰਹੇ।

ਸਾਲ 1991 ਦੇ ਇਸ ਬਦਲਾਅ ਨੇ ਭਾਰਤ ਦੀਆਂ ਆਰਥਿਕ ਨੀਤੀਆਂ ਦਾ ਮੋੜਾ ਇਸ ਤਰ੍ਹਾਂ ਬਦਲਿਆ ਕਿ ਘਰੇਲੂ ਉਦਯੋਗ ਪੱਛੜ ਗਏ ਅਤੇ ਦਰਾਮਦਕਾਰਾਂ ਤੇ ਵਪਾਰੀਆਂ ਨੂੰ ਵੱਧ ਫ਼ਾਇਦਾ ਮਿਲਣ ਲੱਗਾ। ਇਸ ਤੋਂ ਬਾਅਦ ਭਾਰਤ ਨੇ 1995 ਵਿੱਚ ਵਿਸ਼ਵ ਵਪਾਰ ਸੰਗਠਨ ਦੇ ਸੇਵਾ ਖੇਤਰ ਵਿੱਚ ਵਪਾਰ ਬਾਰੇ ਸਮਝੌਤੇ ’ਤੇ ਦਸਤਖ਼ਤ ਕਰ ਦਿੱਤੇ, ਜਦੋਂਕਿ ਚੀਨ ਇਸ ਵਿੱਚ ਸਾਲ 2001 ਵਿੱਚ ਸ਼ਾਮਿਲ ਹੋਇਆ।

ਇਸੇ ਤਰ੍ਹਾਂ ਭਾਰਤ 1996 ਵਿੱਚ ਸੂਚਨਾ ਤਕਨਾਲੋਜੀ ਸਮਝੌਤੇ ਦੇ ਮੋਢੀ ਦੇਸ਼ਾਂ ਵਿੱਚੋਂ ਸੀ। ਇਸ ਸਮਝੌਤੇ ਤਹਿਤ ਮੈਂਬਰਾਂ ਨੇ ਆਈ ਟੀ ਉਤਪਾਦਾਂ, ਜਿਵੇਂ ਕੰਪਿਊਟਰ ਅਤੇ ਟੈਲੀਕੌਮ ਉਪਕਰਨ ਆਦਿ ’ਤੇ ਕਸਟਮ ਡਿਊਟੀ ਖ਼ਤਮ ਕਰਨ ਲਈ ਸਹਿਮਤੀ ਦਿੱਤੀ। ਇਸ ਨਾਲ ਭਾਰਤ ਦੇ ਉੱਭਰ ਰਹੇ ਆਈ ਟੀ ਸੌਫਟਵੇਅਰ ਉਦਯੋਗ ਨੂੰ ਫ਼ਾਇਦਾ ਹੋਇਆ ਕਿਉਂਕਿ ਉਹ ਪੱਛਮੀ ਅਤੇ ਬਾਅਦ ਵਿੱਚ ਚੀਨੀ ਹਾਰਡਵੇਅਰ ਬਿਨਾਂ ਕਿਸੇ ਡਿਊਟੀ ਤੋਂ ਮੰਗਵਾ ਸਕਦਾ ਸੀ। ਪਰ ਇਸ ਨਾਲ ਭਾਰਤ ਦੇ ਛੋਟੇ ਘਰੇਲੂ ਉਤਪਾਦਕਾਂ ਨੂੰ ਨੁਕਸਾਨ ਹੋਣ ਦੀ ਦਲੀਲ ਵੀ ਦਿੱਤੀ ਗਈ। ਇਸ ਦੇ ਉਲਟ ਚੀਨ ਇਸ ਸਮਝੌਤੇ ਵਿੱਚ 2001 ਵਿੱਚ ਸ਼ਾਮਿਲ ਹੋਇਆ, ਪਰ ਨਾਲ ਹੀ ਉਸ ਨੇ ਆਪਣੇ ਦੇਸ਼ ਦੇ ਹਾਰਡਵੇਅਰ ਉਦਯੋਗਾਂ ਨੂੰ ਲਗਾਤਾਰ ਮਜ਼ਬੂਤ ਕੀਤਾ।

ਭਾਰਤ ਵੱਲੋਂ ਚੀਨ ਨਾਲੋਂ ਵੱਧ ਤੇਜ਼ੀ ਨਾਲ ਵਿਸ਼ਵ ਵਪਾਰ ਸੰਗਠਨ ਦੀ ਆਲਮੀ ਵਪਾਰ ਪ੍ਰਣਾਲੀ ਨਾਲ ਜੁੜਨ ਅਤੇ ਚੀਨ ਵੱਲੋਂ ਉਦਾਰਵਾਦੀ ਪੂੰਜੀਵਾਦੀ ਮਾਡਲ ਦੀ ਬਜਾਏ ਆਪਣੇ ਸਮਾਜਵਾਦੀ ਰਾਹ ’ਤੇ ਕਾਇਮ ਰਹਿਣ ਦੇ ਬਾਵਜੂਦ 1991 ਤੋਂ ਬਾਅਦ ਚੀਨ ਨੇ ਭਾਰਤ ਨਾਲੋਂ ਕਿਤੇ ਵੱਧ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਆਪਣੇ ਵੱਲ ਖਿੱਚਿਆ। ਸਾਲ 2000 ਵਿੱਚ ਚੀਨ ਵਿੱਚ ਐੱਫ ਡੀ ਆਈ 41 ਅਰਬ ਡਾਲਰ ਸੀ, ਜਦੋਂਕਿ ਭਾਰਤ ਵਿੱਚ ਇਹ ਸਿਰਫ਼ 4 ਅਰਬ ਡਾਲਰ ਸੀ। ਭਾਵੇਂ ਅੱਜ ‘ਈਜ਼ ਆਫ਼ ਡੂਇੰਗ ਬਿਜ਼ਨਸ’ ਦੀਆਂ ਨੀਤੀਆਂ ਕਾਰਨ ਭਾਰਤ ਵਿੱਚ ਵਿਦੇਸ਼ੀ ਨਿਵੇਸ਼ ਵਧਿਆ ਹੈ, ਪਰ 2024 ਵਿੱਚ ਚੀਨ ਵਿੱਚ 116 ਅਰਬ ਡਾਲਰ ਦਾ ਨਿਵੇਸ਼ ਆਇਆ, ਜਦੋਂਕਿ ਭਾਰਤ ਵਿੱਚ ਇਹ 28 ਅਰਬ ਡਾਲਰ ਹੀ ਰਿਹਾ।

ਸਭ ਤੋਂ ਅਹਿਮ ਫ਼ਰਕ ਇਸ ਗੱਲ ਵਿੱਚ ਸੀ ਕਿ ਚੀਨ ਵਿਦੇਸ਼ੀ ਨਿਵੇਸ਼ ਨਾਲ ਕਰ ਕੀ ਰਿਹਾ ਸੀ। ਚੀਨ ਦਾ ਨਿਵੇਸ਼ ਮੁੱਖ ਤੌਰ ’ਤੇ ਉਦਯੋਗਾਂ ਅਤੇ ਬਰਾਮਦ ਨਾਲ ਜੁੜਿਆ ਹੋਇਆ ਸੀ। ਇਸ ਦੇ ਉਲਟ ਭਾਰਤ ਵਿੱਚ ਵਿਦੇਸ਼ੀ ਨਿਵੇਸ਼ ਜ਼ਿਆਦਾਤਰ ਆਈ ਟੀ ਸੇਵਾਵਾਂ, ਕਾਲ ਸੈਂਟਰਾਂ ਅਤੇ ਦਫ਼ਤਰੀ ਕੰਮਾਂ ਵਿੱਚ ਮਜ਼ਬੂਤ ਹੋਇਆ। ਚੀਨ ਨੇ ਵਿਦੇਸ਼ੀ ਨਿਵੇਸ਼ ਨੂੰ ਉਦਯੋਗੀਕਰਨ ਦੇ ਹਥਿਆਰ ਵਜੋਂ ਵਰਤਿਆ, ਜਦੋਂਕਿ ਭਾਰਤ ਨੇ ਇਸ ਨੂੰ ਜ਼ਿਆਦਾਤਰ ਸੇਵਾਵਾਂ ਅਤੇ ਬਾਜ਼ਾਰ ਦੇ ਵਿਕਾਸ ਲਈ ਵਰਤਿਆ।

ਬਹੁ-ਕੌਮੀ ਕੰਪਨੀਆਂ ਚੀਨ ਵਿੱਚ ਚੀਜ਼ਾਂ ਬਣਾਉਣ ਆਈਆਂ, ਜਿਵੇਂ ਇਲੈਕਟ੍ਰੌਨਿਕਸ, ਮਸ਼ੀਨਰੀ ਅਤੇ ਕਾਰਾਂ। ਇਸ ਨਾਲ ਚੀਨ ਹਾਰਡਵੇਅਰ ਡਿਜ਼ਾਈਨ ਅਤੇ ਨਿਰਮਾਣ ਦਾ ਕੇਂਦਰ ਬਣ ਗਿਆ। ਚੀਨ ਨੇ ਨਾ ਸਿਰਫ਼ ਨਵੇਂ ਉਤਪਾਦ ਤਿਆਰ ਕੀਤੇ, ਸਗੋਂ ਹੌਲੀ-ਹੌਲੀ ਤਕਨਾਲੋਜੀ ਦੇ ਪੇਟੈਂਟ ਹਾਸਲ ਕਰਕੇ ਉਸ ਉੱਤੇ ਆਪਣੀ ਮਾਲਕੀ ਵੀ ਕਾਇਮ ਕਰਨੀ ਸ਼ੁਰੂ ਕਰ ਦਿੱਤੀ।

ਡੇਂਗ ਸ਼ਿਆਓਪਿੰਗ ਦਾ ਕਹਿਣਾ ਸੀ ਕਿ ਚੀਨ ਦੇ ਆਰਥਿਕ ਸੁਧਾਰਕਾਂ ਨੂੰ ‘ਪੈਰਾਂ ਹੇਠਾਂ ਪੱਥਰ ਮਹਿਸੂਸ ਕਰਕੇ ਨਦੀ ਪਾਰ ਕਰਨੀ ਚਾਹੀਦੀ ਹੈ’, ਭਾਵ ਹਾਲਾਤ ਨੂੰ ਟੋਹ ਕੇ ਹੌਲੀ-ਹੌਲੀ ਅੱਗੇ ਵਧਣਾ ਚਾਹੀਦਾ ਹੈ। ਇਸ ਸੋਚ ਮੁਤਾਬਿਕ ਆਰਥਿਕ ਨੀਤੀਆਂ ਕਾਗਜ਼ੀ ਅੰਕੜਿਆਂ ਦੀ ਬਜਾਏ ਜ਼ਮੀਨੀ ਹਕੀਕਤਾਂ ਉੱਤੇ ਆਧਾਰਿਤ ਹੋਣੀਆਂ ਚਾਹੀਦੀਆਂ ਹਨ। ਇਸ ਦੇ ਉਲਟ ਭਾਰਤ ਵਿੱਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਜੀ ਡੀ ਪੀ ਦੇ ਅੰਕੜਿਆਂ ਨੂੰ ਆਮ ਭਾਰਤੀ ਦੀ ਅਸਲ ਜ਼ਿੰਦਗੀ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਾਂ ਨਹੀਂ।


ਆਮ ਲੋਕਾਂ ਨੂੰ ਜੀ ਡੀ ਪੀ ਦੀਆਂ ਵੱਡੀਆਂ ਦਰਾਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਉਨ੍ਹਾਂ ਲਈ ਚੰਗੀਆਂ ਨੌਕਰੀਆਂ, ਵਧੀ ਹੋਈ ਆਮਦਨ ਅਤੇ ਬਿਹਤਰ ਸਮਾਜਿਕ ਸੁਰੱਖਿਆ ਵਧੇਰੇ ਮਹੱਤਵਪੂਰਨ ਹਨ। ਇਸ ਲਈ ਸਿਰਫ਼ ਆਰਥਿਕ ਵਿਕਾਸ ਦੀ ਦਰ ਨੂੰ ਹੀ ਵਿਕਾਸ ਦਾ ਪੂਰਾ ਪੈਮਾਨਾ ਨਹੀਂ ਮੰਨਿਆ ਜਾ ਸਕਦਾ।

ਚੀਨ ਦੇ ਨੀਤੀਘਾੜਿਆਂ ਵੱਲੋਂ ਭਾਰਤ ਨਾਲੋਂ ਕਿਤੇ ਵੱਧ ਤੇਜ਼ੀ ਨਾਲ ਸਿੱਖਣ ਦੀ ਦਲੀਲ ਦਿੱਤੀ ਜਾਂਦੀ ਹੈ। ਭਾਰਤ ਸਿਰਫ਼ ਵਪਾਰ ਦੇ ਸਹਾਰੇ ਆਲਮੀ ਤਾਕਤ ਨਹੀਂ ਬਣ ਸਕਦਾ। ਇਸ ਲਈ ਦੇਸ਼ ਦੀ ਵਪਾਰਕ ਨੀਤੀ ਨੂੰ ਉਦਯੋਗਿਕ ਨੀਤੀ ਨਾਲ ਜੋੜਨਾ ਪਵੇਗਾ। ਵਪਾਰਕ ਰੁਕਾਵਟਾਂ ਘਟਾਉਣ ਨਾਲੋਂ ਆਪਣੇ ਦੇਸ਼ ਵਿੱਚ ਉਦਯੋਗਿਕ ਸਮਰੱਥਾ ਖੜ੍ਹੀ ਕਰਨਾ ਕਿਤੇ ਵੱਧ ਔਖਾ ਕੰਮ ਹੈ।

2047 ਵਿੱਚ ਭਾਰਤ ਦੀ ਜੀ ਡੀ ਪੀ ਦਾ ਅੰਕੜਾ ਕੁਝ ਵੀ ਹੋਵੇ, ਪਰ ਵਿਕਾਸ ਦੇ ਨਾਲ ਉਦਯੋਗਿਕ ਸਮਰੱਥਾ, ਤਕਨਾਲੋਜੀ ਉੱਤੇ ਆਪਣਾ ਕੰਟਰੋਲ, ਰੋਜ਼ਗਾਰ, ਆਮਦਨ ਅਤੇ ਸਿੱਖਣ ਦੇ ਮੌਕੇ ਵੀ ਮਹੱਤਵਪੂਰਨ ਰਹਿਣਗੇ। ਭਾਰਤ ਲਈ ਇਹ ਸਵਾਲ ਅਹਿਮ ਹੈ ਕਿ ਉਹ ਆਪਣੀ ਉਦਯੋਗਿਕ ਸਮਰੱਥਾ ਨੂੰ ਕਿਵੇਂ ਮਜ਼ਬੂਤ ਕਰਦਾ ਹੈ, ਵਿਦੇਸ਼ੀ ਨਿਰਭਰਤਾ ਨੂੰ ਕਿਵੇਂ ਘਟਾਉਂਦਾ ਹੈ ਅਤੇ ਆਮ ਨਾਗਰਿਕਾਂ ਲਈ ਵਧੇਰੇ ਉਤਪਾਦਕ ਰੋਜ਼ਗਾਰ ਦੇ ਮੌਕੇ ਕਿਵੇਂ ਪੈਦਾ ਕਰਦਾ ਹੈ।



# ਖ਼ਬਰਨਾਮਾ





# ਰਾਜੋਆਣਾ ਦੀ ਕੇਂਦਰ ਨੂੰ ਅਪੀਲ: ਫ਼ੈਸਲਾ ਜਲਦ ਕਰੋ, ਚਾਹੇ ਫਾਂਸੀ ਦੀ ਸਜ਼ਾ ਹੀ ਕਿਉਂ ਨਾ ਰਹੇ

### 31 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ; 15 ਸਾਲਾਂ ਤੋਂ ਲਟਕ ਰਹੀ ਰਹਿਮ ਦੀ ਅਪੀਲ ਦਾ ਅੰਤਿਮ ਨਿਪਟਾਰਾ ਮੰਗਿਆ



**ਪਟਿਆਲਾ –** ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਅਤੇ ਸਾਬਕਾ ਪੰਜਾਬ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ ਵਿੱਚ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਆਪਣੀ ਲੰਮੇ ਸਮੇਂ ਤੋਂ ਲਟਕ ਰਹੀ ਰਹਿਮ ਦੀ ਅਪੀਲ ’ਤੇ ਜਲਦ ਅੰਤਿਮ ਫ਼ੈਸਲਾ ਲੈਣ ਦੀ ਮੰਗ ਕੀਤੀ ਹੈ। 16 ਸਤੰਬਰ ਨੂੰ ਪਟਿਆਲਾ ਕੇਂਦਰੀ ਜੇਲ੍ਹ ਤੋਂ ਲਿਖੀ ਇਸ ਚਿੱਠੀ ਵਿੱਚ ਰਾਜੋਆਣਾ ਨੇ ਕਿਹਾ ਹੈ ਕਿ ਸਰਕਾਰ ਉਨ੍ਹਾਂ ਦੀ ਅਪੀਲ ’ਤੇ ਜੋ ਵੀ ਫ਼ੈਸਲਾ ਕਰਨਾ ਚਾਹੁੰਦੀ ਹੈ, ਉਹ ਬਿਨਾਂ ਹੋਰ ਦੇਰੀ ਦੇ ਕੀਤਾ ਜਾਵੇ।

ਰਾਜੋਆਣਾ ਨੇ ਆਪਣੀ ਚਿੱਠੀ ਵਿੱਚ ਕਿਹਾ ਕਿ ਉਹ ਪਿਛਲੇ 31 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਕਰੀਬ ਦੋ ਦਹਾਕਿਆਂ ਤੋਂ ਮੌਤ ਦੀ ਸਜ਼ਾ ਦੇ ਸਾਏ ਹੇਠ ਜੀ ਰਹੇ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸਜ਼ਾ ਨਾਲ ਸਬੰਧਤ ਰਹਿਮ ਦੀ ਅਪੀਲ ’ਤੇ ਸਰਕਾਰੀ ਫ਼ੈਸਲੇ ਦੀ ਉਡੀਕ ਲਗਭਗ 15 ਸਾਲਾਂ ਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਲੰਬੇ ਸਮੇਂ ਤੋਂ ਚੱਲ ਰਹੀ ਪ੍ਰਕਿਰਿਆ ਨੂੰ ਹੁਣ ਅੰਤਿਮ ਰੂਪ ਦਿੱਤਾ ਜਾਵੇ।

ਰਾਜੋਆਣਾ ਨੇ ਆਪਣੀ ਚਿੱਠੀ ਵਿੱਚ ਇਹ ਵੀ ਸਪੱਸ਼ਟ ਕੀਤਾ ਕਿ ਸਰਕਾਰ ਉਨ੍ਹਾਂ ਦੀ ਰਹਿਮ ਦੀ ਅਪੀਲ ’ਤੇ ਆਪਣੀ ਮਰਜ਼ੀ ਅਨੁਸਾਰ ਫ਼ੈਸਲਾ ਕਰ ਸਕਦੀ ਹੈ, ਪਰ ਫ਼ੈਸਲਾ ਹੋਰ ਲੰਮਾ ਨਾ ਖਿੱਚਿਆ ਜਾਵੇ। ਉਨ੍ਹਾਂ ਆਪਣੇ ਲੰਮੇ ਜੇਲ੍ਹ ਜੀਵਨ ਅਤੇ ਲਗਾਤਾਰ ਅਨਿਸ਼ਚਿਤਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਆਪਣੇ ਭਵਿੱਖ ਬਾਰੇ ਫ਼ੈਸਲੇ ਦੀ ਉਡੀਕ ਕਰ ਰਹੇ ਹਨ।

**1995 ਦੇ ਬੰਬ ਧਮਾਕੇ ਦੇ ਮਾਮਲੇ ਵਿੱਚ ਹੋਈ ਸੀ ਮੌਤ ਦੀ ਸਜ਼ਾ**

ਪੰਜਾਬ ਪੁਲੀਸ ਦੇ ਸਾਬਕਾ ਕਾਂਸਟੇਬਲ ਬਲਵੰਤ ਸਿੰਘ ਰਾਜੋਆਣਾ ਨੂੰ 31 ਅਗਸਤ 1995 ਨੂੰ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਹੋਏ ਬੰਬ ਧਮਾਕੇ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਇਸ ਧਮਾਕੇ ਵਿੱਚ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਸਮੇਤ 17 ਵਿਅਕਤੀਆਂ ਦੀ ਮੌਤ ਹੋਈ ਸੀ। ਵਿਸ਼ੇਸ਼ ਅਦਾਲਤ ਨੇ 2007 ਵਿੱਚ ਰਾਜੋਆਣਾ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

ਉਨ੍ਹਾਂ ਦੀ ਫਾਂਸੀ 31 ਮਾਰਚ 2012 ਨੂੰ ਦਿੱਤੀ ਜਾਣੀ ਤੈਅ ਹੋਈ ਸੀ। ਇਸ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦਾਇਰ ਕੀਤੀ ਗਈ, ਜਿਸ ਤੋਂ ਬਾਅਦ ਫਾਂਸੀ ’ਤੇ ਰੋਕ ਲੱਗ ਗਈ ਅਤੇ ਮਾਮਲਾ ਲੰਮੇ ਸਮੇਂ ਤੋਂ ਵਿਚਾਰ ਅਧੀਨ ਹੈ।

**550ਵੇਂ ਪ੍ਰਕਾਸ਼ ਪੁਰਬ ਮੌਕੇ ਹੋਏ ਐਲਾਨ ਦਾ ਹਵਾਲਾ**

ਰਾਜੋਆਣਾ ਨੇ ਆਪਣੀ ਚਿੱਠੀ ਵਿੱਚ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੇਂਦਰ ਸਰਕਾਰ ਵੱਲੋਂ ਕੀਤੇ ਗਏ ਐਲਾਨ ਦਾ ਵੀ ਜ਼ਿਕਰ ਕੀਤਾ ਹੈ। ਸੁਪਰੀਮ ਕੋਰਟ ਦੇ ਰਿਕਾਰਡ ਮੁਤਾਬਕ 27 ਸਤੰਬਰ 2019 ਨੂੰ ਗ੍ਰਹਿ ਮੰਤਰਾਲੇ ਵੱਲੋਂ ਕੁਝ ਸਿੱਖ ਕੈਦੀਆਂ ਲਈ ਵਿਸ਼ੇਸ਼ ਛੋਟ ਅਤੇ ਰਿਹਾਈ ਦਾ ਪ੍ਰਸਤਾਵ ਭੇਜਿਆ ਗਿਆ ਸੀ। ਇਸ ਵਿੱਚ ਇੱਕ ਸਿੱਖ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਕਾਰਵਾਈ ਦਾ ਵੀ ਜ਼ਿਕਰ ਸੀ।

ਰਾਜੋਆਣਾ ਨੇ ਸਵਾਲ ਉਠਾਇਆ ਹੈ ਕਿ ਇਸ ਐਲਾਨ ਦੇ ਬਾਵਜੂਦ ਉਨ੍ਹਾਂ ਨਾਲ ਸਬੰਧਤ ਮਾਮਲਾ ਅਜੇ ਤੱਕ ਅੰਤਿਮ ਨਤੀਜੇ ਤੱਕ ਕਿਉਂ ਨਹੀਂ ਪਹੁੰਚਿਆ। ਉਨ੍ਹਾਂ ਇਸੇ ਸੰਦਰਭ ਵਿੱਚ ਆਪਣੀ ਰਹਿਮ ਦੀ ਅਪੀਲ ’ਤੇ ਜਲਦ ਫ਼ੈਸਲੇ ਦੀ ਮੰਗ ਕੀਤੀ ਹੈ।

ਸੁਪਰੀਮ ਕੋਰਟ ਵਿੱਚ ਵੀ ਮਾਮਲਾ ਪਹੁੰਚ ਚੁੱਕਾ ਹੈ ਰਹਿਮ ਦੀ ਅਪੀਲ ’ਤੇ ਲੰਬੇ ਸਮੇਂ ਤੋਂ ਫ਼ੈਸਲਾ ਨਾ ਹੋਣ ਦਾ ਮਾਮਲਾ ਸੁਪਰੀਮ ਕੋਰਟ ਤੱਕ ਵੀ ਪਹੁੰਚਿਆ ਸੀ। 2022 ਵਿੱਚ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਰਹਿਮ ਦੀ ਅਪੀਲ ’ਤੇ ਫ਼ੈਸਲਾ ਕਰਨ ਲਈ ਨਿਰਦੇਸ਼ ਦਿੱਤੇ ਸਨ ਅਤੇ ਕਿਹਾ ਸੀ ਕਿ ਮਾਮਲੇ ’ਤੇ ਜਲਦ ਤੋਂ ਜਲਦ ਵਿਚਾਰ ਕੀਤਾ ਜਾਵੇ।

ਮਈ 2023 ਵਿੱਚ ਸੁਪਰੀਮ ਕੋਰਟ ਨੇ ਲੰਬੀ ਦੇਰੀ ਦੇ ਆਧਾਰ ’ਤੇ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੀ ਮੰਗ ਮਨਜ਼ੂਰ ਨਹੀਂ ਕੀਤੀ। ਅਦਾਲਤ ਨੇ ਰਹਿਮ ਦੀ ਅਪੀਲ ’ਤੇ ਫ਼ੈਸਲਾ ਲੈਣ ਦਾ ਮਾਮਲਾ ਸਮਰੱਥ ਅਧਿਕਾਰੀ ਕੋਲ ਛੱਡਿਆ ਸੀ।

ਕੇਂਦਰ ਸਰਕਾਰ ਨੇ ਪਹਿਲਾਂ ਸੁਪਰੀਮ ਕੋਰਟ ਵਿੱਚ ਇਹ ਪੱਖ ਰੱਖਿਆ ਸੀ ਕਿ ਪੰਜਾਬ ਵਿੱਚ ਕੌਮੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ’ਤੇ ਸੰਭਾਵੀ ਪ੍ਰਭਾਵ ਨੂੰ ਧਿਆਨ ਵਿੱਚ ਰੱਖਦਿਆਂ ਰਹਿਮ ਦੀ ਅਪੀਲ ’ਤੇ ਫ਼ੈਸਲਾ ਟਾਲਿਆ ਗਿਆ ਸੀ। ਸੁਪਰੀਮ ਕੋਰਟ ਦੇ ਰਿਕਾਰਡ ਵਿੱਚ ਇਹ ਵੀ ਦਰਜ ਹੈ ਕਿ 2022 ਵਿੱਚ ਕੇਂਦਰ ਸਰਕਾਰ ਨੇ ਇਸ ਮਾਮਲੇ ਨੂੰ ਹੋਰ ਸਬੰਧਤ ਅਪੀਲਾਂ ਦੇ ਨਤੀਜੇ ਨਾਲ ਜੋੜ ਕੇ ਦੇਖਣ ਦੀ ਗੱਲ ਕੀਤੀ ਸੀ।

ਹੁਣ 16 ਸਤੰਬਰ ਨੂੰ ਲਿਖੀ ਆਪਣੀ ਤਾਜ਼ਾ ਚਿੱਠੀ ਰਾਹੀਂ ਰਾਜੋਆਣਾ ਨੇ ਕੇਂਦਰ ਸਰਕਾਰ ਤੋਂ ਆਪਣੀ ਰਹਿਮ ਦੀ ਅਪੀਲ ’ਤੇ ਜਲਦ ਅਤੇ ਅੰਤਿਮ ਫ਼ੈਸਲਾ ਕਰਨ ਦੀ ਮੰਗ ਮੁੜ ਉਠਾਈ ਹੈ। ਮਾਮਲੇ ਵਿੱਚ ਅਗਲਾ ਕਦਮ ਹੁਣ ਕੇਂਦਰ ਸਰਕਾਰ ਵੱਲੋਂ ਲਏ ਜਾਣ ਵਾਲੇ ਫ਼ੈਸਲੇ ’ਤੇ ਨਿਰਭਰ ਕਰੇਗਾ।

# ਜਗਤਾਰ ਸਿੰਘ ਹਵਾਰਾ ਨੂੰ ਪੰਜਾਬ ਦੀ ਜੇਲ੍ਹ ਭੇਜਣ ਦਾ ਦਿੱਲੀ ਸਰਕਾਰ ਵੱਲੋਂ ਵਿਰੋਧ

### ਸੁਰੱਖਿਆ ਚਿੰਤਾਵਾਂ ਦਾ ਹਵਾਲਾ ਦੇ ਕੇ ਸੁਪਰੀਮ ਕੋਰਟ ਵਿੱਚ ਕੀਤਾ ਇਤਰਾਜ਼; ਮਾਮਲੇ ਦੀ ਅਗਲੀ ਸੁਣਵਾਈ 13 ਅਕਤੂਬਰ ਨੂੰ



**ਨਵੀਂ ਦਿੱਲੀ :** ਦਿੱਲੀ ਸਰਕਾਰ ਨੇ ਬੇਅੰਤ ਸਿੰਘ ਕਤਲ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਜਗਤਾਰ ਸਿੰਘ ਹਵਾਰਾ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਦਾ ਸੁਪਰੀਮ ਕੋਰਟ ਵਿੱਚ ਸਖ਼ਤ ਵਿਰੋਧ ਕੀਤਾ ਹੈ। ਸਰਕਾਰ ਨੇ ਇਸ ਮਾਮਲੇ ਵਿੱਚ ਸੁਰੱਖਿਆ ਨਾਲ ਜੁੜੀਆਂ ਚਿੰਤਾਵਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਹਵਾਰਾ ਨੂੰ ਤਿਹਾੜ ਜੇਲ੍ਹ ਵਿੱਚ ਹੀ ਰੱਖਣਾ ਵਧੇਰੇ ਉਚਿਤ ਹੋਵੇਗਾ।

ਵੀਰਵਾਰ ਨੂੰ ਜਸਟਿਸ ਐੱਮ. ਐੱਮ. ਸੁੰਦਰੇਸ਼ ਦੀ ਅਗਵਾਈ ਵਾਲੇ ਬੈਂਚ ਸਾਹਮਣੇ ਦਿੱਲੀ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਇਹ ਮਾਮਲਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਦੇ ਕਤਲ ਨਾਲ ਸਬੰਧਤ ਹੈ ਅਤੇ ਦੋਸ਼ੀ ਨੂੰ ਮੁੜ ਪੰਜਾਬ ਦੀ ਜੇਲ੍ਹ ਵਿੱਚ ਭੇਜਣ ਨੂੰ ਲੈ ਕੇ ਸੁਰੱਖਿਆ ਪੱਖੋਂ ਗੰਭੀਰ ਚਿੰਤਾਵਾਂ ਹਨ।

ਤੁਸ਼ਾਰ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਹਵਾਰਾ ਪਹਿਲਾਂ ਵੀ ਜੇਲ੍ਹ ਵਿੱਚੋਂ ਫ਼ਰਾਰ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕੌਮੀ ਰਾਜਧਾਨੀ ਖੇਤਰ ਦਿੱਲੀ ਸਰਕਾਰ ਇਸ ਗੱਲ ਦੇ ਹੱਕ ਵਿੱਚ ਨਹੀਂ ਹੈ ਕਿ ਉਸ ਨੂੰ ਮੁੜ ਪੰਜਾਬ ਭੇਜਿਆ ਜਾਵੇ। ਉਨ੍ਹਾਂ ਅਨੁਸਾਰ ਦਿੱਲੀ ਸਰਕਾਰ ਦੀ ਤਰਜੀਹ ਹੈ ਕਿ ਹਵਾਰਾ ਤਿਹਾੜ ਜੇਲ੍ਹ ਵਿੱਚ ਹੀ ਬੰਦ ਰਹੇ।

ਸੁਣਵਾਈ ਦੌਰਾਨ ਹਵਾਰਾ ਵੱਲੋਂ ਪੇਸ਼ ਹੋ ਰਹੇ ਇੱਕ ਵਕੀਲ ਨੇ ਮਾਮਲੇ ਨੂੰ ਕੁਝ ਸਮੇਂ ਲਈ ਮੁਲਤਵੀ ਕਰਨ ਦੀ ਮੰਗ ਕੀਤੀ। ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਹਵਾਰਾ ਦੀ ਤਰਫ਼ੋਂ ਪੇਸ਼ ਹੋਣ ਵਾਲੇ ਸੀਨੀਅਰ ਵਕੀਲ ਕੋਲਿਨ ਗੋਂਜ਼ਾਲਵਿਸ ਕਿਸੇ ਹੋਰ ਅਦਾਲਤ ਵਿੱਚ ਰੁੱਝੇ ਹੋਏ ਹਨ। ਇਸ ਤੋਂ ਬਾਅਦ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਵੀ ਮਾਮਲੇ ਨੂੰ ਕਿਸੇ ਹੋਰ ਦਿਨ ਸੁਣਨ ਦੀ ਅਪੀਲ ਕੀਤੀ।

ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ 13 ਅਕਤੂਬਰ ਨੂੰ ਤੈਅ ਕਰ ਦਿੱਤੀ।

ਜਗਤਾਰ ਸਿੰਘ ਹਵਾਰਾ 1995 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਨਾਲ ਸਬੰਧਤ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਹਵਾਰਾ ਨੇ ਸੁਪਰੀਮ ਕੋਰਟ ਵਿੱਚ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕੀਤੇ ਜਾਣ ਦੀ ਮੰਗ ਕਰਦਿਆਂ ਆਪਣੇ ਚੰਗੇ ਜੇਲ੍ਹ ਰਿਕਾਰਡ ਅਤੇ ਹੋਰ ਪਰਿਵਾਰਕ ਤੇ ਕਾਨੂੰਨੀ ਆਧਾਰਾਂ ਦਾ ਹਵਾਲਾ ਦਿੱਤਾ ਹੈ।

ਹਵਾਰਾ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਸ ਨੇ ਜੇਲ੍ਹ ਦੌਰਾਨ ਚੰਗਾ ਚਾਲ-ਚਲਣ ਦਿਖਾਇਆ ਹੈ। ਉਸ ਨੇ ਇਹ ਵੀ ਦਲੀਲ ਦਿੱਤੀ ਹੈ ਕਿ ਜਿਸ ਸਮੇਂ ਇਹ ਅਪਰਾਧ ਹੋਇਆ, ਉਸ ਵੇਲੇ ਪੰਜਾਬ ਸਮਾਜਿਕ ਅਸ਼ਾਂਤੀ ਦੇ ਦੌਰ ਵਿੱਚੋਂ ਲੰਘ ਰਿਹਾ ਸੀ। ਇਸ ਤੋਂ ਇਲਾਵਾ ਉਸ ਨੇ ਆਪਣੀ ਧੀ ਦੇ ਪੰਜਾਬ ਵਿੱਚ ਰਹਿਣ ਦਾ ਹਵਾਲਾ ਦਿੰਦਿਆਂ ਵੀ ਪੰਜਾਬ ਦੀ ਜੇਲ੍ਹ ਵਿੱਚ ਤਬਦੀਲੀ ਦੀ ਮੰਗ ਕੀਤੀ ਹੈ।

ਹਵਾਰਾ ਨੇ ਆਪਣੀ ਪਟੀਸ਼ਨ ਵਿੱਚ ਇਹ ਵੀ ਕਿਹਾ ਹੈ ਕਿ ਜੇਲ੍ਹ ਤੋੜ ਕੇ ਫ਼ਰਾਰ ਹੋਣ ਦੇ ਮਾਮਲੇ ਵਿੱਚ ਸ਼ਾਮਲ ਉਸ ਦੇ ਸਾਰੇ ਸਹਿ-ਦੋਸ਼ੀ ਇਸ ਸਮੇਂ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਉਸ ਨੇ ਇਹ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਡਾਇਰੈਕਟਰ ਜਨਰਲ ਜੇਲ੍ਹਾਂ ਵੱਲੋਂ ਲਗਪਗ ਅੱਠ ਸਾਲ ਪਹਿਲਾਂ, 7 ਅਕਤੂਬਰ 2016 ਨੂੰ, ਉਸ ਨੂੰ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਸਿਫ਼ਾਰਸ਼ ਵੀ ਕੀਤੀ ਗਈ ਸੀ।

ਪਟੀਸ਼ਨ ਵਿੱਚ ਹਵਾਰਾ ਨੇ ਇਹ ਦਲੀਲ ਵੀ ਦਿੱਤੀ ਹੈ ਕਿ ਦਿੱਲੀ ਵਿੱਚ ਉਸ ਵਿਰੁੱਧ ਹੁਣ ਕੋਈ ਮਾਮਲਾ ਬਕਾਇਆ ਨਹੀਂ ਹੈ। ਇਨ੍ਹਾਂ ਸਾਰੇ ਆਧਾਰਾਂ ਦੇ ਮੱਦੇਨਜ਼ਰ ਉਸ ਨੇ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਜੇਲ੍ਹ ਵਿੱਚ ਤਬਦੀਲ ਕਰਨ ਦੀ ਮੰਗ ਕੀਤੀ ਹੈ, ਜਿਸ ਦਾ ਦਿੱਲੀ ਸਰਕਾਰ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਵਿਰੋਧ ਕੀਤਾ ਹੈ।

# ਜੱਗੀ ਜੌਹਲ ਨੂੰ 7 ਮਾਮਲਿਆਂ ’ਚ ਜ਼ਮਾਨਤ, ਲਗਪਗ 9 ਸਾਲ ਬਾਅਦ ਮਿਲੀ ਵੱਡੀ ਕਾਨੂੰਨੀ ਰਾਹਤ

### ਦਿੱਲੀ ਹਾਈ ਕੋਰਟ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮਗਰੋਂ ਮਾਮਲਿਆਂ ਦੀ ਮੁੜ ਸੁਣਵਾਈ ਕੀਤੀ; ਜੌਹਲ ਖ਼ਿਲਾਫ਼ ਟਾਰਗੇਟ ਕਿਲਿੰਗ ਨਾਲ ਸਬੰਧਤ ਮਾਮਲਿਆਂ ’ਚ ਲੱਗੇ ਹਨ ੂਅਫਅ ਸਮੇਤ ਵੱਖ-ਵੱਖ ਧਾਰਾਵਾਂ ਦੇ ਦੋਸ਼

**ਚੰਡੀਗੜ੍ਹ:** ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ, ਜਿਸ ਨੂੰ ‘ਜੱਗੀ ਜੌਹਲ’ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ, ਨੂੰ ਦਿੱਲੀ ਹਾਈ ਕੋਰਟ ਨੇ ਯੂ.ਏ.ਪੀ.ਏ. ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਦਰਜ **ਸੱਤ ਮਾਮਲਿਆਂ ਵਿੱਚ ਜ਼ਮਾਨਤ** ਦੇ ਦਿੱਤੀ ਹੈ। ਜੰਡਿਆਲਾ ਮਾਂਜਕੀ ਇਲਾਕੇ ਨਾਲ ਸਬੰਧਤ ਜੱਗੀ ਜੌਹਲ ਸਾਲ 2017 ਵਿੱਚ ਪੰਜਾਬ ਵਿੱਚ ਗ੍ਰਿਫ਼ਤਾਰੀ ਤੋਂ ਬਾਅਦ ਹਿਰਾਸਤ ਵਿੱਚ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮਗਰੋਂ ਦਿੱਲੀ ਹਾਈ ਕੋਰਟ ਨੇ ਇਨ੍ਹਾਂ ਮਾਮਲਿਆਂ ’ਤੇ ਮੁੜ ਵਿਚਾਰ ਕਰਦਿਆਂ ਇਹ ਰਾਹਤ ਦਿੱਤੀ ਹੈ।

**2017 ਵਿੱਚ ਹੋਈ ਸੀ ਗ੍ਰਿਫ਼ਤਾਰੀ**

ਜੱਗੀ ਜੌਹਲ ਨੂੰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਉਸ ਸਮੇਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂ ਉਹ ਕਥਿਤ ਤੌਰ ’ਤੇ ਆਪਣੇ ਵਿਆਹ ਲਈ ਆਪਣੇ ਜੱਦੀ ਪਿੰਡ ਆਇਆ ਹੋਇਆ ਸੀ। ਉਸ ਖ਼ਿਲਾਫ਼ ਆਈ.ਪੀ.ਸੀ., ਯੂ.ਏ.ਪੀ.ਏ. ਅਤੇ ਆਰਮਜ਼ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਰਜ ਕੀਤੇ ਗਏ ਸਨ। ਉਸ ’ਤੇ ਵੱਖ-ਵੱਖ ਘਟਨਾਵਾਂ ਵਿੱਚ ਸ਼ਮੂਲੀਅਤ ਦਾ ਕਥਿਤ ਦੋਸ਼ ਲਾਇਆ ਗਿਆ ਸੀ।

ਇਹ ਮਾਮਲੇ ਸਾਲ 2016-17 ਦੌਰਾਨ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ ਵਿੱਚ ਸਾਹਮਣੇ ਆਈਆਂ ਕਥਿਤ ਟਾਰਗੇਟ ਕਿਲਿੰਗ ਅਤੇ ਜਾਨੋਂ ਮਾਰਨ ਦੀਆਂ ਕੋਸ਼ਿਸ਼ਾਂ ਦੀ ਲੜੀ ਨਾਲ ਸਬੰਧਤ ਹਨ। ਕੌਮੀ ਜਾਂਚ ਏਜੰਸੀ ਅਨੁਸਾਰ ਇਹ ਘਟਨਾਵਾਂ ਖਾਲਿਸਤਾਨ ਲਿਬਰੇਸ਼ਨ ਫਰੰਟ ਨਾਲ ਜੁੜੀ ਇੱਕ ਵੱਡੀ ਕਥਿਤ ਸਾਜ਼ਿਸ਼ ਦਾ ਹਿੱਸਾ ਸਨ। ਏਜੰਸੀ ਦਾ ਦੋਸ਼ ਹੈ ਕਿ ਇਸ ਕਥਿਤ ਸਾਜ਼ਿਸ਼ ਦਾ ਮਕਸਦ ਪੰਜਾਬ ਵਿੱਚ ਅਸ਼ਾਂਤੀ ਪੈਦਾ ਕਰਨਾ ਅਤੇ ਕਾਨੂੰਨ-ਵਿਵਸਥਾ ਦੀ ਸਥਿਤੀ ਨੂੰ ਪ੍ਰਭਾਵਿਤ ਕਰਨਾ ਸੀ।

**ਜੱਗੀ ਜੌਹਲ ਦੀ ਕਥਿਤ ਭੂਮਿਕਾ ਕੀ ਦੱਸੀ ਗਈ?**

ਪ੍ਰੌਸੀਕਿਊਸ਼ਨ ਦੇ ਮਾਮਲੇ ਵਿੱਚ ਜੱਗੀ ਜੌਹਲ ਨੂੰ ਕਥਿਤ ਤੌਰ ’ਤੇ ਇੱਕ ਫਾਈਨਾਂਸਰ ਅਤੇ ਕੋਰੀਅਰ ਵਜੋਂ ਦਰਸਾਇਆ ਗਿਆ ਹੈ। ਏਜੰਸੀ ਨੇ ਦੋਸ਼ ਲਾਇਆ ਹੈ ਕਿ ਉਸ ਨੇ ਯੂ.ਕੇ. ਸਥਿਤ ਕੇ.ਐੱਲ.ਐੱਫ. ਨਾਲ ਜੁੜੇ ਗੁਰਸ਼ਰਨ ਸਿੰਘ ਤੋਂ ਪ੍ਰਾਪਤ **3,000 ਪੌਂਡ** ਪੈਰਿਸ ਵਿੱਚ ਹਰਮਿੰਦਰ ਸਿੰਘ ਉਰਫ਼ ਮਿੰਟੂ ਨੂੰ ਪਹੁੰਚਾਏ ਸਨ। ਪ੍ਰੌਸੀਕਿਊਸ਼ਨ ਅਨੁਸਾਰ ਇਹ ਰਕਮ ਬਾਅਦ ਵਿੱਚ ਹਰਦੀਪ ਸਿੰਘ ਨੂੰ ਦਿੱਤੀ ਗਈ ਸੀ।

ਵਕੀਲ ਵੱਲੋਂ ਪੇਸ਼ ਕੀਤੇ ਗਏ ਮਾਮਲੇ ਅਨੁਸਾਰ ਹਰਦੀਪ ਸਿੰਘ ਅਤੇ ਰਮਨਦੀਪ ਸਿੰਘ ਨੂੰ ਕਥਿਤ ਹਮਲਿਆਂ ਵਿੱਚ ਸ਼ੂਟਰਾਂ ਵਜੋਂ ਦਰਸਾਇਆ ਗਿਆ ਹੈ। ਇਹ ਮਾਮਲੇ ਆਰ.ਐੱਸ.ਐੱਸ. ਅਤੇ ਹਿੰਦੂ ਸੰਗਠਨਾਂ ਨਾਲ ਜੁੜੇ ਵਿਅਕਤੀਆਂ ਸਮੇਤ ਕਈ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਕਥਿਤ ਘਟਨਾਵਾਂ ਨਾਲ ਸਬੰਧਤ ਹਨ।

**ਪਹਿਲਾਂ ਕਈ ਵਾਰ ਖਾਰਜ ਹੋਈਆਂ ਸਨ ਜ਼ਮਾਨਤ ਅਰਜ਼ੀਆਂ**

ਜੱਗੀ ਜੌਹਲ ਦੀਆਂ ਜ਼ਮਾਨਤ ਅਰਜ਼ੀਆਂ ਨੂੰ ਇਸ ਤੋਂ ਪਹਿਲਾਂ ਐੱਨ.ਆਈ.ਏ. ਦੀ ਵਿਸ਼ੇਸ਼ ਅਦਾਲਤ ਅਤੇ ਦਿੱਲੀ ਹਾਈ ਕੋਰਟ ਵੱਲੋਂ ਰੱਦ ਕੀਤਾ ਜਾ ਚੁੱਕਾ ਸੀ। ਐੱਨ.ਆਈ.ਏ. ਦੀ ਵਿਸ਼ੇਸ਼ ਅਦਾਲਤ ਨੇ ਸੱਤ ਮਾਮਲਿਆਂ ਵਿੱਚੋਂ ਪੰਜ ਜ਼ਮਾਨਤ ਅਰਜ਼ੀਆਂ **7 ਸਤੰਬਰ 2022** ਨੂੰ ਅਤੇ ਬਾਕੀ ਦੋ ਅਰਜ਼ੀਆਂ **25 ਅਪਰੈਲ 2024** ਨੂੰ ਖਾਰਜ ਕੀਤੀਆਂ ਸਨ। ਇਸ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਵੀ ਸਤੰਬਰ 2024 ਵਿੱਚ ਉਸ ਦੀਆਂ ਜ਼ਮਾਨਤ ਅਰਜ਼ੀਆਂ ਰੱਦ ਕਰ ਦਿੱਤੀਆਂ ਸਨ।



ਇਸ ਤੋਂ ਬਾਅਦ ਜੱਗੀ ਜੌਹਲ ਨੇ ਸੁਪਰੀਮ ਕੋਰਟ ਦਾ ਰੁਖ ਕੀਤਾ। ਸੁਪਰੀਮ ਕੋਰਟ ਨੇ **15 ਜੁਲਾਈ 2026** ਨੂੰ ਮਾਮਲੇ ਤਾਜ਼ਾ ਵਿਚਾਰ ਲਈ ਮੁੜ ਦਿੱਲੀ ਹਾਈ ਕੋਰਟ ਨੂੰ ਭੇਜ ਦਿੱਤੇ। ਇਸ ਨਿਰਦੇਸ਼ ਤੋਂ ਬਾਅਦ ਹਾਈ ਕੋਰਟ ਨੇ ਸੱਤਾਂ ਮਾਮਲਿਆਂ ਵਿੱਚ ਜ਼ਮਾਨਤ ਅਰਜ਼ੀਆਂ ’ਤੇ ਮੁੜ ਸੁਣਵਾਈ ਕੀਤੀ।

**7 ਸਤੰਬਰ ਨੂੰ ਫ਼ੈਸਲਾ ਰਾਖਵਾਂ, ਹੁਣ ਜ਼ਮਾਨਤ**

ਦਿੱਲੀ ਹਾਈ ਕੋਰਟ ਨੇ ਮਾਮਲਿਆਂ ’ਤੇ ਸੁਣਵਾਈ ਪੂਰੀ ਕਰਨ ਤੋਂ ਬਾਅਦ **7 ਸਤੰਬਰ ਨੂੰ ਫ਼ੈਸਲਾ ਰਾਖਵਾਂ** ਰੱਖ ਲਿਆ ਸੀ। ਇਸ ਤੋਂ ਬਾਅਦ ਸ਼ੁੱਕਰਵਾਰ ਨੂੰ ਬੈਂਚ ਨੇ ਸੱਤਾਂ ਮਾਮਲਿਆਂ ਵਿੱਚ ਜੱਗੀ ਜੌਹਲ ਨੂੰ ਜ਼ਮਾਨਤ ਦੇ ਦਿੱਤੀ।

ਫਿਲੌਰ-ਜਲੰਧਰ ਵਿੱਚ ਪ੍ਰੈਕਟਿਸ ਕਰਨ ਵਾਲੇ ਵਕੀਲ ਦਿਨੇਸ਼ ਲਾਖਣਪਾਲ ਨੇ ਇਸ ਫ਼ੈਸਲੇ ਨੂੰ ਜੱਗੀ ਜੌਹਲ ਅਤੇ ਉਸ ਦੇ ਪਰਿਵਾਰ ਲਈ ਵੱਡੀ ਰਾਹਤ ਦੱਸਿਆ ਹੈ। ਉਨ੍ਹਾਂ ਅਦਾਲਤ ਦੇ ਹੁਕਮ ਦਾ ਸਵਾਗਤ ਕਰਦਿਆਂ ਕਿਹਾ ਕਿ ਅਦਾਲਤ ਦਾ ਵਿਸਤ੍ਰਿਤ ਹੁਕਮ ਅਜੇ ਅਪਡੇਟ ਨਹੀਂ ਕੀਤਾ ਗਿਆ। ਉਨ੍ਹਾਂ ਮੁਤਾਬਕ ਹੁਕਮ ਦੀ ਪੂਰੀ ਜਾਣਕਾਰੀ ਮਿਲਣ ਤੋਂ ਬਾਅਦ ਹੀ ਕਾਨੂੰਨੀ ਸਥਿਤੀ ਹੋਰ ਸਪੱਸ਼ਟ ਹੋਵੇਗੀ।

**ਬ੍ਰਿਟੇਨ ਦੇ ਸੰਸਦ ਮੈਂਬਰਾਂ ਵੱਲੋਂ ਵੀ ਪ੍ਰਤੀਕਿਰਿਆ**

**ਬਰਮਿੰਘਮ ਐਜ**ਬੈਸਟਨ ਤੋਂ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਜੱਗੀ ਜੌਹਲ ਨੂੰ ਜ਼ਮਾਨਤ ਮਿਲਣ ’ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਲਗਪਗ ਨੌਂ ਸਾਲਾਂ ਬਾਅਦ ਇਹ ਖ਼ਬਰ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਜਗਤਾਰ ਦੇ ਭਰਾ ਗੁਰਪ੍ਰੀਤ, ਸੰਸਦ ਮੈਂਬਰ ਡਗਲਸ ਮੈਕਐਲਿਸਟਰ ਅਤੇ ਆਪਣੇ ਸੰਸਦ ਮੈਂਬਰਾਂ ਨੂੰ ਪੱਤਰ ਲਿਖਣ ਵਾਲੇ ਲੋਕਾਂ ਦੀ ਲੰਬੀ ਮੁਹਿੰਮ ਤੋਂ ਬਾਅਦ ਇਹ ਮੌਕਾ ਆਇਆ ਹੈ। ਉਨ੍ਹਾਂ ਭਾਰਤੀ ਅਧਿਕਾਰੀਆਂ ਨਾਲ ਮਿਲ ਕੇ ਜਗਤਾਰ ਦੀ ਘਰ ਵਾਪਸੀ ਯਕੀਨੀ ਬਣਾਉਣ ਲਈ ਕੰਮ ਜਾਰੀ ਰੱਖਣ ਦੀ ਗੱਲ ਕਹੀ।

ਵੈਸਟ ਡਨਬਾਰਟਨਸ਼ਾਇਰ ਤੋਂ ਸਕਾਟਿਸ਼ ਲੇਬਰ ਸੰਸਦ ਮੈਂਬਰ ਡਗਲਸ ਮੈਕਐਲਿਸਟਰ ਨੇ ਵੀ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਵਸਨੀਕ ਜਗਤਾਰ ਸਿੰਘ ਜੌਹਲ ਨੂੰ ਲਗਪਗ ਨੌਂ ਸਾਲਾਂ ਦੀ ਹਿਰਾਸਤ ਤੋਂ ਬਾਅਦ ਜ਼ਮਾਨਤ ਮਿਲੀ ਹੈ। ਉਨ੍ਹਾਂ ਜਗਤਾਰ ਦੇ ਭਰਾ ਗੁਰਪ੍ਰੀਤ ਅਤੇ ਰਿਪ੍ਰੀਵ ਵੱਲੋਂ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਕੋਸ਼ਿਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ ਹੁਣ ਉਸ ਨੂੰ ਘਰ ਵਾਪਸ ਲਿਆਉਣ ਦਾ ਸਮਾਂ ਹੈ।

ਇਸ ਦੇ ਨਾਲ ਹੀ ਸਥਾਨਕ ਨਿਵਾਸੀ ਪਰਮਿੰਦਰ ਸਿੰਘ ਨੇ ਵੀ ਜੱਗੀ ਜੌਹਲ ਨੂੰ ਜ਼ਮਾਨਤ ਮਿਲਣ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਅਦਾਲਤ ਦੇ ਫ਼ੈਸਲਿਆਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਜੱਗੀ ਜੌਹਲ ਖ਼ਿਲਾਫ਼ ਲੱਗੇ ਦੋਸ਼ਾਂ ਬਾਰੇ ਅੰਤਿਮ ਸੱਚਾਈ ਨਿਆਂਇਕ ਪ੍ਰਕਿਰਿਆ ਰਾਹੀਂ ਹੀ ਤੈਅ ਹੋਵੇਗੀ।

# ਬੇਅਦਬੀ ਰੋਕੂ ਐਕਟ ਲਈ ਪੰਜਾਬ ਸਰਕਾਰ ਨੇ ਬਣਾਈ ਸੱਤ ਮੈਂਬਰੀ ਕਮੇਟੀ

### ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਕਰੇਗੀ ਤਾਲਮੇਲ; ਧਾਰਮਿਕ, ਪ੍ਰਸ਼ਾਸਨਿਕ ਅਤੇ ਨਿਆਂਇਕ ਖੇਤਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਕੀਤਾ ਸ਼ਾਮਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਸੱਤ ਮੈਂਬਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਬੇਅਦਬੀ ਵਿਰੁੱਧ ਕਾਨੂੰਨ ਵਿੱਚ ਸੋਧਾਂ ਨਾਲ ਸਬੰਧਤ ਮਾਮਲਿਆਂ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਕਮੇਟੀ ਨਾਲ ਵਿਚਾਰ-ਵਟਾਂਦਰਾ ਅਤੇ ਤਾਲਮੇਲ ਕਰੇਗੀ।

ਪੰਜਾਬ ਦੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਆਲੋਕ ਸ਼ੇਖਰ ਵੱਲੋਂ ਇਸ ਸੱਤ ਮੈਂਬਰੀ ਕਮੇਟੀ ਦੇ ਗਠਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ। ਸਰਕਾਰ ਵੱਲੋਂ ਬਣਾਈ ਗਈ ਇਸ ਕਮੇਟੀ ਵਿੱਚ ਧਾਰਮਿਕ, ਪ੍ਰਸ਼ਾਸਨਿਕ ਅਤੇ ਨਿਆਂਇਕ ਖੇਤਰ ਨਾਲ ਸਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਕਮੇਟੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਤੇ ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ ਨੂੰ ਮੈਂਬਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਸਾਬਕਾ ਜਸਟਿਸ ਜਸਪਾਲ ਸਿੰਘ, ਸਾਬਕਾ ਜਸਟਿਸ ਗੁਰਬੀਰ ਸਿੰਘ, ਸਾਬਕਾ ਆਈ.ਪੀ.ਐੱਸ. ਅਧਿਕਾਰੀ ਜਤਿੰਦਰ ਸਿੰਘ ਔਲਖ ਅਤੇ ਕਾਨੂੰਨ ਅਧਿਕਾਰੀ ਪ੍ਰੀਤ ਇੰਦਰ ਪੌਲ ਸਿੰਘ ਵੀ ਕਮੇਟੀ ਵਿੱਚ ਸ਼ਾਮਲ ਹਨ।




ਪੰਜਾਬ ਸਰਕਾਰ ਵੱਲੋਂ ਗਠਿਤ ਇਹ ਸੱਤ ਮੈਂਬਰੀ ਕਮੇਟੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਨਾਲ ਨਿਯਮਤ ਤੌਰ ’ਤੇ ਤਾਲਮੇਲ ਰੱਖੇਗੀ। ਦੋਵੇਂ ਧਿਰਾਂ ਵੱਲੋਂ ਐਕਟ ਨਾਲ ਸਬੰਧਤ ਮਾਮਲਿਆਂ, ਇਤਰਾਜ਼ਾਂ ਅਤੇ ਸੁਝਾਵਾਂ ’ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ।

ਕਮੇਟੀ ਵੱਲੋਂ ਵਿਚਾਰ-ਵਟਾਂਦਰੇ ਅਤੇ ਪ੍ਰਾਪਤ ਸੁਝਾਵਾਂ ਦੇ ਆਧਾਰ ’ਤੇ ਰਿਪੋਰਟ ਤਿਆਰ ਕਰਕੇ ਪੰਜਾਬ ਸਰਕਾਰ ਨੂੰ ਅਗਲੇਰੀ ਕਾਰਵਾਈ ਲਈ ਪੇਸ਼ ਕੀਤੀ ਜਾਵੇਗੀ। ਇਸ ਤਰ੍ਹਾਂ ਸਰਕਾਰ ਵੱਲੋਂ ਬਣਾਈ ਗਈ ਕਮੇਟੀ ਦੀ ਭੂਮਿਕਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਉਠਾਏ ਗਏ ਮੁੱਦਿਆਂ ਅਤੇ ਐਕਟ ਵਿੱਚ ਲੋੜੀਂਦੀਆਂ ਸੋਧਾਂ ਸਬੰਧੀ ਤਾਲਮੇਲ ਬਣਾਉਣ ਨਾਲ ਜੁੜੀ ਹੋਵੇਗੀ।

ਜ਼ਿਕਰਯੋਗ ਹੈ ਕਿ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਨੂੰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਸਰਕਾਰ ਨੂੰ ਐਕਟ ਦੀਆਂ ਕੁਝ ਧਾਰਾਵਾਂ ਅਤੇ ਸ਼ਬਦਾਵਲੀ ਵਿੱਚ ਤਬਦੀਲੀਆਂ ਕਰਨ ਲਈ ਕਿਹਾ ਗਿਆ ਸੀ। ਇਸ ਮਾਮਲੇ ’ਤੇ ਸਰਕਾਰ ਵੱਲੋਂ ਕਾਨੂੰਨੀ ਰਾਏ ਵੀ ਲਈ ਗਈ ਸੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਸੁਝਾਵਾਂ ’ਤੇ ਅੱਗੇ ਕਾਰਵਾਈ ਕਰਨ ਦੀ ਗੱਲ ਕਹੀ ਗਈ ਸੀ।

ਇਸ ਤੋਂ ਬਾਅਦ ਐਕਟ ਨਾਲ ਸਬੰਧਤ ਮਾਮਲਿਆਂ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਗਈ ਮਾਹਿਰਾਂ ਦੀ ਕਮੇਟੀ ਨੇ ਵੀ ਪੰਜਾਬ ਸਰਕਾਰ ਨਾਲ ਅਗਲੀ ਵਿਚਾਰ-ਚਰਚਾ ਤੋਂ ਪਹਿਲਾਂ ਸਰਕਾਰ ਤੋਂ ਪਾਲਣਾ ਰਿਪੋਰਟ ਮੰਗੀ ਸੀ।

ਹੁਣ ਪੰਜਾਬ ਸਰਕਾਰ ਵੱਲੋਂ ਸੱਤ ਮੈਂਬਰੀ ਤਾਲਮੇਲ ਕਮੇਟੀ ਬਣਾਏ ਜਾਣ ਨਾਲ ਬੇਅਦਬੀ ਵਿਰੁੱਧ ਕਾਨੂੰਨ ਵਿੱਚ ਸੋਧਾਂ ਸਬੰਧੀ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਮੇਟੀ ਵਿਚਕਾਰ ਵਿਚਾਰ-ਵਟਾਂਦਰੇ ਲਈ ਇੱਕ ਰਸਮੀ ਢਾਂਚਾ ਤਿਆਰ ਹੋ ਗਿਆ ਹੈ।

# ਡਾ. ਗੁਰਪ੍ਰੀਤ ਕੌਰ ਨੇ ਮਜੀਠੀਆ, ਹਰਸਿਮਰਤ ਬਾਦਲ ਤੇ ਖਹਿਰਾ ਖ਼ਿਲਾਫ਼ ਮਾਣਹਾਨੀ ਸ਼ਿਕਾਇਤ ਦਰਜ ਕਰਾਈ

### ਚੰਡੀਗੜ੍ਹ ਅਦਾਲਤ ਵਿੱਚ ਅਪਰਾਧਿਕ ਮਾਣਹਾਨੀ ਦਾ ਮਾਮਲਾ; ਝੂਠੇ ਤੇ ਬੇਬੁਨਿਆਦ ਦੋਸ਼ ਲਗਾ ਕੇ ਅਕਸ ਖ਼ਰਾਬ ਕਰਨ ਦੇ ਦੋਸ਼

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਨੇ ਆਪਣੇ ਖ਼ਿਲਾਫ਼ ਕਥਿਤ ਤੌਰ ’ਤੇ ਝੂਠੇ ਅਤੇ ਬੇਬੁਨਿਆਦ ਦੋਸ਼ ਲਗਾਉਣ ਦੇ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਹਰਸਿਮਰਤ ਕੌਰ ਬਾਦਲ ਅਤੇ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਚੰਡੀਗੜ੍ਹ ਦੀ ਅਦਾਲਤ ਵਿੱਚ ਅਪਰਾਧਿਕ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਹੈ।

ਡਾ. ਗੁਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀਆਂ ਧਾਰਾਵਾਂ 210 ਅਤੇ 222 ਤਹਿਤ ਇਹ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦੀ ਸ਼ਿਕਾਇਤ ਭਾਰਤੀ ਨਿਆਇਕ ਸੰਹਿਤਾ, 2023 ਦੀ ਧਾਰਾ 356 ਅਧੀਨ ਆਉਂਦੇ ਮਾਣਹਾਨੀ ਨਾਲ ਸਬੰਧਤ ਅਪਰਾਧ ਨਾਲ ਜੁੜੀ ਹੋਈ ਹੈ। ਸ਼ਿਕਾਇਤ ਵਿੱਚ ਉਨ੍ਹਾਂ ਆਪਣੇ ਆਪ ਨੂੰ ਇੱਕ ਯੋਗ ਮੈਡੀਕਲ ਪੇਸ਼ੇਵਰ ਦੱਸਦਿਆਂ ਕਿਹਾ ਕਿ ਸਮਾਜ ਵਿੱਚ ਉਨ੍ਹਾਂ ਦਾ ਚੰਗਾ ਰੁਤਬਾ ਅਤੇ ਵੱਕਾਰ ਹੈ।

ਸ਼ਿਕਾਇਤਕਰਤਾ ਅਨੁਸਾਰ ਉਨ੍ਹਾਂ ਖ਼ਿਲਾਫ਼ ਲਗਾਏ ਗਏ ਦੋਸ਼ਾਂ ਕਾਰਨ ਉਨ੍ਹਾਂ ਦੇ ਚਰਿੱਤਰ, ਸ਼ੋਹਰਤ ਅਤੇ ਨਿੱਜੀ ਪਛਾਣ ਨੂੰ ਸਮਾਜਿਕ ਅਤੇ ਵਿਅਕਤੀਗਤ ਪੱਧਰ ’ਤੇ ਡੂੰਘਾ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਸ ਤਰ੍ਹਾਂ ਦੇ ਦੋਸ਼ਾਂ ਨਾਲ ਹੋਏ ਨੁਕਸਾਨ ਦੀ ਪੂਰੀ ਭਰਪਾਈ ਸੰਭਵ ਨਹੀਂ ਹੈ।

ਡਾ. ਗੁਰਪ੍ਰੀਤ ਕੌਰ ਨੇ ਖ਼ਾਸ ਤੌਰ ’ਤੇ ਬਿਕਰਮ ਸਿੰਘ ਮਜੀਠੀਆ ਵੱਲੋਂ 1 ਸਤੰਬਰ, 2026 ਨੂੰ ਚੰਡੀਗੜ੍ਹ ਵਿੱਚ ਕੀਤੀ ਗਈ ਪ੍ਰੈੱਸ ਕਾਨਫਰੰਸ ਦਾ ਹਵਾਲਾ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਦੌਰਾਨ ਮਜੀਠੀਆ ਨੇ ਉਨ੍ਹਾਂ ਖ਼ਿਲਾਫ਼ ਅਜਿਹੇ ਬਿਆਨ ਦਿੱਤੇ ਜੋ ਉਨ੍ਹਾਂ ਮੁਤਾਬਕ ਝੂਠੇ ਅਤੇ ਮਾਣਹਾਨੀਯੋਗ ਸਨ।



ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਮਜੀਠੀਆ ਵੱਲੋਂ ਇਹ ਦੋਸ਼ ਲਗਾਇਆ ਗਿਆ ਸੀ ਕਿ ਡਾ. ਗੁਰਪ੍ਰੀਤ ਕੌਰ ਨੇ ਆਪਣੇ ਇੱਕ ਰਿਸ਼ਤੇਦਾਰ ਰਾਹੀਂ ਜਬਰ-ਜਨਾਹ ਵਰਗੇ ਗੰਭੀਰ ਅਪਰਾਧ ਦੇ ਮੁਲਜ਼ਮ ਨੂੰ ਬਚਾਉਣ ਲਈ ਸਰਕਾਰੀ ਤੰਤਰ ਨੂੰ ਪ੍ਰਭਾਵਿਤ ਕਰਨ ਦੇ ਬਦਲੇ ਪੈਸਿਆਂ ਦੀ ਮੰਗ ਕੀਤੀ ਸੀ। ਡਾ. ਗੁਰਪ੍ਰੀਤ ਕੌਰ ਨੇ ਇਨ੍ਹਾਂ ਦੋਸ਼ਾਂ ਨੂੰ ਪੂਰੀ ਤਰ੍ਹਾਂ ਬੇਬੁਨਿਆਦ ਕਰਾਰ ਦਿੱਤਾ ਹੈ।

ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪ੍ਰੈੱਸ ਕਾਨਫਰੰਸ ਦੌਰਾਨ ਕਥਿਤ ਆਡੀਓ ਰਿਕਾਰਡਿੰਗਾਂ, ਤਸਵੀਰਾਂ ਅਤੇ ਸੀ.ਸੀ.ਟੀ.ਵੀ. ਫੁਟੇਜ ਪੇਸ਼ ਕਰਕੇ ਇਹ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਦੇ ਨਜ਼ਦੀਕੀ ਲੋਕ ਪੈਸਿਆਂ ਦੇ ਲੈਣ-ਦੇਣ ਨਾਲ ਜੁੜੇ ਹੋਏ ਹਨ।

ਡਾ. ਗੁਰਪ੍ਰੀਤ ਕੌਰ ਨੇ ਆਪਣੀ ਸ਼ਿਕਾਇਤ ਵਿੱਚ ਕਿਹਾ ਕਿ ਤਿੰਨਾਂ ਆਗੂਆਂ ਦੇ ਬਿਆਨਾਂ ਵਿੱਚ ਉਨ੍ਹਾਂ ਨੂੰ ਖ਼ਾਸ ਤੌਰ ’ਤੇ ਨਿਸ਼ਾਨਾ ਬਣਾਇਆ ਗਿਆ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਨੂੰ ਇੱਕ ਅਜਿਹੀ ਔਰਤ ਵਜੋਂ ਪੇਸ਼ ਕੀਤਾ ਗਿਆ ਜੋ ਪੈਸਿਆਂ ਦੀ ਖ਼ਾਤਰ ਜਬਰ-ਜਨਾਹ ਦੇ ਮੁਲਜ਼ਮ ਦੀ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ਾਂ ਨਾਲ ਉਨ੍ਹਾਂ ਦੇ ਅਕਸ, ਸਨਮਾਨ ਅਤੇ ਨਿੱਜੀ ਪਛਾਣ ਨੂੰ ਡੂੰਘੀ ਠੇਸ ਪਹੁੰਚੀ ਹੈ।

ਸ਼ਿਕਾਇਤ ਵਿੱਚ ਡਾ. ਗੁਰਪ੍ਰੀਤ ਕੌਰ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਬਿਕਰਮ ਸਿੰਘ ਮਜੀਠੀਆ, ਹਰਸਿਮਰਤ ਕੌਰ ਬਾਦਲ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਮਾਣਹਾਨੀ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਤਲਬ ਕੀਤਾ ਜਾਵੇ ਅਤੇ ਭਾਰਤੀ ਨਿਆਇਕ ਸੰਹਿਤਾ ਦੀ ਧਾਰਾ 356 ਤਹਿਤ ਕਾਰਵਾਈ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਇਸੇ ਵਿਵਾਦ ਨਾਲ ਸਬੰਧਤ ਇੱਕ ਵੱਖਰੇ ਮਾਮਲੇ ਵਿੱਚ ਚੰਡੀਗੜ੍ਹ ਦੀ ਸਿਵਲ ਅਦਾਲਤ ਨੇ ਸੇਵਾਮੁਕਤ ਜਸਟਿਸ ਰਣਜੀਤ ਸਿੰਘ, ਬਿਕਰਮ ਸਿੰਘ ਮਜੀਠੀਆ ਅਤੇ ਸੁਖਪਾਲ ਸਿੰਘ ਖਹਿਰਾ ਨੂੰ ਡਾ. ਗੁਰਪ੍ਰੀਤ ਕੌਰ ਨਾਲ ਸਬੰਧਤ ਰਿਸ਼ਵਤ ਦੀ ਕਥਿਤ ਮੰਗ ਬਾਰੇ ਅਣ-ਪ੍ਰਮਾਣਿਤ ਅਤੇ ਮਾਣਹਾਨੀਯੋਗ ਸਮੱਗਰੀ ਪ੍ਰਕਾਸ਼ਿਤ ਜਾਂ ਸਾਂਝੀ ਕਰਨ ਤੋਂ ਅਗਲੇ ਹੁਕਮਾਂ ਤੱਕ ਅੰਤਰਿਮ ਤੌਰ ’ਤੇ ਰੋਕਿਆ ਸੀ।

ਅਦਾਲਤ ਨੇ ਆਪਣੇ ਅੰਤਰਿਮ ਹੁਕਮ ਵਿੱਚ ਕਿਹਾ ਸੀ ਕਿ ਉਸ ਦੇ ਸਾਹਮਣੇ ਪੇਸ਼ ਕੀਤੀਆਂ ਪੋਸਟਾਂ, ਵੀਡੀਓ ਅਤੇ ਤਸਵੀਰਾਂ ਉਸ ਸਮੇਂ ਕਿਸੇ ਹੋਰ ਠੋਸ ਸਬੂਤ ਨਾਲ ਪ੍ਰਮਾਣਿਤ ਨਹੀਂ ਦਿਖਾਈ ਦਿੰਦੀਆਂ। ਅਦਾਲਤ ਨੇ ਇਹ ਵੀ ਕਿਹਾ ਸੀ ਕਿ ਮਾਮਲੇ ਵਿੱਚ ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਕਿਸੇ ਵਿਅਕਤੀ ਦੀ ਇੱਜ਼ਤ ਦੀ ਰੱਖਿਆ ਵਿਚਕਾਰ ਸੰਤੁਲਨ ਬਣਾਉਣਾ ਜ਼ਰੂਰੀ ਹੈ। ਹਾਲਾਂਕਿ ਅਦਾਲਤ ਨੇ ਉਸ ਪੜਾਅ ’ਤੇ ਪਹਿਲਾਂ ਤੋਂ ਮੌਜੂਦ ਪੋਸਟਾਂ, ਵੀਡੀਓ ਅਤੇ ਤਸਵੀਰਾਂ ਨੂੰ ਹਟਾਉਣ ਦਾ ਹੁਕਮ ਨਹੀਂ ਦਿੱਤਾ ਸੀ ਅਤੇ ਇਸ ਸਬੰਧੀ ਵਿਰੋਧੀ ਪੱਖਾਂ ਨੂੰ ਸੁਣਨਾ ਜ਼ਰੂਰੀ ਦੱਸਿਆ ਸੀ।

ਇਸ ਤਾਜ਼ਾ ਅਪਰਾਧਿਕ ਮਾਣਹਾਨੀ ਸ਼ਿਕਾਇਤ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਪਤਨੀ ਨਾਲ ਸਬੰਧਤ ਦੋਸ਼ਾਂ ਨੂੰ ਲੈ ਕੇ ਚੱਲ ਰਿਹਾ ਸਿਆਸੀ ਅਤੇ ਕਾਨੂੰਨੀ ਵਿਵਾਦ ਹੁਣ ਅਦਾਲਤੀ ਕਾਰਵਾਈ ਦੇ ਇੱਕ ਹੋਰ ਪੜਾਅ ਵਿੱਚ ਦਾਖ਼ਲ ਹੋ ਗਿਆ ਹੈ।

# ਗਿੱਪੀ ਗਰੇਵਾਲ ਨੇ ਏਅਰ ਕੈਨੇਡਾ ’ਤੇ ਚੁੱਕੇ ਸਵਾਲ ਬਿਜ਼ਨਸ ਕਲਾਸ ਦੀ ਟਿਕਟ, ਸੀਟ ਮਿਲੀ ਇਕੋਨੌਮੀ ’ਚ;




**ਸੀਟ ਬਦਲਣ ਦਾ ਕਾਰਨ ਪੁੱਛਣ ’ਤੇ ਜਹਾਜ਼ ਤੋਂ ਉਤਾਰਨ ਦੀ ਧਮਕੀ ਦੇਣ ਦਾ ਦੋਸ਼; ਮਾਮਲਾ ਭਖਣ ਮਗਰੋਂ ਏਅਰਲਾਈਨ ਨੇ ਗਿੱਪੀ ਗਰੇਵਾਲ ਤੋਂ ਮੰਗੀ ਮੁਆਫ਼ੀ**

ਪੰਜਾਬੀ ਗਾਇਕ ਅਤੇ ਅਦਾਕਾਰ ਗਿੱਪੀ ਗਰੇਵਾਲ ਨੇ ਏਅਰ ਕੈਨੇਡਾ ਦੀ ਉਡਾਣ ਦੌਰਾਨ ਆਪਣੇ ਨਾਲ ਕਥਿਤ ਤੌਰ ’ਤੇ ਹੋਏ ਮਾੜੇ ਵਤੀਰੇ ਨੂੰ ਲੈ ਕੇ ਸੋਸ਼ਲ ਮੀਡੀਆ ’ਤੇ ਆਪਣੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਗਿੱਪੀ ਗਰੇਵਾਲ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਇੱਕ ਪੋਸਟ ਸਾਂਝੀ ਕਰਦਿਆਂ ਏਅਰਲਾਈਨ ਦੇ ਅਮਲੇ ’ਤੇ ਗੰਭੀਰ ਦੋਸ਼ ਲਗਾਏ ਹਨ।

ਗਿੱਪੀ ਗਰੇਵਾਲ ਮੁਤਾਬਕ ਉਨ੍ਹਾਂ ਨੇ ਬਿਜ਼ਨਸ ਕਲਾਸ ਦੀ ਸੀਟ ਲਈ ਪੂਰੀ ਫ਼ੀਸ ਅਦਾ ਕੀਤੀ ਸੀ, ਪਰ ਜਹਾਜ਼ ਵਿੱਚ ਸਵਾਰ ਹੋਣ ਤੋਂ ਬਾਅਦ ਉਨ੍ਹਾਂ ਨੂੰ ਇਕੋਨੌਮੀ ਕਲਾਸ ਵਿੱਚ ਬਿਠਾ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਇਸ ਬਾਰੇ ਏਅਰਲਾਈਨ ਦੇ ਸਟਾਫ਼ ਨਾਲ ਗੱਲ ਕੀਤੀ ਅਤੇ ਆਪਣੀ ਬੁੱਕ ਕੀਤੀ ਸੀਟ ਬਾਰੇ ਪੁੱਛਿਆ ਤਾਂ ਉਨ੍ਹਾਂ ਨੂੰ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ।

ਗਾਇਕ ਨੇ ਦੋਸ਼ ਲਾਇਆ ਕਿ ਸਮੱਸਿਆ ਦਾ ਹੱਲ ਕਰਨ ਦੀ ਬਜਾਏ ਅਮਲੇ ਵੱਲੋਂ ਉਨ੍ਹਾਂ ਨਾਲ ਰੁੱਖਾ ਵਤੀਰਾ ਕੀਤਾ ਗਿਆ ਅਤੇ ਕਿਹਾ ਗਿਆ ਕਿ ਹੁਣ ਇਸ ਮਾਮਲੇ ਵਿੱਚ ਕੁਝ ਨਹੀਂ ਕੀਤਾ ਜਾ ਸਕਦਾ।

ਗਿੱਪੀ ਗਰੇਵਾਲ ਨੇ ਕਿਹਾ ਕਿ ਉਹ ਏਅਰਲਾਈਨ ਤੋਂ ਕੋਈ ਵਾਧੂ ਸਹੂਲਤ ਜਾਂ ਵਿਸ਼ੇਸ਼ ਵਿਹਾਰ ਨਹੀਂ ਮੰਗ ਰਹੇ ਸਨ, ਸਗੋਂ ਸਿਰਫ਼ ਉਹੀ ਬਿਜ਼ਨਸ ਕਲਾਸ ਸੀਟ ਮੰਗ ਰਹੇ ਸਨ, ਜਿਸ ਲਈ ਉਨ੍ਹਾਂ ਨੇ ਪੂਰੀ ਰਕਮ ਅਦਾ ਕੀਤੀ ਸੀ।

**ਵਿਰੋਧ ਕਰਨ ’ਤੇ ਜਹਾਜ਼ ਤੋਂ ਉਤਾਰਨ ਦੀ ਧਮਕੀ ਦੇਣ ਦਾ ਦੋਸ਼**

ਗਿੱਪੀ ਗਰੇਵਾਲ ਨੇ ਆਪਣੀ ਪੋਸਟ ਵਿੱਚ ਦੱਸਿਆ ਕਿ ਜਦੋਂ ਉਨ੍ਹਾਂ ਨੇ ਸੀਟ ਬਦਲੇ ਜਾਣ ਦਾ ਕਾਰਨ ਜਾਣਨ ਲਈ ਲਗਾਤਾਰ ਸਵਾਲ ਕੀਤੇ ਤਾਂ ਉਨ੍ਹਾਂ ਨੂੰ ਕਥਿਤ ਤੌਰ ’ਤੇ ਫਲਾਈਟ ਲੈਣ ਜਾਂ ਜਹਾਜ਼ ਛੱਡਣ ਦੀ ਗੱਲ ਕਹੀ ਗਈ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਸਵਾਲ ਪੁੱਛਦੇ ਰਹਿਣ ’ਤੇ ਉਨ੍ਹਾਂ ਨੂੰ ਜਹਾਜ਼ ਤੋਂ ਹੇਠਾਂ ਉਤਾਰਨ ਦੀ ਧਮਕੀ ਦਿੱਤੀ ਗਈ। ਗਿੱਪੀ ਗਰੇਵਾਲ ਮੁਤਾਬਕ ਪੂਰੇ ਘਟਨਾਕ੍ਰਮ ਦੌਰਾਨ ਏਅਰਲਾਈਨ ਦੇ ਅਮਲੇ ਵੱਲੋਂ ਉਨ੍ਹਾਂ ਤੋਂ ਮੁਆਫ਼ੀ ਵੀ ਨਹੀਂ ਮੰਗੀ ਗਈ। ਉਨ੍ਹਾਂ ਇਸ ਤਜਰਬੇ ਨੂੰ ਨਿਰਾਸ਼ਾਜਨਕ ਦੱਸਦਿਆਂ ਏਅਰਲਾਈਨ ਦੇ ਰਵੱਈਏ ’ਤੇ ਸਵਾਲ ਉਠਾਏ।

ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਟੋਰਾਂਟੋ ਤੋਂ ਨਿਊਯਾਰਕ ਜਾਣ ਵਾਲੀ ਏਅਰ ਕੈਨੇਡਾ ਦੀ ਉਡਾਣ ਏਸੀ1504 ਦੌਰਾਨ ਵਾਪਰੀ। ਹਾਲਾਂਕਿ, ਬਿਜ਼ਨਸ ਕਲਾਸ ਦੀ ਟਿਕਟ ਹੋਣ ਦੇ ਬਾਵਜੂਦ ਗਿੱਪੀ ਗਰੇਵਾਲ ਨੂੰ ਇਕੋਨੌਮੀ ਕਲਾਸ ਵਿੱਚ ਕਿਉਂ ਬਿਠਾਇਆ ਗਿਆ, ਇਸ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੋਇਆ ਹੈ।

**ਮਾਮਲਾ ਭਖਣ ਮਗਰੋਂ ਏਅਰ ਕੈਨੇਡਾ ਨੇ ਮੰਗੀ ਮੁਆਫ਼ੀ**

ਗਿੱਪੀ ਗਰੇਵਾਲ ਦੀ ਪੋਸਟ ਸੋਸ਼ਲ ਮੀਡੀਆ ’ਤੇ ਚਰਚਾ ਵਿੱਚ ਆਉਣ ਤੋਂ ਬਾਅਦ ਏਅਰ ਕੈਨੇਡਾ ਨੇ ‘ਐਕਸ’ ’ਤੇ ਪ੍ਰਤੀਕਿਰਿਆ ਦਿੱਤੀ। ਏਅਰਲਾਈਨ ਨੇ ਘਟਨਾ ’ਤੇ ਅਫ਼ਸੋਸ ਪ੍ਰਗਟ ਕਰਦਿਆਂ ਗਿੱਪੀ ਗਰੇਵਾਲ ਤੋਂ ਮੁਆਫ਼ੀ ਮੰਗੀ ਅਤੇ ਉਨ੍ਹਾਂ ਨੂੰ ਮਾਮਲੇ ਦੀ ਜਾਂਚ ਲਈ ਆਪਣੀ ਬੁਕਿੰਗ ਸਬੰਧੀ ਜਾਣਕਾਰੀ ਅਤੇ ਹੋਰ ਵੇਰਵੇ ਨਿੱਜੀ ਸੁਨੇਹੇ ਰਾਹੀਂ ਭੇਜਣ ਲਈ ਕਿਹਾ।

ਏਅਰ ਕੈਨੇਡਾ ਵੱਲੋਂ ਮਾਮਲੇ ਦੀ ਜਾਂਚ ਕਰਨ ਦੀ ਗੱਲ ਕਹੀ ਗਈ ਹੈ। ਹਾਲਾਂਕਿ, ਏਅਰਲਾਈਨ ਨੇ ਅਜੇ ਤੱਕ ਇਹ ਸਪੱਸ਼ਟ ਨਹੀਂ ਕੀਤਾ ਕਿ ਬਿਜ਼ਨਸ ਕਲਾਸ ਦੀ ਟਿਕਟ ਬੁੱਕ ਹੋਣ ਦੇ ਬਾਵਜੂਦ ਗਿੱਪੀ ਗਰੇਵਾਲ ਨੂੰ ਇਕੋਨੌਮੀ ਕਲਾਸ ਵਿੱਚ ਕਿਉਂ ਬਿਠਾਇਆ ਗਿਆ ਅਤੇ ਉਨ੍ਹਾਂ ਵੱਲੋਂ ਦੱਸੇ ਗਏ ਵਿਹਾਰ ਸਬੰਧੀ ਅਸਲ ਸਥਿਤੀ ਕੀ ਸੀ।

ਇਸ ਮਾਮਲੇ ਨੂੰ ਲੈ ਕੇ ਗਿੱਪੀ ਗਰੇਵਾਲ ਦੀ ਸੋਸ਼ਲ ਮੀਡੀਆ ਪੋਸਟ ਤੋਂ ਬਾਅਦ ਏਅਰਲਾਈਨ ਦੀ ਕਾਰਵਾਈ ਅਤੇ ਜਾਂਚ ਦੇ ਨਤੀਜੇ ’ਤੇ ਹੁਣ ਨਜ਼ਰ ਰਹੇਗੀ।

# ਕੈਨੇਡਾ ਦੇ ਚਾਰ ਵੱਡੇ ਹਵਾਈ ਅੱਡਿਆਂ ਦਾ ਨਿੱਜੀਕਰਨ, ਸਰਕਾਰ ਨੂੰ 10 ਅਰਬ ਡਾਲਰ ਮਿਲਣ ਦੀ ਉਮੀਦ

**ਮਾਰਕ ਕਾਰਨੀ ਸਰਕਾਰ ਦਾ ਵੱਡਾ ਫੈਸਲਾ; ਟੋਰਾਂਟੋ, ਕੈਲਗਰੀ, ਮੌਂਟਰਿਆਲ ਤੇ ਵੈਨਕੂਵਰ ਹਵਾਈ ਅੱਡਿਆਂ ਦਾ ਸੰਚਾਲਨ ਨਿੱਜੀ ਹੱਥਾਂ ’ਚ ਦੇਣ ਦੀ ਤਿਆਰੀ, ਜ਼ਮੀਨ ਤੇ ਬੁਨਿਆਦੀ ਢਾਂਚੇ ਦੀ ਮਾਲਕੀ ਸਰਕਾਰ ਕੋਲ ਹੀ ਰਹੇਗੀ**

ਕੈਨੇਡਾ ਸਰਕਾਰ ਨੇ ਦੇਸ਼ ਦੇ ਚਾਰ ਮੁੱਖ ਹਵਾਈ ਅੱਡਿਆਂ ਦੇ ਨਿੱਜੀਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮੰਗਲਵਾਰ ਸਵੇਰੇ ਇਸ ਫੈਸਲੇ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਟੋਰਾਂਟੋ ਦੇ ਪੀਅਰਸਨ ਹਵਾਈ ਅੱਡੇ ਸਮੇਤ ਕੈਲਗਰੀ, ਮੌਂਟਰਿਆਲ ਅਤੇ ਵੈਨਕੂਵਰ ਦੇ ਹਵਾਈ ਅੱਡਿਆਂ ਦਾ ਸੰਚਾਲਨ ਨਿੱਜੀ ਹੱਥਾਂ ਵਿੱਚ ਦੇਣ ਨਾਲ ਸਰਕਾਰ ਨੂੰ ਲਗਭਗ 10 ਅਰਬ ਡਾਲਰ ਮਿਲਣ ਦੀ ਉਮੀਦ ਹੈ।

ਕਾਰਨੀ ਮੁਤਾਬਕ ਇਸ ਰਕਮ ਨੂੰ ਦੇਸ਼ ਦੇ ਮਹੱਤਵਪੂਰਨ ਉਤਪਾਦਨ ਸਾਧਨਾਂ ਅਤੇ ਵਿਕਾਸ ਨਾਲ ਜੁੜੇ ਖੇਤਰਾਂ ਵਿੱਚ ਨਿਵੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਕੈਨੇਡਾ ਦੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਜਾ ਸਕਦਾ ਹੈ। ਹਾਲਾਂਕਿ ਹਵਾਈ ਅੱਡਿਆਂ ਦੀ ਜ਼ਮੀਨ ਅਤੇ ਬੁਨਿਆਦੀ ਸੰਚਾਲਨ ਢਾਂਚਾ ਸਰਕਾਰ ਦੀ ਮਾਲਕੀ ਹੇਠ ਹੀ ਰਹੇਗਾ।

**ਗੁਪਤ ਮੀਟਿੰਗ ਤੋਂ ਬਾਅਦ ਸਾਹਮਣੇ ਆਇਆ ਫੈਸਲਾ**

ਇਸ ਫੈਸਲੇ ਤੋਂ ਪਹਿਲਾਂ ਟੋਰਾਂਟੋ ਵਿੱਚ ਵਿਦੇਸ਼ੀ ਨਿਵੇਸ਼ਕਾਂ ਦੇ ਸਮਾਗਮ ਦੌਰਾਨ ਸੋਮਵਾਰ ਦੇਰ ਰਾਤ ਕੈਨੇਡਾ ਦੀ ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰਾਂ ਦੀ ਇੱਕ ਗੁਪਤ ਮੀਟਿੰਗ ਸੱਦੀ ਗਈ ਸੀ। ਇਸ ਮੀਟਿੰਗ ਦਾ ਮੁੱਖ ਵਿਸ਼ਾ ਦੇਸ਼ ਦੇ ਹਵਾਈ ਅੱਡਿਆਂ ਦੇ ਭਵਿੱਖ ਅਤੇ ਉਨ੍ਹਾਂ ਦੇ ਸੰਚਾਲਨ ਨੂੰ ਨਿੱਜੀ ਹੱਥਾਂ ਵਿੱਚ ਦੇਣ ਨਾਲ ਜੁੜੇ ਵਿਕਲਪਾਂ ’ਤੇ ਵਿਚਾਰ ਕਰਨਾ ਸੀ।

ਮੀਟਿੰਗ ਨੂੰ ਇੰਨਾ ਗੁਪਤ ਰੱਖਿਆ ਗਿਆ ਕਿ ਸੰਸਦ ਮੈਂਬਰਾਂ ਦੇ ਅਮਲੇ ਨੂੰ ਵੀ ਇਸ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਦੇਰ ਰਾਤ ਕਾਹਲੀ ਵਿੱਚ ਸੱਦੀ ਗਈ ਇਸ ਮੀਟਿੰਗ ਨੂੰ ਵਿਦੇਸ਼ੀ ਨਿਵੇਸ਼ਕਾਂ ਦੇ ਸਮਾਗਮ ਦੇ ਸੰਦਰਭ ਵਿੱਚ ਖਾਸ ਮਹੱਤਵਪੂਰਨ ਮੰਨਿਆ ਗਿਆ।

ਉਸ ਸਮੇਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਸੀ ਕਿ ਸਰਕਾਰ ਕੁਝ ਹਵਾਈ ਅੱਡਿਆਂ ਲਈ ਗੈਰ-ਮੁਨਾਫ਼ਾ ਮਾਡਲ ਦੀ ਥਾਂ ਨਿੱਜੀਕਰਨ ਜਾਂ ਹੋਰ ਸੰਚਾਲਕੀ ਵਿਕਲਪਾਂ ’ਤੇ ਵਿਚਾਰ ਕਰ ਰਹੀ ਹੈ। ਇਸ ਦੇ ਨਾਲ ਹੀ ਇਹ ਵੀ ਮੰਨਿਆ ਜਾ ਰਿਹਾ ਸੀ ਕਿ ਸਰਕਾਰ ਵੱਡੇ ਵਿਦੇਸ਼ੀ ਨਿਵੇਸ਼ਕਾਂ ਦੀ ਦਿਲਚਸਪੀ ਨੂੰ ਪਰਖਣ ਲਈ ਇਸ ਮੁੱਦੇ ਨੂੰ ਨਿਵੇਸ਼ ਸੰਮੇਲਨ ਵਿੱਚ ਉਭਾਰ ਸਕਦੀ ਹੈ।

**ਅਗਲੇ ਪੰਜ ਸਾਲਾਂ ਵਿੱਚ ਵੱਡੇ ਵਿਦੇਸ਼ੀ ਨਿਵੇਸ਼ ਦਾ ਟੀਚਾ**

ਮਾਰਕ ਕਾਰਨੀ ਸਰਕਾਰ ਵੱਲੋਂ ਪਿਛਲੇ ਸਾਲ ਦੇ ਬਜਟ ਅਤੇ ਇਸ ਸਾਲ ਦੀਆਂ ਵਿੱਤੀ ਯੋਜਨਾਵਾਂ ਵਿੱਚ ਕੁਝ ਵਿਸ਼ੇਸ਼ ਹਵਾਈ ਅੱਡਿਆਂ ਲਈ ਵਿਕਲਪਕ ਮਾਡਲ ਅਪਣਾਉਣ ਦੇ ਸੰਕੇਤ ਪਹਿਲਾਂ ਹੀ ਦਿੱਤੇ ਜਾ ਚੁੱਕੇ ਸਨ।

ਆਰਥਿਕ ਮਾਹਰਾਂ ਵੱਲੋਂ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਸਰਕਾਰ ਵੱਲੋਂ ਅਗਲੇ ਪੰਜ ਸਾਲਾਂ ਵਿੱਚ 10 ਖਰਬ ਡਾਲਰ ਦੇ ਵਿਦੇਸ਼ੀ ਨਿਵੇਸ਼ ਦਾ ਟੀਚਾ ਹਾਸਲ ਕਰਨ ਲਈ ਕੁਝ ਮੁੱਖ ਹਵਾਈ ਅੱਡਿਆਂ ਨੂੰ ਪੱਕੇ ਤੌਰ ’ਤੇ ਨਿੱਜੀ ਹੱਥਾਂ ਵਿੱਚ ਜਾਂ ਲੰਮੇ ਸਮੇਂ ਦੇ ਵਰਤੋਂ ਠੇਕੇ ’ਤੇ ਦਿੱਤਾ ਜਾ ਸਕਦਾ ਹੈ। ਇਸ ਰਾਹੀਂ ਕਈ ਅਰਬ ਡਾਲਰ ਦੇ ਵਿਦੇਸ਼ੀ ਨਿਵੇਸ਼ ਦੀ ਉਮੀਦ ਕੀਤੀ ਜਾ ਰਹੀ ਹੈ।

**ਮਜ਼ਦੂਰ ਜਥੇਬੰਦੀਆਂ ਨੇ ਜਤਾਈ ਚਿੰਤਾ**

ਨਿਵੇਸ਼ਕ ਸੰਮੇਲਨ ਸ਼ੁਰੂ ਹੋਣ ਤੋਂ ਪਹਿਲਾਂ ਲੇਬਰ ਕਾਂਗਰਸ ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸ ਵਿੱਚ ਹਵਾਈ ਅੱਡਿਆਂ ਦੇ ਨਿੱਜੀਕਰਨ ਨੂੰ ਲੈ ਕੇ ਕਈ ਚਿੰਤਾਵਾਂ ਪ੍ਰਗਟ ਕੀਤੀਆਂ ਗਈਆਂ ਸਨ।

ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਹਵਾਈ ਅੱਡਿਆਂ ਦਾ ਨਿੱਜੀਕਰਨ ਕੀਤੇ ਜਾਣ ਨਾਲ ਯਾਤਰੀਆਂ ਉੱਤੇ ਵੱਧ ਲਾਗਤ ਦਾ ਬੋਝ ਪੈ ਸਕਦਾ ਹੈ। ਇਸ ਤੋਂ ਇਲਾਵਾ ਕਰਮਚਾਰੀਆਂ ਉੱਤੇ ਕੰਮ ਦਾ ਦਬਾਅ ਵਧਣ ਅਤੇ ਲੰਮੇ ਸਮੇਂ ਵਿੱਚ ਜਨਤਕ ਜਾਇਦਾਦਾਂ ਨੂੰ ਨੁਕਸਾਨ ਹੋਣ ਦਾ ਖਦਸ਼ਾ ਵੀ ਜਤਾਇਆ ਗਿਆ।

**ਕਰਮਚਾਰੀਆਂ ਦੀਆਂ ਤਨਖਾਹਾਂ ਤੇ ਹਾਲਾਤਾਂ ਨੂੰ ਲੈ ਕੇ ਵੀ ਸਵਾਲ**

ਸਰਕਾਰ ਦੇ ਇਸ ਕਦਮ ’ਤੇ ਟਿੱਪਣੀ ਕਰਦਿਆਂ ਯੂਨੀਫੋਰ ਏਵੀਏਸ਼ਨ ਕੌਂਸਲ ਨੇ ਵੀ ਚਿੰਤਾ ਪ੍ਰਗਟ ਕੀਤੀ ਹੈ। ਜਥੇਬੰਦੀ ਦਾ ਕਹਿਣਾ ਹੈ ਕਿ ਬਾਹਰੀ ਏਜੰਸੀਆਂ ਰਾਹੀਂ ਕੰਮ ਕਰਵਾਉਣ ਅਤੇ ਠੇਕਾ ਪ੍ਰਣਾਲੀ ਨੂੰ ਵਧਾਉਣ ਨਾਲ ਕਰਮਚਾਰੀਆਂ ਦੀਆਂ ਤਨਖਾਹਾਂ, ਮਿਲਣ ਵਾਲੇ ਲਾਭਾਂ ਅਤੇ ਕੰਮਕਾਜੀ ਹਾਲਾਤਾਂ ਵਿੱਚ ਹੋਰ ਗਿਰਾਵਟ ਆ ਸਕਦੀ ਹੈ।

ਯੂਨੀਫੋਰ ਦੀ ਕੌਮੀ ਪ੍ਰਧਾਨ ਲਾਨਾ ਪੇਨੇ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਵਾਰ-ਵਾਰ ਇਹ ਦੇਖਣ ਨੂੰ ਮਿਲਿਆ ਹੈ ਕਿ ਜਨਤਕ ਢਾਂਚੇ ਅਤੇ ਸੰਪਤੀਆਂ ਦੀ ਵਿਕਰੀ ਦਾ ਅਸਰ ਮੁਲਾਜ਼ਮਾਂ ਦੇ ਨਾਲ-ਨਾਲ ਦੇਸ਼ ਦੀ ਅਰਥਵਿਵਸਥਾ ’ਤੇ ਵੀ ਪੈਂਦਾ ਹੈ। ਉਨ੍ਹਾਂ ਮੁਤਾਬਕ ਜਨਤਕ ਜਾਇਦਾਦ ਨੂੰ ਨਿੱਜੀ ਹੱਥਾਂ ਵਿੱਚ ਦੇਣ ਨਾਲ ਕਰਮਚਾਰੀਆਂ ਦੀ ਸਥਿਤੀ ਕਮਜ਼ੋਰ ਹੋ ਸਕਦੀ ਹੈ ਅਤੇ ਲੰਮੇ ਸਮੇਂ ਵਿੱਚ ਆਰਥਿਕ ਨੁਕਸਾਨ ਦਾ ਖਤਰਾ ਬਣਿਆ ਰਹਿੰਦਾ ਹੈ।

# ਭਾਰਤ-ਅਮਰੀਕਾ ਦਾ ਸਾਂਝਾ ਫ਼ੌਜੀ ਅਭਿਆਸ ਪਹਿਲੀ ਵਾਰ ਦੋ ਵੱਖ-ਵੱਖ ਥਾਵਾਂ ’ਤੇ ਇਕੱਠੇ

**ਉਤਰਾਖੰਡ ਦੇ ਔਲੀ ਅਤੇ ਰਾਜਸਥਾਨ ਦੀ ਮਹਾਜਨ ਫ਼ੀਲਡ ਫ਼ਾਇਰਿੰਗ ਰੇਂਜ ’ਚ ਚੱਲ ਰਿਹਾ ਅਭਿਆਸ; ਦੋਵਾਂ ਦੇਸ਼ਾਂ ਦੇ 600-600 ਜਵਾਨ ਲੈ ਰਹੇ ਹਿੱਸਾ**



ਭਾਰਤ ਅਤੇ ਅਮਰੀਕਾ ਦੀਆਂ ਫ਼ੌਜਾਂ ਵਿਚਕਾਰ ਸਾਂਝੇ ਫ਼ੌਜੀ ਅਭਿਆਸ ‘ਯੁੱਧ ਅਭਿਆਸ’ ਦਾ 22ਵਾਂ ਸੰਸਕਰਣ 15 ਸਤੰਬਰ ਤੋਂ ਸ਼ੁਰੂ ਹੋ ਗਿਆ ਹੈ। ਇਸ ਵਾਰ ਇਹ ਅਭਿਆਸ ਵਿਸ਼ੇਸ਼ ਤੌਰ ’ਤੇ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਸ ਦੇ ਵੱਖ-ਵੱਖ ਹਿੱਸੇ ਇੱਕੋ ਸਮੇਂ ਦੋ ਅਲੱਗ-ਅਲੱਗ ਥਾਵਾਂ ’ਤੇ ਕਰਵਾਏ ਜਾ ਰਹੇ ਹਨ।

ਅਭਿਆਸ ਦਾ ਮੁੱਖ ਹਿੱਸਾ ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਲਗਭਗ 10,000 ਫੁੱਟ ਦੀ ਉਚਾਈ ’ਤੇ ਸਥਿਤ ਔਲੀ ਵਿਖੇ ਚੱਲ ਰਿਹਾ ਹੈ। ਇਸ ਦੇ ਨਾਲ ਹੀ ਇਸ ਦਾ ਇੱਕ ਸਮਾਨਾਂਤਰ ਹਿੱਸਾ ਰਾਜਸਥਾਨ ਦੀ ਮਹਾਜਨ ਫ਼ੀਲਡ ਫ਼ਾਇਰਿੰਗ ਰੇਂਜ ਵਿੱਚ ਕਰਵਾਇਆ ਜਾ ਰਿਹਾ ਹੈ। ਦੋਵੇਂ ਥਾਵਾਂ ਇੱਕ-ਦੂਜੇ ਤੋਂ ਲਗਭਗ 1,000 ਕਿਲੋਮੀਟਰ ਤੋਂ ਵੱਧ ਦੂਰ ਹਨ।

ਇਸ ਅਭਿਆਸ ਵਿੱਚ ਭਾਰਤੀ ਅਤੇ ਅਮਰੀਕੀ ਫ਼ੌਜਾਂ ਵੱਲੋਂ 600-600 ਜਵਾਨ ਹਿੱਸਾ ਲੈ ਰਹੇ ਹਨ। ਦੋਵਾਂ ਵੱਖਰੇ ਖੇਤਰਾਂ ਵਿੱਚ ਅਭਿਆਸ ਕਰਵਾਉਣ ਦਾ ਮਕਸਦ ਫ਼ੌਜਾਂ ਨੂੰ ਵੱਖ-ਵੱਖ ਭੂਗੋਲਿਕ ਅਤੇ ਅਪਰੇਸ਼ਨਲ ਹਾਲਾਤਾਂ ਵਿੱਚ ਸਾਂਝੇ ਤੌਰ ’ਤੇ ਕੰਮ ਕਰਨ ਲਈ ਤਿਆਰ ਕਰਨਾ ਹੈ।

**ਔਲੀ ਵਿੱਚ ਉੱਚੇ ਪਹਾੜੀ ਖੇਤਰ ਵਿੱਚ ਸਿਖਲਾਈ**

ਔਲੀ ਵਿਖੇ ਹੋ ਰਹੇ ਅਭਿਆਸ ਦੌਰਾਨ ਉੱਚਾਈ ਵਾਲੇ ਪਹਾੜੀ ਇਲਾਕੇ ਦੀਆਂ ਚੁਣੌਤੀਆਂ ਨਾਲ ਨਜਿੱਠਣ ’ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਇੱਥੇ ਲੰਬੀ ਦੂਰੀ ਤੋਂ ਸਟੀਕ ਨਿਸ਼ਾਨੇਬਾਜ਼ੀ ਅਤੇ ਡਰੋਨਾਂ ਦਾ ਮੁਕਾਬਲਾ ਕਰਨ ਨਾਲ ਸਬੰਧਤ ਰਣਨੀਤੀਆਂ ਦਾ ਅਭਿਆਸ ਕੀਤਾ ਜਾ ਰਿਹਾ ਹੈ।

ਅਭਿਆਸ ਦੇ ਅੰਤ ਵਿੱਚ ਭਾਰਤੀ ਅਤੇ ਅਮਰੀਕੀ ਫ਼ੌਜਾਂ ਵੱਲੋਂ ਸਾਂਝੇ ਤੌਰ ’ਤੇ ਜ਼ਿੰਦਾ ਗੋਲਾ-ਬਾਰੂਦ ਨਾਲ ਫ਼ੌਜੀ ਸਮਰੱਥਾਵਾਂ ਦਾ ਪ੍ਰਦਰਸ਼ਨ ਵੀ ਕੀਤਾ ਜਾਵੇਗਾ। ਇਸ ਦੌਰਾਨ ਲੰਬੀ ਦੂਰੀ ਅਤੇ ਸਟੀਕ ਮਾਰ ਕਰਨ ਵਾਲੀਆਂ ਹਥਿਆਰ ਪ੍ਰਣਾਲੀਆਂ ਦੇ ਸਾਂਝੇ ਇਸਤੇਮਾਲ ਨੂੰ ਵੀ ਦਰਸਾਇਆ ਜਾਵੇਗਾ।

**ਮਹਾਜਨ ਵਿੱਚ ਆਧੁਨਿਕ ਹਥਿਆਰਾਂ ਅਤੇ ਤਕਨਾਲੋਜੀ ’ਤੇ ਜ਼ੋਰ**

ਰਾਜਸਥਾਨ ਦੀ ਮਹਾਜਨ ਫ਼ੀਲਡ ਫ਼ਾਇਰਿੰਗ ਰੇਂਜ ਵਿੱਚ ਹੋ ਰਹੇ ਹਿੱਸੇ ਦਾ ਕੇਂਦਰ ਆਧੁਨਿਕ ਹਥਿਆਰ ਪ੍ਰਣਾਲੀਆਂ ਅਤੇ ਨਵੀਂ ਤਕਨਾਲੋਜੀ ਹੈ। ਇੱਥੇ ਸਮਕਾਲੀ ਹਥਿਆਰ ਪ੍ਰਣਾਲੀਆਂ ਦਾ ਪ੍ਰਦਰਸ਼ਨ ਕਰਨ ਦੇ ਨਾਲ ਨਿਗਰਾਨੀ ਅਤੇ ਟੋਹ ਲਗਾਉਣ ਲਈ ਡਰੋਨਾਂ ਅਤੇ ਖ਼ੁਦਮੁਖ਼ਤਿਆਰ ਪ੍ਰਣਾਲੀਆਂ ਦੀ ਵਰਤੋਂ ਦਾ ਅਭਿਆਸ ਕੀਤਾ ਜਾ ਰਿਹਾ ਹੈ।

ਰਾਜਸਥਾਨ ਵਾਲੇ ਹਿੱਸੇ ਵਿੱਚ ਦੋਵਾਂ ਫ਼ੌਜਾਂ ਦੇ ਵਿਸ਼ਾ-ਵਸਤੂ ਮਾਹਰ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਰਹੇ ਹਨ। ਇਸ ਦੌਰਾਨ ਉੱਭਰ ਰਹੀਆਂ ਤਕਨਾਲੋਜੀਆਂ ਅਤੇ ਕਈ ਖੇਤਰਾਂ ਵਿੱਚ ਇਕੱਠੇ ਹੋ ਕੇ ਜੰਗੀ ਕਾਰਵਾਈ ਕਰਨ ਦੀਆਂ ਬਦਲ ਰਹੀਆਂ ਰਣਨੀਤੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ।

**ਦੋ ਵੱਖਰੇ ਖੇਤਰਾਂ ਵਿੱਚ ਅਭਿਆਸ ਦਾ ਵਿਸ਼ੇਸ਼ ਮਹੱਤਵ**

ਇੱਕੋ ਸਮੇਂ ਦੋ ਵੱਖ-ਵੱਖ ਥਾਵਾਂ ’ਤੇ ਅਭਿਆਸ ਕਰਵਾਉਣ ਨਾਲ ਦੋਵਾਂ ਫ਼ੌਜਾਂ ਨੂੰ ਇੱਕੋ ਦੌਰਾਨ ਕਈ ਤਰ੍ਹਾਂ ਦੀਆਂ ਸਮਰੱਥਾਵਾਂ ਦੀ ਪਰਖ ਅਤੇ ਸਿਖਲਾਈ ਕਰਨ ਦਾ ਮੌਕਾ ਮਿਲ ਰਿਹਾ ਹੈ। ਉਤਰਾਖੰਡ ਵਿੱਚ ਪਹਾੜੀ ਅਤੇ ਉੱਚਾਈ ਵਾਲੇ ਹਾਲਾਤਾਂ ਦਾ ਸਾਹਮਣਾ ਕੀਤਾ ਜਾ ਰਿਹਾ ਹੈ, ਜਦਕਿ ਰਾਜਸਥਾਨ ਵਿੱਚ ਮੈਦਾਨੀ ਅਤੇ ਫ਼ਾਇਰਿੰਗ ਰੇਂਜ ਵਾਲੇ ਵਾਤਾਵਰਣ ਵਿੱਚ ਸਿਖਲਾਈ ਦਿੱਤੀ ਜਾ ਰਹੀ ਹੈ।

ਇਸ ਸਾਲ ਦੇ ਅਭਿਆਸ ਦਾ ਇੱਕ ਅਹਿਮ ਪੱਖ ਭਾਰਤੀ ਅਤੇ ਅਮਰੀਕੀ ਲੰਬੀ ਦੂਰੀ ਦੀਆਂ ਸਟੀਕ ਮਾਰ ਕਰਨ ਵਾਲੀਆਂ ਹਥਿਆਰ ਅਤੇ ਰਾਕੇਟ ਪ੍ਰਣਾਲੀਆਂ ਦਾ ਡਿਜੀਟਲ ਏਕੀਕਰਨ ਹੈ। ਇਸ ਸਮਰੱਥਾ ਦਾ ਪ੍ਰਦਰਸ਼ਨ ਔਲੀ ਵਿਖੇ ਹੋਣ ਵਾਲੇ ਅੰਤਿਮ ਸਾਂਝੇ ਜ਼ਿੰਦਾ ਗੋਲਾ-ਬਾਰੂਦ ਪ੍ਰਦਰਸ਼ਨ ਦੌਰਾਨ ਕੀਤਾ ਜਾਵੇਗਾ।

**ਆਪਸੀ ਤਾਲਮੇਲ ਵਧਾਉਣਾ ਮੁੱਖ ਉਦੇਸ਼**

‘ਯੁੱਧ ਅਭਿਆਸ’ ਦਾ ਮੁੱਖ ਉਦੇਸ਼ ਭਾਰਤੀ ਅਤੇ ਅਮਰੀਕੀ ਫ਼ੌਜਾਂ ਵਿਚਕਾਰ ਆਪਸੀ ਤਾਲਮੇਲ ਨੂੰ ਹੋਰ ਮਜ਼ਬੂਤ ਕਰਨਾ ਹੈ। ਇਸ ਦੇ ਨਾਲ ਹੀ ਦੋਵਾਂ ਫ਼ੌਜਾਂ ਨੂੰ ਇੱਕ-ਦੂਜੇ ਦੀਆਂ ਬਿਹਤਰ ਅਪਰੇਸ਼ਨਲ ਪ੍ਰਥਾਵਾਂ ਤੋਂ ਜਾਣੂ ਕਰਵਾਉਣਾ ਅਤੇ ਸਾਂਝੀ ਯੋਜਨਾਬੰਦੀ ਤੇ ਉਸ ਦੇ ਅਮਲ ਦੀ ਸਮਰੱਥਾ ਨੂੰ ਮਜ਼ਬੂਤ ਕਰਨਾ ਵੀ ਅਭਿਆਸ ਦਾ ਅਹਿਮ ਹਿੱਸਾ ਹੈ।

ਦੋਵੇਂ ਦੇਸ਼ਾਂ ਦੀਆਂ ਫ਼ੌਜਾਂ ਇਸ ਅਭਿਆਸ ਰਾਹੀਂ ਵੱਖ-ਵੱਖ ਭੂਮੀ ਅਤੇ ਅਪਰੇਸ਼ਨਲ ਵਾਤਾਵਰਣਾਂ ਵਿੱਚ ਮਿਲ ਕੇ ਕਾਰਵਾਈ ਕਰਨ ਦੀਆਂ ਸਮਰੱਥਾਵਾਂ ਨੂੰ ਪਰਖ ਰਹੀਆਂ ਹਨ। ਇਸ ਨਾਲ ਭਵਿੱਖ ਵਿੱਚ ਸਾਂਝੀਆਂ ਫ਼ੌਜੀ ਕਾਰਵਾਈਆਂ ਦੌਰਾਨ ਆਪਸੀ ਤਾਲਮੇਲ ਅਤੇ ਸਮਝ ਨੂੰ ਹੋਰ ਬਿਹਤਰ ਬਣਾਉਣ ਵਿੱਚ ਮਦਦ ਮਿਲਣ ਦੀ ਉਮੀਦ ਹੈ।

# ਭੁੱਲਰ ਰਿਸ਼ਵਤ ਮਾਮਲੇ ’ਚ ਕ੍ਰਿਸ਼ਨੂੰ ਸ਼ਾਰਦਾ ਤੋਂ ਈਡੀ ਕਰੇਗੀ ਪੁੱਛਗਿੱਛ

**ਮਨੀ ਲਾਂਡਰਿੰਗ ਜਾਂਚ ਤਹਿਤ ਕਾਰਵਾਈ; ਮਾਡਲ ਜੇਲ੍ਹ ਚੰਡੀਗੜ੍ਹ ਵਿੱਚ ਨਿਆਂਇਕ ਹਿਰਾਸਤ ’ਚ ਬੰਦ ਸ਼ਾਰਦਾ ਨੂੰ 18 ਸਤੰਬਰ ਨੂੰ ਅਦਾਲਤ ’ਚ ਪੇਸ਼ ਕਰਨ ਦੇ ਹੁਕਮ**

ਚੰਡੀਗੜ੍ਹ : ਪੰਜਾਬ ਪੁਲੀਸ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਨਾਲ ਜੁੜੇ ਕਥਿਤ ਰਿਸ਼ਵਤ ਮਾਮਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਹੁਣ ਵਿਚੋਲੇ ਕ੍ਰਿਸ਼ਨੂੰ ਸ਼ਾਰਦਾ ਤੋਂ ਪੁੱਛਗਿੱਛ ਕਰੇਗੀ। ਸ਼ਾਰਦਾ ਇਸ ਸਮੇਂ ਮਾਡਲ ਜੇਲ੍ਹ, ਚੰਡੀਗੜ੍ਹ ਵਿੱਚ ਨਿਆਂਇਕ ਹਿਰਾਸਤ ਵਿੱਚ ਬੰਦ ਹੈ। ਈਡੀ ਨੇ ਮਾਮਲੇ ਵਿੱਚ ਉਸ ਨੂੰ ਪੁੱਛਗਿੱਛ ਲਈ ਹਿਰਾਸਤ ਵਿੱਚ ਲੈਣ ਵਾਸਤੇ ਚੰਡੀਗੜ੍ਹ ਦੀ ਵਿਸ਼ੇਸ਼ ਪੀਐੱਮਐੱਲਏ ਅਦਾਲਤ ਵਿੱਚ ਪ੍ਰੋਡਕਸ਼ਨ ਵਾਰੰਟ ਦੀ ਅਰਜ਼ੀ ਦਾਇਰ ਕੀਤੀ ਹੈ।

ਕ੍ਰਿਸ਼ਨੂੰ ਸ਼ਾਰਦਾ ਨੂੰ 16 ਅਕਤੂਬਰ 2025 ਨੂੰ ਸ਼ਿਕਾਇਤਕਰਤਾ ਤੋਂ ਕਥਿਤ ਤੌਰ ’ਤੇ 5 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਮਾਮਲਾ ਆਕਾਸ਼ ਬੱਤਾ ਦੀ ਸ਼ਿਕਾਇਤ ’ਤੇ ਦਰਜ ਕੀਤਾ ਗਿਆ ਸੀ।

ਐੱਫਆਈਆਰ ਵਿੱਚ ਦੋਸ਼ ਲਾਇਆ ਗਿਆ ਸੀ ਕਿ ਉਸ ਸਮੇਂ ਰੋਪੜ ਰੇਂਜ ਦੇ ਡੀਆਈਜੀ ਵਜੋਂ ਤਾਇਨਾਤ ਹਰਚਰਨ ਸਿੰਘ ਭੁੱਲਰ ਨੇ ਥਾਣਾ ਸਰਹਿੰਦ ਵਿੱਚ ਦਰਜ ਇੱਕ ਮਾਮਲੇ ਵਿੱਚ ਸ਼ਿਕਾਇਤਕਰਤਾ ਦੇ ਹੱਕ ਵਿੱਚ ਕਾਰਵਾਈ ਕਰਵਾਉਣ ਅਤੇ ਉਸ ਦੇ ਕਾਰੋਬਾਰ ਵਿਰੁੱਧ ਕਿਸੇ ਤਰ੍ਹਾਂ ਦੀ ਜਬਰੀ ਕਾਰਵਾਈ ਨਾ ਹੋਣ ਦੇਣ ਲਈ ਕ੍ਰਿਸ਼ਨੂੰ ਸ਼ਾਰਦਾ ਰਾਹੀਂ ਕਥਿਤ ਤੌਰ ’ਤੇ ਗ਼ੈਰ-ਕਾਨੂੰਨੀ ਰਕਮ ਦੀ ਮੰਗ ਕੀਤੀ ਸੀ।

ਈਡੀ ਦੇ ਵਿਸ਼ੇਸ਼ ਸਰਕਾਰੀ ਵਕੀਲ ਨੇ ਚੰਡੀਗੜ੍ਹ ਦੀ ਵਿਸ਼ੇਸ਼ ਪੀਐੱਮਐੱਲਏ ਅਦਾਲਤ ਵਿੱਚ ਸ਼ਾਰਦਾ ਨੂੰ ਪੇਸ਼ ਕਰਵਾਉਣ ਲਈ ਪ੍ਰੋਡਕਸ਼ਨ ਵਾਰੰਟ ਦੀ ਮੰਗ ਕੀਤੀ। ਅਦਾਲਤ ਨੇ ਮਾਡਲ ਜੇਲ੍ਹ, ਬੁੜੈਲ ਦੇ ਸੁਪਰਡੈਂਟ ਰਾਹੀਂ ਕ੍ਰਿਸ਼ਨੂੰ ਸ਼ਾਰਦਾ ਨੂੰ ਇਸ ਅਰਜ਼ੀ ਸਬੰਧੀ ਨੋਟਿਸ ਜਾਰੀ ਕੀਤਾ ਹੈ।

ਅਦਾਲਤ ਨੇ 18 ਸਤੰਬਰ 2026 ਲਈ ਸੰਮਨ ਜਾਰੀ ਕਰਨ ਦੇ ਨਾਲ ਮਾਡਲ ਜੇਲ੍ਹ, ਬੁੜੈਲ ਦੇ ਸੁਪਰਡੈਂਟ ਨੂੰ ਹਦਾਇਤ ਕੀਤੀ ਹੈ ਕਿ ਸ਼ਾਰਦਾ ਨੂੰ ਨਿਰਧਾਰਤ ਮਿਤੀ ’ਤੇ ਅਦਾਲਤ ਵਿੱਚ ਸਰੀਰਕ ਤੌਰ ’ਤੇ ਪੇਸ਼ ਕੀਤਾ ਜਾਵੇ।

ਇਸ ਮਾਮਲੇ ਦੀ ਜਾਂਚ ਵਿੱਚ ਪਹਿਲਾਂ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਵੱਲੋਂ ਵੀ ਕ੍ਰਿਸ਼ਨੂੰ ਸ਼ਾਰਦਾ ਦੀ ਭੂਮਿਕਾ ਦੀ ਜਾਂਚ ਕੀਤੀ ਗਈ ਹੈ। ਜਾਂਚ ਦੌਰਾਨ ਉਸ ਦੇ ਮੋਬਾਈਲ ਫੋਨ ਅਤੇ ਹੋਰ ਇਲੈਕਟ੍ਰਾਨਿਕ ਉਪਕਰਨਾਂ ਤੋਂ ਮਿਲੇ ਡਿਜੀਟਲ ਡਾਟੇ ਦੀ ਵੀ ਜਾਂਚ ਕੀਤੀ ਗਈ ਸੀ। ਜਾਂਚ ਏਜੰਸੀਆਂ ਨੇ ਦਾਅਵਾ ਕੀਤਾ ਸੀ ਕਿ ਇਸ ਡਾਟੇ ਵਿੱਚ ਕਈ ਅਧਿਕਾਰੀਆਂ ਨਾਲ ਸੰਪਰਕ ਅਤੇ ਕਥਿਤ ਵਿੱਤੀ ਲੈਣ-ਦੇਣ ਨਾਲ ਸਬੰਧਤ ਜਾਣਕਾਰੀ ਮਿਲੀ ਹੈ।

ਮਈ 2026 ਵਿੱਚ ਸਾਹਮਣੇ ਆਈ ਜਾਣਕਾਰੀ ਮੁਤਾਬਕ ਈਡੀ ਨੇ ਇਸ ਮਾਮਲੇ ਨਾਲ ਜੁੜੀ ਮਨੀ ਲਾਂਡਰਿੰਗ ਜਾਂਚ ਨੂੰ ਅੱਗੇ ਵਧਾਉਂਦਿਆਂ ਪੰਜਾਬ ਅਤੇ ਚੰਡੀਗੜ੍ਹ ਵਿੱਚ ਕਈ ਥਾਵਾਂ ’ਤੇ ਤਲਾਸ਼ੀਆਂ ਵੀ ਲਈਆਂ ਸਨ। ਇਨ੍ਹਾਂ ਕਾਰਵਾਈਆਂ ਦੌਰਾਨ ਨਕਦੀ ਅਤੇ ਅਹਿਮ ਦਸਤਾਵੇਜ਼ ਬਰਾਮਦ ਕੀਤੇ ਜਾਣ ਦੀ ਜਾਣਕਾਰੀ ਸਾਹਮਣੇ ਆਈ ਸੀ।

ਹੁਣ ਈਡੀ ਵੱਲੋਂ ਕ੍ਰਿਸ਼ਨੂੰ ਸ਼ਾਰਦਾ ਤੋਂ ਪੁੱਛਗਿੱਛ ਰਾਹੀਂ ਕਥਿਤ ਰਿਸ਼ਵਤ ਮਾਮਲੇ ਨਾਲ ਜੁੜੇ ਵਿੱਤੀ ਲੈਣ-ਦੇਣ ਅਤੇ ਪੈਸੇ ਦੇ ਰਸਤੇ ਸਬੰਧੀ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਮਾਮਲੇ ਦੀ ਜਾਂਚ ਅਜੇ ਜਾਰੀ ਹੈ।

BL
Bright Line Electrical Ltd
Power in Action
Residential | Commercial | Industrial
Smart & Modern Electrical Services
Earthing & Grounding Solutions
Power Backup & Energy Solutions
Electrical Safety Inspections
Maintenance & Safety Solutions
EV Charging Point Installation
Get Quote
Call us +1 (604) 767-3311 | +1 (778) 885-5479
www.brightlineelectrical.ca
brightlineelectrical@hotmail.com

DBS BLINDS
& HOME DECOR SERVICES INC.
Ravinder Gill
Office:778-991-8023
Cell:778-240-9291
www.dbsblinds.ca
Email:sales@dbsblinds.com
#9 12125 86 Ave Surrey BC V3W 3H8

# ਪੰਜਾਬ ਦੀ ਸਿਆਸਤ ’ਚ ਪੱਗ ਨੂੰ ਲੈ ਕੇ ਮਾਨ-ਸੈਣੀ ਆਹਮੋ-ਸਾਹਮਣੇ

## ਭਗਵੰਤ ਮਾਨ ਦਾ ਨਾਇਬ ਸਿੰਘ ਸੈਣੀ ’ਤੇ ਤਿੱਖਾ ਨਿਸ਼ਾਨਾ; ਕਿਹਾ–ਨਕਲੀ ਪੱਗ ਪਾ ਕੇ ਪੰਜਾਬੀਆਂ ਦਾ ਦਿਲ ਨਹੀਂ ਜਿੱਤਿਆ ਜਾ ਸਕਦਾ





**ਚੰਡੀਗੜ੍ਹ–**ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਣ ਦੇ ਨਾਲ ਹੀ ਸਾਰੀਆਂ ਰਾਜਸੀ ਪਾਰਟੀਆਂ ਨੇ ਆਪਣੀਆਂ ਚੋਣ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਇਸੇ ਦੌਰਾਨ ਗੁਆਂਢੀ ਸੂਬੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਵੀ ਪੰਜਾਬ ਵਿੱਚ ਆਪਣੀ ਸਰਗਰਮੀ ਵਧਾ ਦਿੱਤੀ ਗਈ ਹੈ। ਉਹ ਹਰ ਦੋ-ਤਿੰਨ ਦਿਨਾਂ ਬਾਅਦ ਪੰਜਾਬ ਦਾ ਦੌਰਾ ਕਰ ਰਹੇ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ’ਤੇ ਸਿਆਸੀ ਹਮਲੇ ਕਰ ਰਹੇ ਹਨ।

ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਵਿੱਚ ਵਧਾਈਆਂ ਜਾ ਰਹੀਆਂ ਸਿਆਸੀ ਸਰਗਰਮੀਆਂ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਾਇਬ ਸਿੰਘ ਸੈਣੀ ’ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਨਾਇਬ ਸਿੰਘ ਸੈਣੀ ਨਕਲੀ ਪੱਗ ਰੱਖ ਕੇ ਪੰਜਾਬੀਆਂ ਦਾ ਦਿਲ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਅਜਿਹਾ ਕਰਕੇ ਪੰਜਾਬੀਆਂ ਦਾ ਦਿਲ ਨਹੀਂ ਜਿੱਤਿਆ ਜਾ ਸਕਦਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਗੱਲ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ ’ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਨਾਇਬ ਸਿੰਘ ਸੈਣੀ ਨੇ ਆਪਣੀ ਕਾਰ ਵਿੱਚ ਪੱਗ ਰੱਖੀ ਹੋਈ ਹੈ। ਉਨ੍ਹਾਂ ਕਿਹਾ ਕਿ ਜਦੋਂ ਸੈਣੀ ਪੰਚਕੂਲਾ ਵਿੱਚ ਹੁੰਦੇ ਹਨ ਤਾਂ ਪੱਗ ਨਹੀਂ ਰੱਖਦੇ, ਪਰ ਜਿਵੇਂ ਹੀ ਉਹ ਪੰਜਾਬ ਵਿੱਚ ਦਾਖ਼ਲ ਹੋਣ ਲੱਗਦੇ ਹਨ ਤਾਂ ਸਿਰ ’ਤੇ ਪੱਗ ਸਜਾ ਲੈਂਦੇ ਹਨ।

ਭਗਵੰਤ ਮਾਨ ਨੇ ਕਿਹਾ ਕਿ ਨਕਲੀ ਪੱਗ ਰੱਖ ਕੇ ਪੰਜਾਬੀਆਂ ਦਾ ਦਿਲ ਨਹੀਂ ਜਿੱਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਦਿਲ ਜਿੱਤਣ ਲਈ ਉਨ੍ਹਾਂ ਨਾਲ ਮਤਰੇਆ ਸਲੂਕ ਕਰਨ ਦੀ ਬਜਾਏ ਉਨ੍ਹਾਂ ਨੂੰ ਦਿਲ ਨਾਲ ਲਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਸੱਚੀ ਸਾਂਝ ਅਤੇ ਆਪਣਾਪਣ ਹੀ ਉਨ੍ਹਾਂ ਦਾ ਭਰੋਸਾ ਜਿੱਤ ਸਕਦਾ ਹੈ।

ਇਸ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਾਂਗਰਸ ਪਾਰਟੀ ’ਤੇ ਵੀ ਹਮਲਾ ਬੋਲਿਆ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਸਮੇਂ ਆਪਣੇ ਅੰਦਰੂਨੀ ਕਾਟੋ-ਕਲੇਸ਼ ਵਿੱਚ ਉਲਝੀ ਹੋਈ ਹੈ ਅਤੇ ਉਸ ਨੂੰ ਪੰਜਾਬ ਤੇ ਇੱਥੋਂ ਦੇ ਲੋਕਾਂ ਨਾਲ ਕੋਈ ਮਤਲਬ ਨਹੀਂ ਹੈ।

# ਜਬਰ-ਜਨਾਹ ਮਾਮਲੇ ਮਗਰੋਂ ਅਮਰਜੀਤ ਸਿੰਘ ਚਾਵਲਾ ਦੇ ਕੈਨੇਡਾ ਪਹੁੰਚਣ ਦੀ ਜਾਣਕਾਰੀ

## 20 ਅਗਸਤ ਨੂੰ ਦਰਜ ਹੋਇਆ ਸੀ ਮਾਮਲਾ; ਪੁਲੀਸ ਜਾਂਚ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਵਿਦੇਸ਼ ਪਹੁੰਚਣ ਦੀ ਸੂਚਨਾ, ਚਾਵਲਾ ਨੇ ਸਾਰੇ ਦੋਸ਼ਾਂ ਨੂੰ ਨਕਾਰਿਆ



**ਚੰਡੀਗੜ੍ਹ–**ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸ੍ਰੀ ਆਨੰਦਪੁਰ ਸਾਹਿਬ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਮਰਜੀਤ ਸਿੰਘ ਚਾਵਲਾ ਖ਼ਿਲਾਫ਼ ਜਬਰ-ਜਨਾਹ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਉਨ੍ਹਾਂ ਦੇ ਕੈਨੇਡਾ ਪਹੁੰਚਣ ਦੀ ਜਾਣਕਾਰੀ ਸਾਹਮਣੇ ਆਈ ਹੈ। ਆਨੰਦਪੁਰ ਸਾਹਿਬ ਥਾਣੇ ਵਿੱਚ ਉਨ੍ਹਾਂ ਖ਼ਿਲਾਫ਼ 20 ਅਗਸਤ ਨੂੰ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਪੁਲੀਸ ਵੱਲੋਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਸੀ।

ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਹੈ ਕਿ ਅਮਰਜੀਤ ਸਿੰਘ ਚਾਵਲਾ 13 ਸਤੰਬਰ ਨੂੰ ਕੈਨੇਡਾ ਪਹੁੰਚ ਗਏ ਸਨ। ਪੁਲੀਸ ਵੱਲੋਂ ਉਨ੍ਹਾਂ ਖ਼ਿਲਾਫ਼ ਲੁੱਕ ਆਊਟ ਨੋਟਿਸ ਜਾਰੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ, ਇਸੇ ਦੌਰਾਨ ਉਨ੍ਹਾਂ ਦੇ ਦੇਸ਼ ਤੋਂ ਬਾਹਰ ਜਾਣ ਦੀ ਜਾਣਕਾਰੀ ਮਿਲੀ।

ਚਾਵਲਾ ਖ਼ਿਲਾਫ਼ ਇਹ ਮਾਮਲਾ ਸੰਗਰੂਰ ਜ਼ਿਲ੍ਹੇ ਨਾਲ ਸਬੰਧਤ ਇੱਕ ਔਰਤ ਦੀ ਸ਼ਿਕਾਇਤ ਦੇ ਆਧਾਰ ’ਤੇ ਰੂਪਨਗਰ ਜ਼ਿਲ੍ਹੇ ਦੇ ਸ੍ਰੀ ਆਨੰਦਪੁਰ ਸਾਹਿਬ ਥਾਣੇ ਵਿੱਚ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਔਰਤ ਨੇ ਚਾਵਲਾ ’ਤੇ ਵਾਰ-ਵਾਰ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਲਗਾਏ ਹਨ। ਪੁਲੀਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਅਧਿਕਾਰੀਆਂ ਮੁਤਾਬਕ ਅਮਰਜੀਤ ਸਿੰਘ ਚਾਵਲਾ ਹਾਲੇ ਤੱਕ ਜਾਂਚ ਵਿੱਚ ਸ਼ਾਮਲ ਨਹੀਂ ਹੋਏ ਹਨ।

ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਚਾਵਲਾ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਮਾਮਲੇ ਨਾਲ ਸਬੰਧਤ ਤੱਥਾਂ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਵਿਦੇਸ਼ ਪਹੁੰਚਣ ਦੀ ਜਾਣਕਾਰੀ ਸਾਹਮਣੇ ਆਉਣ ਤੋਂ ਬਾਅਦ ਪੁਲੀਸ ਦੀ ਅਗਲੀ ਕਾਰਵਾਈ ਵੀ ਮਹੱਤਵਪੂਰਨ ਬਣ ਗਈ ਹੈ।

**ਐੱਫ਼ਆਈਆਰ ਤੋਂ ਬਾਅਦ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਐਲਾਨ**

ਮਾਮਲਾ ਦਰਜ ਹੋਣ ਤੋਂ ਬਾਅਦ ਅਮਰਜੀਤ ਸਿੰਘ ਚਾਵਲਾ ਨੇ ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਸਮੇਤ ਆਪਣੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ।

ਚਾਵਲਾ ਨੇ ਸੋਸ਼ਲ ਮੀਡੀਆ ’ਤੇ ਜਾਰੀ ਕੀਤੇ ਇੱਕ ਵੀਡੀਓ ਸੰਦੇਸ਼ ਵਿੱਚ ਆਪਣੇ ਖ਼ਿਲਾਫ਼ ਲੱਗੇ ਸਾਰੇ ਦੋਸ਼ਾਂ ਨੂੰ ਨਕਾਰ ਦਿੱਤਾ। ਉਨ੍ਹਾਂ ਇਸ ਮਾਮਲੇ ਨੂੰ ਝੂਠਾ ਅਤੇ ਬੇਬੁਨਿਆਦ ਦੱਸਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ ਦੀ ਇੱਕ ਡੂੰਘੀ ਸਾਜ਼ਿਸ਼ ਹੈ।

ਆਪਣੇ ਵੀਡੀਓ ਸੰਦੇਸ਼ ਵਿੱਚ ਚਾਵਲਾ ਨੇ ਕਿਹਾ ਕਿ ਉਹ ਨੈਤਿਕ ਆਧਾਰ ’ਤੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਤੱਕ ਉਹ ਅਦਾਲਤ ਤੋਂ ਨਿਰਦੋਸ਼ ਸਾਬਤ ਨਹੀਂ ਹੋ ਜਾਂਦੇ, ਉਦੋਂ ਤੱਕ ਕਿਸੇ ਵੀ ਜਨਤਕ ਅਹੁਦੇ ’ਤੇ ਵਾਪਸ ਨਹੀਂ ਆਉਣਗੇ।

ਇਸ ਤਰ੍ਹਾਂ ਇੱਕ ਪਾਸੇ ਪੁਲੀਸ ਵੱਲੋਂ ਦਰਜ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਚਾਵਲਾ ਨੂੰ ਜਾਂਚ ਵਿੱਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਦੂਜੇ ਪਾਸੇ ਚਾਵਲਾ ਆਪਣੇ ਖ਼ਿਲਾਫ਼ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਰਹੇ ਹਨ। ਮਾਮਲੇ ਵਿੱਚ ਲੱਗੇ ਦੋਸ਼ਾਂ ਦੀ ਅੰਤਿਮ ਪੁਸ਼ਟੀ ਅਦਾਲਤੀ ਕਾਰਵਾਈ ਅਤੇ ਜਾਂਚ ਦੇ ਨਤੀਜਿਆਂ ਤੋਂ ਬਾਅਦ ਹੀ ਹੋਵੇਗੀ।

# ਪੰਜਾਬ ’ਚ ਨਵੇਂ ਰਾਸ਼ਨ ਕਾਰਡਾਂ ਲਈ 19.50 ਲੱਖ ਅਰਜ਼ੀਆਂ

## ਕਰੀਬ 40 ਲੱਖ ਲੋਕਾਂ ਵੱਲੋਂ ਨਵੇਂ ਜਾਂ ਪੁਰਾਣੇ ਕਾਰਡਾਂ ਵਿੱਚ ਨਾਮ ਸ਼ਾਮਲ ਕਰਵਾਉਣ ਦੀ ਇੱਛਾ; ਸਰਕਾਰ ਨੇ ਪੜਤਾਲ ਦੀ ਪ੍ਰਕਿਰਿਆ ਕੀਤੀ ਸ਼ੁਰੂ




**ਚੰਡੀਗੜ੍ਹ–** ਪੰਜਾਬ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਵੇਂ ਰਾਸ਼ਨ ਕਾਰਡ ਬਣਵਾਉਣ ਲਈ ਵੱਡੀ ਗਿਣਤੀ ਵਿੱਚ ਲੋਕਾਂ ਨੇ ਅਰਜ਼ੀਆਂ ਦਿੱਤੀਆਂ ਹਨ। ਨਵੇਂ ਰਾਸ਼ਨ ਕਾਰਡਾਂ ਲਈ ਔਨਲਾਈਨ ਅਰਜ਼ੀਆਂ ਦੇਣ ਦੀ ਆਖ਼ਰੀ ਤਰੀਕ ਲੰਘਣ ਤੋਂ ਬਾਅਦ ਸਾਹਮਣੇ ਆਏ ਅੰਕੜਿਆਂ ਅਨੁਸਾਰ ਸੂਬੇ ਭਰ ਵਿੱਚੋਂ ਲਗਭਗ 19.50 ਲੱਖ ਦਰਖ਼ਾਸਤਾਂ ਪ੍ਰਾਪਤ ਹੋਈਆਂ ਹਨ। ਸੂਤਰਾਂ ਮੁਤਾਬਕ ਕਰੀਬ 40 ਲੱਖ ਨਵੇਂ ਲਾਭਪਾਤਰੀ ਨਵੇਂ ਰਾਸ਼ਨ ਕਾਰਡ ਬਣਵਾਉਣ ਜਾਂ ਪਹਿਲਾਂ ਤੋਂ ਬਣੇ ਕਾਰਡਾਂ ਵਿੱਚ ਮੈਂਬਰ ਵਜੋਂ ਸ਼ਾਮਲ ਹੋਣ ਦੇ ਚਾਹਵਾਨ ਹਨ।

ਪੰਜਾਬ ਸਰਕਾਰ ਨੇ 11 ਮਾਰਚ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਨਵੇਂ ਰਾਸ਼ਨ ਕਾਰਡ ਬਣਾਉਣ ਲਈ ਲਾਗੂ ਸ਼ਰਤਾਂ ਵਿੱਚ ਛੋਟ ਦਿੱਤੀ ਸੀ। ਕੇਂਦਰੀ ਮਾਪਦੰਡਾਂ ਵਿੱਚ ਤਬਦੀਲੀ ਕਰਦਿਆਂ ਸਾਲਾਨਾ ਆਮਦਨ ਦੀ ਹੱਦ 1.80 ਲੱਖ ਰੁਪਏ ਤੋਂ ਵਧਾ ਕੇ 8 ਲੱਖ ਰੁਪਏ ਕਰ ਦਿੱਤੀ ਗਈ ਹੈ। ਇਸ ਤਬਦੀਲੀ ਨਾਲ ਵੱਧ ਆਮਦਨ ਵਾਲੇ ਲੋਕਾਂ ਲਈ ਵੀ ਰਾਸ਼ਨ ਕਾਰਡ ਬਣਵਾਉਣ ਦਾ ਰਾਹ ਖੁੱਲ੍ਹ ਗਿਆ ਹੈ। ਇਸ ਤਹਿਤ ਗੱਡੀਆਂ ਅਤੇ ਜ਼ਮੀਨਾਂ ਵਾਲੇ ਲੋਕ ਵੀ ਯੋਜਨਾ ਦੇ ਲਾਭ ਲਈ ਅਰਜ਼ੀ ਦੇ ਸਕਣਗੇ।

ਮੁੱਖ ਮੰਤਰੀ ਭਗਵੰਤ ਮਾਨ ਨੇ 22 ਜੁਲਾਈ ਨੂੰ ਪੰਜਾਬ ਵਿੱਚ 10 ਲੱਖ ਨਵੇਂ ਰਾਸ਼ਨ ਕਾਰਡ ਬਣਾਉਣ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ‘ਸਮਾਰਟ ਰਾਸ਼ਨ ਕਾਰਡ ਸਕੀਮ’ ਤਹਿਤ ਔਨਲਾਈਨ ਅਰਜ਼ੀਆਂ ਦੇਣ ਲਈ 11 ਅਗਸਤ ਤੱਕ ਦਾ ਸਮਾਂ ਦਿੱਤਾ ਗਿਆ ਸੀ। ਹੁਣ ਅਰਜ਼ੀਆਂ ਦੀ ਪੜਤਾਲ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।

ਇਸ ਵੇਲੇ ਪੰਜਾਬ ਵਿੱਚ 41.47 ਲੱਖ ਰਾਸ਼ਨ ਕਾਰਡ ਧਾਰਕ ਹਨ, ਜਦਕਿ ਇਨ੍ਹਾਂ ਨਾਲ 1.54 ਕਰੋੜ ਲਾਭਪਾਤਰੀ ਜੁੜੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ‘ਮੇਰੀ ਰਸੋਈ’ ਸਕੀਮ ਤਹਿਤ ਲਾਭਪਾਤਰੀਆਂ ਨੂੰ ਰਾਸ਼ਨ ਕਿੱਟ ਮੁਹੱਈਆ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਹਰ ਮੈਂਬਰ ਨੂੰ ਪੰਜ ਕਿਲੋ ਕਣਕ ਦਿੱਤੀ ਜਾਂਦੀ ਹੈ।

ਸਰਕਾਰ ਵੱਲੋਂ ਪ੍ਰਾਪਤ ਹੋਈਆਂ ਨਵੀਆਂ ਅਰਜ਼ੀਆਂ ਦੀ ਪੜਤਾਲ ਲਈ ਪ੍ਰਕਿਰਿਆ ਤੇਜ਼ ਕੀਤੀ ਗਈ ਹੈ। ਪੰਜਾਬ ਸਰਕਾਰ ਚਾਹੁੰਦੀ ਹੈ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਨਵੇਂ ਰਾਸ਼ਨ ਕਾਰਡਾਂ ਨਾਲ ਸਬੰਧਤ ਕੰਮ ਨੂੰ ਮੁਕੰਮਲ ਕੀਤਾ ਜਾ ਸਕੇ। ਅਰਜ਼ੀਆਂ ਦੀ ਪੜਤਾਲ 30 ਸਤੰਬਰ ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ।

ਜ਼ਿਲ੍ਹਾਵਾਰ ਅੰਕੜਿਆਂ ਦੀ ਗੱਲ ਕਰੀਏ ਤਾਂ ਸਭ ਤੋਂ ਵੱਧ 2.25 ਲੱਖ ਅਰਜ਼ੀਆਂ ਲੁਧਿਆਣਾ ਜ਼ਿਲ੍ਹੇ ਵਿੱਚੋਂ ਪ੍ਰਾਪਤ ਹੋਈਆਂ ਹਨ। ਇਸ ਦੇ ਮੁਕਾਬਲੇ ਸਭ ਤੋਂ ਘੱਟ 28,500 ਅਰਜ਼ੀਆਂ ਫ਼ਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚੋਂ ਆਈਆਂ ਹਨ। ਪੰਜਾਬ ਦੇ ਲਗਭਗ ਅੱਧੀ ਦਰਜਨ ਜ਼ਿਲ੍ਹਿਆਂ ਵਿੱਚ ਨਵੇਂ ਰਾਸ਼ਨ ਕਾਰਡਾਂ ਲਈ ਅਰਜ਼ੀਆਂ ਦੀ ਗਿਣਤੀ ਇੱਕ ਲੱਖ ਤੋਂ ਵੱਧ ਹੋ ਗਈ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸੂਬੇ ਭਰ ਵਿੱਚੋਂ ਮਿਲੀਆਂ 19.50 ਲੱਖ ਦਰਖ਼ਾਸਤਾਂ ਦੀ ਪੜਤਾਲ ਲਈ ਹਰ ਜ਼ਿਲ੍ਹੇ ਵਿੱਚ 600 ਤੋਂ 700 ਤੱਕ ਪੜਤਾਲ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਨਵੇਂ ਰਾਸ਼ਨ ਕਾਰਡ ਬਣਾਉਣ ਲਈ ਵਿਸ਼ੇਸ਼ ਮਾਪਦੰਡ ਵੀ ਤੈਅ ਕੀਤੇ ਗਏ ਹਨ, ਜਿਨ੍ਹਾਂ ਦੇ ਆਧਾਰ ’ਤੇ ਅਰਜ਼ੀਆਂ ਦੀ ਜਾਂਚ ਕੀਤੀ ਜਾਵੇਗੀ।

ਅਧਿਕਾਰੀ ਅਨੁਸਾਰ ਲਾਭਪਾਤਰੀਆਂ ਦੀ ਚੋਣ ਲਈ ਵੱਖ-ਵੱਖ ਵਰਗਾਂ ਨੂੰ ਅੰਕ ਦਿੱਤੇ ਜਾਣਗੇ। ਮਿਸਾਲ ਵਜੋਂ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਅਤੇ ਗੰਭੀਰ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ 10-10 ਅੰਕ ਦਿੱਤੇ ਜਾਣਗੇ। ਇਨ੍ਹਾਂ ਮਾਪਦੰਡਾਂ ਦੇ ਆਧਾਰ ’ਤੇ ਪੜਤਾਲ ਤੋਂ ਬਾਅਦ ਯੋਗ ਲਾਭਪਾਤਰੀਆਂ ਦੇ ਨਵੇਂ ਰਾਸ਼ਨ ਕਾਰਡ ਬਣਾਉਣ ਦੀ ਪ੍ਰਕਿਰਿਆ ਅੱਗੇ ਵਧਾਈ ਜਾਵੇਗੀ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਕੁਝ ਸਮਾਂ ਪਹਿਲਾਂ ਨਵੇਂ ਰਾਸ਼ਨ ਡਿਪੂ ਵੀ ਅਲਾਟ ਕੀਤੇ ਗਏ ਹਨ। ਨਵੇਂ ਕਾਰਡਾਂ ਦੀ ਗਿਣਤੀ ਵਿੱਚ ਸੰਭਾਵਿਤ ਵਾਧੇ ਦੇ ਮੱਦੇਨਜ਼ਰ ਇਨ੍ਹਾਂ ਡਿਪੂਆਂ ਰਾਹੀਂ ਰਾਸ਼ਨ ਵੰਡ ਪ੍ਰਬੰਧ ਨੂੰ ਵੀ ਹੋਰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।







# ਲਹਿੰਦੇ ਪੰਜਾਬ ਦੇ ਹੋਣਹਾਰ ਸਿੱਖ ਵਿਦਿਆਰਥੀ ਉੱਕਾਰ ਸਿੰਘ ਦੀ ਵੱਡੀ ਪ੍ਰਾਪਤੀ; SGPC ਦੇਵੇਗੀ 51 ਹਜ਼ਾਰ ਰੁਪਏ ਦਾ ਸਨਮਾਨ

## ਲਾਹੌਰ ਬੋਰਡ ਦੀ ਮੈਟ੍ਰਿਕ ਪ੍ਰੀਖਿਆ ਵਿੱਚ ਦੂਜਾ ਸਥਾਨ ਹਾਸਲ ਕਰਕੇ ਰੌਸ਼ਨ ਕੀਤਾ ਸਿੱਖ ਕੌਮ ਦਾ ਨਾਮ; ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਲਿਆ ਗਿਆ ਫ਼ੈਸਲਾ



ਲਾਹੌਰ ਬੋਰਡ ਆਫ਼ ਇੰਟਰਮੀਡੀਏਟ ਐਂਡ ਸੈਕੰਡਰੀ ਐਜੂਕੇਸ਼ਨ ਦੀਆਂ ਸਲਾਨਾ ਮੈਟ੍ਰਿਕ ਪ੍ਰੀਖਿਆਵਾਂ ਵਿੱਚ ਪਾਕਿਸਤਾਨ ਸਥਿਤ ਲਹਿੰਦੇ ਪੰਜਾਬ ਸੂਬੇ ਵਿੱਚੋਂ ਦੂਜਾ ਸਥਾਨ ਹਾਸਲ ਕਰਨ ਵਾਲੇ ਹੋਣਹਾਰ ਸਿੱਖ ਵਿਦਿਆਰਥੀ ਉਂਕਾਰ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ।

ਉਂਕਾਰ ਸਿੰਘ ਦੀ ਸ਼ਾਨਦਾਰ ਵਿੱਦਿਅਕ ਪ੍ਰਾਪਤੀ ਅਤੇ ਹੌਸਲਾ-ਅਫ਼ਜ਼ਾਈ ਲਈ ਸ਼੍ਰੋਮਣੀ ਕਮੇਟੀ ਨੇ ਉਸ ਨੂੰ 51 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨ ਦੇਣ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਲਿਆ ਗਿਆ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਬੀਤੇ ਦਿਨੀਂ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿੱਚ ਉਂਕਾਰ ਸਿੰਘ ਨੂੰ ਸਨਮਾਨਿਤ ਕਰਨ ਦਾ ਫ਼ੈਸਲਾ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਉਂਕਾਰ ਸਿੰਘ ਪਹਿਲਾਂ ਵੀ ਆਪਣੀ ਪੜ੍ਹਾਈ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਚੁੱਕਾ ਹੈ। ਉਸ ਨੇ ਨੌਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ ਵੀ ਦੂਜਾ ਸਥਾਨ ਹਾਸਲ ਕੀਤਾ ਸੀ ਅਤੇ ਉਹ ਲਗਾਤਾਰ ਵਿੱਦਿਅਕ ਖੇਤਰ ਵਿੱਚ ਆਪਣੀ ਕਾਬਲੀਅਤ ਦਾ ਸਬੂਤ ਦੇ ਰਿਹਾ ਹੈ।

ਉਂਕਾਰ ਸਿੰਘ ਦੇ ਪਰਿਵਾਰ ਦੀ ਵੀ ਸਿੱਖ ਭਾਈਚਾਰੇ ਵਿੱਚ ਵਿਸ਼ੇਸ਼ ਪਛਾਣ ਹੈ। ਉਸ ਦੇ ਪਿਤਾ ਡਾ. ਮਿਮਪਾਲ ਸਿੰਘ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਨ ਅਤੇ ਵਿੱਦਿਅਕ ਤੇ ਡਾਕਟਰੀ ਖੇਤਰ ਵਿੱਚ ਵਿਸ਼ੇਸ਼ ਪਛਾਣ ਰੱਖਦੇ ਹਨ। ਉਹ ਪਾਕਿਸਤਾਨ ਦੇ ਪਹਿਲੇ ਸਿੱਖ ਡਾਕਟਰ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਪਾਕਿਸਤਾਨ ਸਰਕਾਰ ਵੱਲੋਂ ਉਨ੍ਹਾਂ ਨੂੰ ‘ਤਮਗਾ-ਏ-ਇਮਤਿਆਜ਼’ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਪਾਕਿਸਤਾਨ ਵਿੱਚ ਸਿੱਖ ਭਾਈਚਾਰਾ ਘੱਟ ਗਿਣਤੀ ਵਿੱਚ ਹੋਣ ਦੇ ਬਾਵਜੂਦ ਉਂਕਾਰ ਸਿੰਘ ਵੱਲੋਂ ਵਿੱਦਿਅਕ ਖੇਤਰ ਵਿੱਚ ਹਾਸਲ ਕੀਤੀ ਇਹ ਮਾਣਮੱਤੀ ਪ੍ਰਾਪਤੀ ਸਮੁੱਚੀ ਸਿੱਖ ਕੌਮ ਲਈ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ।

ਉਨ੍ਹਾਂ ਆਸ ਪ੍ਰਗਟਾਈ ਕਿ ਉਂਕਾਰ ਸਿੰਘ ਆਪਣੀ ਮਿਹਨਤ, ਲਿਆਕਤ ਅਤੇ ਲਗਨ ਨਾਲ ਭਵਿੱਖ ਵਿੱਚ ਵੀ ਹੋਰ ਵੱਡੀਆਂ ਪ੍ਰਾਪਤੀਆਂ ਕਰੇਗਾ ਅਤੇ ਸਿੱਖ ਕੌਮ ਦਾ ਨਾਮ ਦੁਨੀਆ ਭਰ ਵਿੱਚ ਰੌਸ਼ਨ ਕਰੇਗਾ।

# ਪੰਜਾਬ ਕਾਂਗਰਸ 'ਚ ਏਕਤਾ ਦਾ ਪ੍ਰਦਰਸ਼ਨ, ਚੰਨੀ-ਵੜਿੰਗ ਨੂੰ ਇਕ ਮੰਚ 'ਤੇ ਲਿਆਏ ਸਚਿਨ ਪਾਇਲਟ

### ਪਾਇਲਟ ਨੇ ਧੜੇਬੰਦੀ ਤੋਂ ਕੀਤਾ ਇਨਕਾਰ; ਆਮ ਵਰਕਰਾਂ ਤੇ ਨੌਜਵਾਨਾਂ ਨੂੰ ਤਰਜੀਹ ਦੇਣ ਦਾ ਭਰੋਸਾ, ਗੁਲਜ਼ਾਰ ਸਿੰਘ ਮਾਮਲੇ 'ਚ ਹਰਪਾਲ ਚੀਮਾ ਖ਼ਿਲਾਫ਼ ਜਾਂਚ ਦੀ ਮੰਗ



**ਚੰਡੀਗੜ੍ਹ –** ਗੁਲਜ਼ਾਰ ਸਿੰਘ ਖੁਦਕੁਸ਼ੀ ਮਾਮਲੇ ਨੂੰ ਲੈ ਕੇ ਪੰਜਾਬ ਕਾਂਗਰਸ ਵੱਲੋਂ ਵਿੱਤ ਮੰਤਰੀ ਹਰਪਾਲ ਚੀਮਾ ਦੀ ਰਿਹਾਇਸ਼ ਵੱਲ ਕੱਢੇ ਗਏ ਰੋਸ ਮਾਰਚ ਦੌਰਾਨ ਕਾਂਗਰਸ ਦੀ ਅੰਦਰੂਨੀ ਏਕਤਾ ਦੀ ਤਸਵੀਰ ਸਾਹਮਣੇ ਆਈ। ਪੰਜਾਬ ਕਾਂਗਰਸ ਦੇ ਇੰਚਾਰਜ ਸਚਿਨ ਪਾਇਲਟ ਦੀ ਅਗਵਾਈ ਹੇਠ ਕੀਤੇ ਗਏ ਇਸ ਰੋਸ ਪ੍ਰਦਰਸ਼ਨ ਵਿੱਚ ਪਾਰਟੀ ਦੇ ਵੱਖ-ਵੱਖ ਧੜਿਆਂ ਨਾਲ ਜੁੜੇ ਪ੍ਰਮੁੱਖ ਆਗੂ ਇਕੋ ਮੰਚ 'ਤੇ ਨਜ਼ਰ ਆਏ।

ਰੋਸ ਮਾਰਚ ਦੌਰਾਨ ਸਚਿਨ ਪਾਇਲਟ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਵੀ ਮੌਜੂਦ ਰਹੇ। ਇਸ ਮੌਕੇ ਪਾਇਲਟ ਨੇ ਚੰਨੀ ਅਤੇ ਵੜਿੰਗ ਦੇ ਹੱਥ ਮਿਲਾ ਕੇ ਜਨਤਕ ਤੌਰ 'ਤੇ ਪਾਰਟੀ ਅੰਦਰ ਏਕਤਾ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ।

**ਵਰਕਰਾਂ ਦੀ ਗੱਲ ਨਾ ਸੁਣੀ ਜਾਵੇ ਤਾਂ ਸਿੱਧਾ ਮੇਰੇ ਨਾਲ ਸੰਪਰਕ ਕਰੋ: ਪਾਇਲਟ**

ਸਚਿਨ ਪਾਇਲਟ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਕਾਂਗਰਸ ਵਿੱਚ ਕਿਸੇ ਤਰ੍ਹਾਂ ਦੀ ਧੜੇਬੰਦੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਵਰਕਰ ਜਾਂ ਆਗੂ ਦੀ ਗੱਲ ਪਾਰਟੀ ਅੰਦਰ ਨਹੀਂ ਸੁਣੀ ਜਾਂਦੀ ਤਾਂ ਉਹ ਸਿੱਧਾ ਉਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਵਿੱਚ ਨੌਜਵਾਨਾਂ ਨੂੰ ਵੱਧ ਤਰਜੀਹ ਦਿੱਤੀ ਜਾਵੇਗੀ। ਪਾਇਲਟ ਨੇ ਪਾਰਟੀ ਵਰਕਰਾਂ ਵਿੱਚ ਜੋਸ਼ ਭਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਦੀ ਲੜਾਈ ਵਿੱਚ ਕਾਂਗਰਸ ਵਰਕਰ ਸਭ ਤੋਂ ਅੱਗੇ ਰਹਿਣਗੇ।

**ਸੱਤਾ ਅਤੇ ਵਿਰੋਧੀ ਧਿਰ ਦੋਵਾਂ ਦਾ ਤਜਰਬਾ: ਪਾਇਲਟ**

ਪਾਇਲਟ ਨੇ ਕਿਹਾ ਕਿ ਉਨ੍ਹਾਂ ਨੂੰ ਸੂਬੇ ਤੋਂ ਲੈ ਕੇ ਕੇਂਦਰ ਤੱਕ ਕੰਮ ਕਰਨ ਦਾ ਤਜਰਬਾ ਹੈ। ਉਹ ਸੱਤਾ ਵਿੱਚ ਵੀ ਰਹੇ ਹਨ ਅਤੇ ਵਿਰੋਧੀ ਧਿਰ ਵਿੱਚ ਵੀ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਹਰ ਤਰ੍ਹਾਂ ਦੇ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਹਨ ਅਤੇ ਪੰਜਾਬ ਦੇ ਲੋਕਾਂ ਦੇ ਮੁੱਦਿਆਂ ਨੂੰ ਲੈ ਕੇ ਪਾਰਟੀ ਨੂੰ ਮਜ਼ਬੂਤੀ ਨਾਲ ਅੱਗੇ ਲਿਜਾਇਆ ਜਾਵੇਗਾ।

ਇਸ ਦੌਰਾਨ ਪਾਇਲਟ ਨੇ ਚੰਨੀ ਅਤੇ ਵੜਿੰਗ ਦੇ ਹੱਥ ਮਿਲਾ ਕੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਕਿ ਪੰਜਾਬ ਕਾਂਗਰਸ ਨੂੰ ਅੰਦਰੂਨੀ ਮਤਭੇਦਾਂ ਤੋਂ ਉੱਪਰ ਉੱਠ ਕੇ ਇਕਜੁੱਟ ਹੋ ਕੇ ਸਿਆਸੀ ਲੜਾਈ ਲੜਨੀ ਚਾਹੀਦੀ ਹੈ।

**ਚੰਡੀਗੜ੍ਹ ਪੁਲੀਸ ਨੇ ਮਾਰਚ ਰੋਕਿਆ**

ਸਚਿਨ ਪਾਇਲਟ ਦੀ ਅਗਵਾਈ ਹੇਠ ਕੱਢੇ ਗਏ ਰੋਸ ਮਾਰਚ ਨੂੰ ਚੰਡੀਗੜ੍ਹ ਪੁਲੀਸ ਨੇ ਰਸਤੇ ਵਿੱਚ ਹੀ ਰੋਕ ਦਿੱਤਾ। ਇਸ ਦੌਰਾਨ ਪਾਇਲਟ, ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੂੰ ਪੁਲੀਸ ਨੇ ਹਿਰਾਸਤ ਵਿੱਚ ਲੈ ਲਿਆ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਨ੍ਹਾਂ ਦੇ ਸਮੂਹ ਦੇ ਹੋਰ ਆਗੂ ਵੀ ਰੋਸ ਮਾਰਚ ਵਿੱਚ ਸ਼ਾਮਲ ਹੋਏ। ਹਾਲਾਂਕਿ ਚੰਨੀ ਅਤੇ ਉਨ੍ਹਾਂ ਦੇ ਸਮੂਹ ਦੇ ਹੋਰ ਆਗੂ ਬਾਅਦ ਵਿੱਚ ਵੜਿੰਗ ਦੇ ਨਾਲ ਪੁਲੀਸ ਥਾਣੇ ਨਹੀਂ ਗਏ।

**ਗੁਲਜ਼ਾਰ ਸਿੰਘ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ**

ਇਕੱਠ ਨੂੰ ਸੰਬੋਧਨ ਕਰਦਿਆਂ ਸਚਿਨ ਪਾਇਲਟ ਨੇ ਗੁਲਜ਼ਾਰ ਸਿੰਘ ਦੀ ਮੌਤ ਦੇ ਮਾਮਲੇ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਕਰਵਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦਰਜ ਐੱਫ.ਆਈ.ਆਰ. ਵਿੱਚ ਵਿੱਤ ਮੰਤਰੀ ਹਰਪਾਲ ਚੀਮਾ ਦਾ ਨਾਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਪਾਇਲਟ ਨੇ ਕਿਹਾ ਕਿ ਹਰਪਾਲ ਚੀਮਾ ਨਾਲ ਉਨ੍ਹਾਂ ਦੀ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ, ਪਰ ਉਹ ਸੂਬੇ ਦੇ ਵਿੱਤ ਮੰਤਰੀ ਦੇ ਅਹੁਦੇ 'ਤੇ ਹਨ। ਉਨ੍ਹਾਂ ਸਵਾਲ ਕੀਤਾ ਕਿ ਜੇਕਰ ਕੋਈ ਵਿਅਕਤੀ ਆਪਣੀ ਜਾਨ ਦੇਣ ਤੋਂ ਪਹਿਲਾਂ ਕਿਸੇ ਵਿਅਕਤੀ ਨੂੰ ਇਸ ਲਈ ਜ਼ਿੰਮੇਵਾਰ ਦੱਸਦਾ ਹੈ ਤਾਂ ਕੀ ਅਜਿਹੇ ਮਾਮਲੇ ਦੀ ਜਾਂਚ ਨਹੀਂ ਹੋਣੀ ਚਾਹੀਦੀ ਅਤੇ ਕੀ ਐੱਫ.ਆਈ.ਆਰ. ਦਰਜ ਨਹੀਂ ਹੋਣੀ ਚਾਹੀਦੀ?

**ਨਸ਼ਿਆਂ ਦੇ ਮੁੱਦੇ 'ਤੇ 'ਆਪ' ਸਰਕਾਰ ਨੂੰ ਘੇਰਿਆ**

ਪਾਇਲਟ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਵੀ ਤਿੱਖੇ ਹਮਲੇ ਕੀਤੇ। ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਕੀਤੇ ਆਪਣੇ ਵਾਅਦਿਆਂ ਵਿੱਚੋਂ ਕੋਈ ਵੀ ਪੂਰੀ ਤਰ੍ਹਾਂ ਪੂਰਾ ਨਹੀਂ ਕੀਤਾ ਅਤੇ ਪੰਜਾਬ ਨੂੰ ਨਸ਼ਿਆਂ ਦੇ ਕਾਲੇ ਹਨੇਰੇ ਵੱਲ ਧੱਕਣ ਦਾ ਕੰਮ ਕੀਤਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਸੂਬੇ ਵਿੱਚ ਨਸ਼ਿਆਂ ਦੀ ਸਮੱਸਿਆ ਗੰਭੀਰ ਰੂਪ ਧਾਰ ਚੁੱਕੀ ਹੈ ਅਤੇ ਅੱਜ ਘਰ-ਘਰ ਚਿੱਟਾ ਪਹੁੰਚ ਰਿਹਾ ਹੈ। ਪਾਇਲਟ ਨੇ ਕਿਹਾ ਕਿ ਸਿਰਫ਼ ਇੱਕ ਫ਼ੋਨ ਕਾਲ ਕਰਨ ਦੀ ਦੇਰ ਹੈ ਅਤੇ ਨਸ਼ਾ ਲੋਕਾਂ ਦੇ ਘਰਾਂ ਤੱਕ ਪਹੁੰਚ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਜੁੜੇ ਇਸ ਮੁੱਦੇ 'ਤੇ ਕਾਂਗਰਸ ਆਪਣੀ ਲੜਾਈ ਜਾਰੀ ਰੱਖੇਗੀ ਅਤੇ ਸਰਕਾਰ ਤੋਂ ਜਵਾਬ ਮੰਗਦੀ ਰਹੇਗੀ।

# ਫ਼ਤਹਿਗੜ੍ਹ ਸਾਹਿਬ ਰੈਲੀ ਵਿੱਚ ਸੁਖਬੀਰ ਬਾਦਲ ਦੇ ਸਰਕਾਰ 'ਤੇ ਤਿੱਖੇ ਨਿਸ਼ਾਨੇ

### ਬਲਜੀਤ ਸਿੰਘ ਭੁੱਟਾ ਨੂੰ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਉਮੀਦਵਾਰ ਐਲਾਨਿਆ; ਅਕਾਲੀ ਦਲ ਦੇ ਹੱਕ ਵਿੱਚ ਮਾਹੌਲ ਬਣਨ ਦਾ ਕੀਤਾ ਦਾਅਵਾ



**ਚੰਡੀਗੜ੍ਹ –** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਰਹਿੰਦ ਵਿੱਚ ਪਾਰਟੀ ਵੱਲੋਂ ਕਰਵਾਈ 'ਪੰਜਾਬ ਬਚਾਓ ਰੈਲੀ' ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੱਖ-ਵੱਖ ਮੁੱਦਿਆਂ 'ਤੇ ਘੇਰਦਿਆਂ ਕਿਹਾ ਕਿ ਅਕਾਲੀ ਦਲ ਦੇ ਹੱਕ ਵਿੱਚ ਹਨੇਰੀ ਚੱਲਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਦਾਅਵਾ ਕੀਤਾ ਕਿ ਲੋਕ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਪੰਥ ਵਿਰੋਧੀ ਅਤੇ ਦਿੱਲੀ ਦੀਆਂ ਪਾਰਟੀਆਂ ਨੂੰ ਹਰਾਉਣ ਲਈ ਪਾਰਟੀ ਦਾ ਸਾਥ ਦੇਣਗੇ। ਇਸ ਮੌਕੇ ਉਨ੍ਹਾਂ ਬਲਜੀਤ ਸਿੰਘ ਭੁੱਟਾ ਨੂੰ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਪਾਰਟੀ ਦਾ ਉਮੀਦਵਾਰ ਵੀ ਐਲਾਨਿਆ।

ਸੁਖਬੀਰ ਸਿੰਘ ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਹ ਪਛਾਣ ਕਰਨ ਕਿ ਕਿਹੜੀ ਪਾਰਟੀ ਉਨ੍ਹਾਂ ਦੀ ਆਪਣੀ ਹੈ ਅਤੇ ਕਿਹੜੀ ਪਾਰਟੀ ਕਥਿਤ ਤੌਰ 'ਤੇ ਏਜੰਸੀਆਂ ਦੀ ਕਠਪੁਤਲੀ ਹੈ। 'ਵਾਰਿਸ ਪੰਜਾਬ' ਪਾਰਟੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੋਸ਼ ਲਾਇਆ ਕਿ ਇਸ ਦਾ ਮਕਸਦ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲੀ ਦਲ ਵਿਕਾਸ, ਅਮਨ, ਭਾਈਚਾਰਕ ਸਾਂਝ ਅਤੇ 'ਸਰਬੱਤ ਦਾ ਭਲਾ' ਦੀ ਸੋਚ ਲਈ ਵਚਨਬੱਧ ਹੈ।

ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਦਿਆਂ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਕਿ ਪੰਜਾਬ ਨੇ ਅਜਿਹਾ ਮੁੱਖ ਮੰਤਰੀ ਨਹੀਂ ਦੇਖਿਆ, ਜਿਸ ਦਾ ਦਫ਼ਤਰ ਭ੍ਰਿਸ਼ਟਾਚਾਰ ਦਾ ਅੱਡਾ ਬਣਿਆ ਹੋਵੇ। ਉਨ੍ਹਾਂ ਜਬਰ-ਜਨਾਹ ਦੇ ਮਾਮਲਿਆਂ ਵਿੱਚ ਮੁਲਜ਼ਮਾਂ ਨੂੰ ਕਥਿਤ ਤੌਰ 'ਤੇ ਕਰੋੜਾਂ ਰੁਪਏ ਲੈ ਕੇ ਸੁਰੱਖਿਆ ਦੇਣ ਅਤੇ ਗੈਂਗਸਟਰਾਂ ਨੂੰ 'ਆਪ' ਵਿੱਚ ਸ਼ਾਮਲ ਕਰਨ ਦੇ ਦੋਸ਼ ਵੀ ਲਗਾਏ।

ਉਨ੍ਹਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ 'ਤੇ ਬੇਅਦਬੀ ਦੇ ਮਾਮਲੇ ਨੂੰ ਲੈ ਕੇ ਹਮੇਸ਼ਾ ਰਾਜਨੀਤੀ ਕਰਨ ਦਾ ਦੋਸ਼ ਲਾਇਆ। ਇਸ ਤੋਂ ਇਲਾਵਾ ਉਨ੍ਹਾਂ ਸੂਬੇ ਵਿੱਚ ਬਿਜਲੀ ਕੱਟਾਂ ਲਈ ਵੀ 'ਆਪ' ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ।

ਰੈਲੀ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪਾਰਟੀ ਦੇ ਹੱਕ ਵਿੱਚ ਬਣ ਰਹੇ ਮਾਹੌਲ ਨੂੰ ਹੋਰ ਮਜ਼ਬੂਤ ਕਰਨ ਲਈ ਵਰਕਰਾਂ ਅਤੇ ਲੋਕਾਂ ਨੂੰ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ।

ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ, ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ, ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਹਲਕਾ ਅਮਲੋਹ ਦੇ ਇੰਚਾਰਜ ਗੁਰਪ੍ਰੀਤ ਸਿੰਘ ਰਾਜੂ ਖੰਨਾ ਅਤੇ ਇੰਚਾਰਜ ਦਰਬਾਰਾ ਸਿੰਘ ਗੁਰੂ ਸਮੇਤ ਹੋਰ ਆਗੂ ਹਾਜ਼ਰ ਸਨ।

# ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਛੇ ਮਹੀਨਿਆਂ ਦੀ ਉਲਟੀ ਗਿਣਤੀ ਸ਼ੁਰੂ

### ਮੌਜੂਦਾ ਸਰਕਾਰ ਦੇ ਕਾਰਜਕਾਲ ਦਾ 16 ਮਾਰਚ 2027 ਨੂੰ ਹੋਵੇਗਾ ਅੰਤ; ਆਖ਼ਰੀ ਛੇ ਮਹੀਨਿਆਂ ਦੌਰਾਨ ਸਰਕਾਰ ਸਾਹਮਣੇ ਵਧਣਗੀਆਂ ਸਿਆਸੀ ਤੇ ਸਮਾਜਿਕ ਚੁਣੌਤੀਆਂ



**ਚੰਡੀਗੜ੍ਹ –** ਪੰਜਾਬ ਵਿਧਾਨ ਸਭਾ ਚੋਣਾਂ 2027 ਲਈ ਬੁੱਧਵਾਰ ਤੋਂ ਛੇ ਮਹੀਨਿਆਂ ਦੀ ਉਲਟੀ ਗਿਣਤੀ ਸ਼ੁਰੂ ਹੋ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੌਜੂਦਾ ਕਾਰਜਕਾਲ ਦੇ 16 ਮਾਰਚ 2027 ਨੂੰ ਪੰਜ ਸਾਲ ਪੂਰੇ ਹੋਣੇ ਹਨ। ਇਸ ਤਰ੍ਹਾਂ ਭਲਕ ਤੋਂ ਸਰਕਾਰ ਦੇ ਮੌਜੂਦਾ ਕਾਰਜਕਾਲ ਲਈ ਪੂਰੇ ਛੇ ਮਹੀਨੇ ਦਾ ਸਮਾਂ ਬਾਕੀ ਰਹਿ ਜਾਵੇਗਾ।

ਪਿਛਲੇ ਸਮੇਂ 'ਤੇ ਨਜ਼ਰ ਮਾਰੀਏ ਤਾਂ 1992 ਤੋਂ ਲੈ ਕੇ ਹੁਣ ਤੱਕ ਪੰਜਾਬ ਵਿੱਚ ਆਮ ਤੌਰ 'ਤੇ ਵਿਧਾਨ ਸਭਾ ਚੋਣਾਂ ਫਰਵਰੀ ਮਹੀਨੇ ਵਿੱਚ ਹੀ ਹੋਈਆਂ ਹਨ। ਇਸ ਦੌਰਾਨ ਸਿਰਫ਼ 2012 ਦੀਆਂ ਵਿਧਾਨ ਸਭਾ ਚੋਣਾਂ ਅਜਿਹੀਆਂ ਸਨ, ਜਿਨ੍ਹਾਂ ਲਈ 30 ਜਨਵਰੀ ਨੂੰ ਵੋਟਾਂ ਪਈਆਂ ਸਨ।

ਸਰਕਾਰ ਦੇ ਕਾਰਜਕਾਲ ਦੇ ਆਖ਼ਰੀ ਛੇ ਮਹੀਨੇ ਸਿਆਸੀ ਪੱਖੋਂ ਅਹਿਮ ਮੰਨੇ ਜਾਂਦੇ ਹਨ। ਇਸ ਸਮੇਂ ਦੌਰਾਨ ਸਮਾਜ ਦੇ ਵੱਖ-ਵੱਖ ਵਰਗ ਆਪਣੀਆਂ ਮੰਗਾਂ ਅਤੇ ਹਿੱਤਾਂ ਦੀ ਪੂਰਤੀ ਲਈ ਸਰਕਾਰ 'ਤੇ ਦਬਾਅ ਵਧਾਉਣਾ ਸ਼ੁਰੂ ਕਰ ਦਿੰਦੇ ਹਨ। ਬੁੱਧਵਾਰ ਤੋਂ ਕਿਸੇ ਜ਼ਿਮਨੀ ਚੋਣ ਦੀ ਸੰਭਾਵਨਾ ਵੀ ਖ਼ਤਮ ਹੋ ਜਾਵੇਗੀ, ਕਿਉਂਕਿ ਵਿਧਾਨ ਸਭਾ ਦੇ ਕਾਰਜਕਾਲ ਦੇ ਆਖ਼ਰੀ ਛੇ ਮਹੀਨੇ ਬਾਕੀ ਰਹਿਣ 'ਤੇ ਉਪ ਚੋਣ ਨਹੀਂ ਕਰਵਾਈ ਜਾ ਸਕਦੀ।

ਇਸ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਆਪਣੇ ਨਵੇਂ ਹਲਕਾ ਇੰਚਾਰਜ ਲਾਉਣੇ ਸ਼ੁਰੂ ਕਰ ਦਿੱਤੇ ਗਏ ਹਨ। ਦੂਜੇ ਪਾਸੇ ਭਾਜਪਾ ਵੱਲੋਂ 18 ਸਤੰਬਰ ਤੋਂ 'ਨਸ਼ਾ ਮੁਕਤ ਪੰਜਾਬ ਯਾਤਰਾ' ਸ਼ੁਰੂ ਕੀਤੀ ਜਾ ਰਹੀ ਹੈ। ਆਉਂਦੇ ਦਿਨਾਂ ਵਿੱਚ ਸਿਆਸੀ ਸਰਗਰਮੀਆਂ ਦੇ ਨਾਲ-ਨਾਲ ਦਲ ਬਦਲੀ ਦਾ ਦੌਰ ਵੀ ਤੇਜ਼ ਹੋਣ ਦੀ ਸੰਭਾਵਨਾ ਹੈ।

ਸੱਤਾਧਾਰੀ ਧਿਰ ਨੂੰ ਆਖ਼ਰੀ ਛੇ ਮਹੀਨਿਆਂ ਦੌਰਾਨ ਕਈ ਮੁੱਦਿਆਂ 'ਤੇ ਧਿਆਨ ਦੇਣਾ ਪਵੇਗਾ। ਇਨ੍ਹਾਂ ਵਿੱਚ ਮੁਲਾਜ਼ਮ ਵਰਗ ਦੀਆਂ ਮੰਗਾਂ ਵੀ ਅਹਿਮ ਹਨ। ਮੁਲਾਜ਼ਮਾਂ ਵੱਲੋਂ ਬਕਾਇਆ ਮਹਿੰਗਾਈ ਭੱਤਾ, ਪੁਰਾਣੀ ਪੈਨਸ਼ਨ ਸਕੀਮ ਸਮੇਤ ਹੋਰ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ।

ਇਸੇ ਤਰ੍ਹਾਂ ਕਿਸਾਨੀ ਨਾਲ ਜੁੜੇ ਮੁੱਦਿਆਂ ਨੂੰ ਲੈ ਕੇ ਵੀ ਸੰਘਰਸ਼ ਤੇਜ਼ ਹੋ ਗਿਆ ਹੈ। ਚੋਣਾਂ ਨੇੜੇ ਆਉਣ ਦੇ ਨਾਲ ਸਰਕਾਰ ਸਾਹਮਣੇ ਵੱਖ-ਵੱਖ ਵਰਗਾਂ ਦੀਆਂ ਮੰਗਾਂ, ਸਿਆਸੀ ਸਰਗਰਮੀਆਂ ਅਤੇ ਵਿਰੋਧੀ ਧਿਰਾਂ ਦੇ ਅਭਿਆਨਾਂ ਨਾਲ ਜੁੜੀਆਂ ਚੁਣੌਤੀਆਂ ਹੋਰ ਵਧਣਗੀਆਂ।

# ਨਸ਼ਾ ਮੁਕਤ ਯਾਤਰਾ ਤੋਂ ਪਹਿਲਾਂ ਚੀਮਾ ਨੇ ਭਾਜਪਾ ਤੋਂ ਮੰਗੇ ਜਵਾਬ

### ਮੁੰਦਰਾ ਬੰਦਰਗਾਹ ਤੋਂ ਨਸ਼ੀਲੇ ਪਦਾਰਥਾਂ ਦੀ ਵੱਡੀ ਖੇਪ ਪਹੁੰਚਣ ਸਮੇਤ ਕਈ ਮੁੱਦਿਆਂ 'ਤੇ ਵਿੱਤ ਮੰਤਰੀ ਨੇ ਕੇਂਦਰ ਨੂੰ ਘੇਰਿਆ



**ਚੰਡੀਗੜ੍ਹ:** ਭਾਜਪਾ ਵੱਲੋਂ ਪੰਜਾਬ ਵਿੱਚ ਸ਼ੁਰੂ ਕੀਤੀ ਜਾਣ ਵਾਲੀ 'ਨਸ਼ਾ ਮੁਕਤ ਪੰਜਾਬ ਯਾਤਰਾ' ਤੋਂ ਪਹਿਲਾਂ ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਸ਼ਾ ਤਸਕਰੀ ਦੇ ਮੁੱਦੇ ਨੂੰ ਲੈ ਕੇ ਭਾਜਪਾ ਅਤੇ ਕੇਂਦਰ ਸਰਕਾਰ 'ਤੇ ਸਵਾਲ ਚੁੱਕੇ ਹਨ। ਭਾਜਪਾ ਦੀ ਇਹ ਯਾਤਰਾ 18 ਸਤੰਬਰ ਤੋਂ ਸ਼ੁਰੂ ਹੋਣੀ ਹੈ ਅਤੇ 30 ਸਤੰਬਰ ਤੱਕ ਚੱਲਣ ਵਾਲੀ ਇਸ ਮੁਹਿੰਮ ਤਹਿਤ ਸੂਬੇ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਤੱਕ ਪਹੁੰਚਣ ਦੀ ਯੋਜਨਾ ਹੈ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਭਾਜਪਾ ਨੂੰ ਆਪਣੇ ਕਾਰਜਕਾਲ ਅਤੇ ਕੇਂਦਰ ਦੀ ਭੂਮਿਕਾ ਨਾਲ ਜੁੜੇ ਕੁਝ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ। ਉਨ੍ਹਾਂ ਖ਼ਾਸ ਤੌਰ 'ਤੇ ਸਵਾਲ ਕੀਤਾ ਕਿ ਕੇਂਦਰ ਦੀ ਨਿਗਰਾਨੀ ਹੇਠ ਆਉਂਦੀਆਂ ਬੰਦਰਗਾਹਾਂ ਰਾਹੀਂ ਨਸ਼ੀਲੇ ਪਦਾਰਥਾਂ ਦੀਆਂ ਵੱਡੀਆਂ ਖੇਪਾਂ ਦੇਸ਼ ਵਿੱਚ ਕਿਵੇਂ ਪਹੁੰਚੀਆਂ।

ਭਾਜਪਾ 'ਤੇ ਤਨਜ਼ ਕਰਦਿਆਂ ਚੀਮਾ ਨੇ 2007 ਤੋਂ 2017 ਤੱਕ ਦੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਉਸ ਸਮੇਂ 'ਚਿੱਟਾ' ਸ਼ਬਦ ਘਰ-ਘਰ ਦੀ ਚਰਚਾ ਦਾ ਵਿਸ਼ਾ ਬਣ ਗਿਆ ਸੀ ਅਤੇ ਸਰਕਾਰੀ ਵਾਹਨਾਂ ਰਾਹੀਂ ਨਸ਼ਿਆਂ ਦੀ ਸਪਲਾਈ ਕੀਤੇ ਜਾਣ ਦੇ ਕਈ ਦੋਸ਼ ਵੀ ਲੱਗੇ ਸਨ। ਉਹ ਆਮ ਆਦਮੀ ਪਾਰਟੀ ਦੇ ਜਨਰਲ ਸਕੱਤਰ ਬਲਤੇਜ ਪੰਨੂ ਨਾਲ ਮੀਡੀਆ ਕਰਮੀਆਂ ਨਾਲ ਗੱਲਬਾਤ ਕਰ ਰਹੇ ਸਨ।

ਚੀਮਾ ਨੇ ਇਹ ਵੀ ਦੋਸ਼ ਲਾਇਆ ਕਿ ਜਲੰਧਰ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਇੱਕ ਅਧਿਕਾਰੀ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਉਨ੍ਹਾਂ ਮੁਤਾਬਕ ਇਸ ਅਧਿਕਾਰੀ ਨੇ ਅਕਾਲੀ-ਭਾਜਪਾ ਆਗੂਆਂ ਵਿਰੁੱਧ ਜਾਂਚ ਸ਼ੁਰੂ ਕੀਤੀ ਸੀ। ਚੀਮਾ ਨੇ ਕਿਹਾ ਕਿ ਭਾਜਪਾ ਨੂੰ ਪੰਜਾਬ ਵਿੱਚ ਨਸ਼ਿਆਂ ਵਿਰੁੱਧ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ।

ਵਿੱਤ ਮੰਤਰੀ ਨੇ ਕਿਹਾ ਕਿ ਅੰਤਰਰਾਸ਼ਟਰੀ ਸਰਹੱਦ ਰਾਹੀਂ ਹੋ ਰਹੀ ਨਸ਼ਾ ਤਸਕਰੀ ਨੂੰ ਰੋਕਣ ਵਿੱਚ ਕੇਂਦਰ ਸਰਕਾਰ ਦੀ ਵੀ ਅਹਿਮ ਭੂਮਿਕਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਰਹੱਦੀ ਖੇਤਰ ਵਿੱਚ 55 ਕਿਲੋਮੀਟਰ ਤੱਕ ਦਾ ਇਲਾਕਾ ਕੇਂਦਰ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ ਅਤੇ ਇਸ ਖੇਤਰ ਦੀ ਨਿਗਰਾਨੀ ਬੀ.ਐੱਸ.ਐੱਫ. ਕਰਦੀ ਹੈ।

ਚੀਮਾ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸਰਹੱਦ ਪਾਰੋਂ ਚੱਲ ਰਹੇ ਨਸ਼ਾ ਸਪਲਾਈ ਨੈੱਟਵਰਕ ਵਿਰੁੱਧ ਕਾਰਵਾਈ ਕਰਨ ਵਿੱਚ "ਬੁਰੀ ਤਰ੍ਹਾਂ ਅਸਫ਼ਲ" ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ ਸੂਬਾ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਵੀ ਕਈ ਕਦਮ ਚੁੱਕੇ ਗਏ ਹਨ।

ਆਪ ਸਰਕਾਰ ਦਾ ਬਚਾਅ ਕਰਦਿਆਂ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ। ਉਨ੍ਹਾਂ ਮੁਤਾਬਕ ਪਾਕਿਸਤਾਨ ਤੋਂ ਪੰਜਾਬ ਵਿੱਚ ਨਸ਼ਿਆਂ ਦੀ ਤਸਕਰੀ ਲਈ ਡਰੋਨਾਂ ਦੀ ਵਰਤੋਂ ਰੋਕਣ ਵਾਸਤੇ ਵੀ ਕਦਮ ਚੁੱਕੇ ਗਏ ਹਨ।

ਚੀਮਾ ਨੇ ਦਾਅਵਾ ਕੀਤਾ ਕਿ ਪੰਜਾਬ ਆਪਣੀ ਪਹਿਲਕਦਮੀ 'ਤੇ ਐਂਟੀ-ਡਰੋਨ ਸਿਸਟਮ ਸਥਾਪਤ ਕਰਨ ਵਾਲਾ ਪਹਿਲਾ ਸੂਬਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਉਪਾਵਾਂ ਦੇ ਨਤੀਜੇ ਵਜੋਂ ਪਾਕਿਸਤਾਨ ਤੋਂ ਨਸ਼ਿਆਂ ਦੀ ਸਪਲਾਈ ਵਿੱਚ ਲਗਪਗ 80 ਫੀਸਦੀ ਕਮੀ ਆਈ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਪੁਲੀਸ ਆਪਣੀ ਕਾਰਵਾਈ ਨੂੰ ਸਿਰਫ਼ ਸੂਬੇ ਦੀ ਹੱਦ ਤੱਕ ਸੀਮਤ ਨਹੀਂ ਰੱਖ ਰਹੀ, ਸਗੋਂ ਦੂਜੇ ਰਾਜਾਂ ਵਿੱਚ ਵੀ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰ ਰਹੀ ਹੈ। ਚੀਮਾ ਨੇ ਕਿਹਾ ਕਿ ਪੰਜਾਬ ਪੁਲੀਸ ਦੀਆਂ ਟੀਮਾਂ ਦੂਜੇ ਰਾਜਾਂ ਵਿੱਚ ਜਾ ਕੇ ਨਸ਼ਾ ਤਸਕਰਾਂ ਦਾ ਪਿੱਛਾ ਕਰ ਰਹੀਆਂ ਹਨ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।

ਵਿੱਤ ਮੰਤਰੀ ਨੇ ਗੁਜਰਾਤ ਦੇ ਮੁੰਦਰਾ ਬੰਦਰਗਾਹ ਤੋਂ ਲਗਪਗ 3,000 ਕਿਲੋਗ੍ਰਾਮ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦਾ ਮੁੱਦਾ ਵੀ ਚੁੱਕਿਆ। ਉਨ੍ਹਾਂ ਭਾਜਪਾ ਤੋਂ ਸਵਾਲ ਕੀਤਾ ਕਿ ਜੇਕਰ ਕੇਂਦਰ ਸਰਕਾਰ ਨਸ਼ਾ ਤਸਕਰੀ ਨੂੰ ਰੋਕਣ ਲਈ ਗੰਭੀਰ ਹੈ ਤਾਂ ਇੰਨੀ ਵੱਡੀ ਖੇਪ ਦੇਸ਼ ਵਿੱਚ ਕਿਵੇਂ ਦਾਖ਼ਲ ਹੋ ਸਕੀ।

ਚੀਮਾ ਨੇ ਕਿਹਾ, "ਪਹਿਲਾਂ ਗੁਜਰਾਤ ਦੀ ਮੁੰਦਰਾ ਬੰਦਰਗਾਹ ਨੂੰ ਸੰਭਾਲੋ, ਫਿਰ 'ਨਸ਼ਾ ਮੁਕਤ ਯਾਤਰਾ' ਨਾਲ ਪੰਜਾਬ ਆਓ।" ਇਸ ਤਰ੍ਹਾਂ ਭਾਜਪਾ ਵੱਲੋਂ ਪੰਜਾਬ ਵਿੱਚ ਸ਼ੁਰੂ ਕੀਤੀ ਜਾ ਰਹੀ ਨਸ਼ਾ ਵਿਰੋਧੀ ਮੁਹਿੰਮ ਨੂੰ ਲੈ ਕੇ ਸੂਬਾ ਸਰਕਾਰ ਅਤੇ ਕੇਂਦਰ ਵਿਚਕਾਰ ਸਿਆਸੀ ਟਕਰਾਅ ਹੋਰ ਤੇਜ਼ ਹੋ ਗਿਆ ਹੈ। ਭਾਜਪਾ ਵੱਲੋਂ ਐਲਾਨੀ ਗਈ ਯਾਤਰਾ 18 ਸਤੰਬਰ ਤੋਂ ਸ਼ੁਰੂ ਹੋ ਕੇ 30 ਸਤੰਬਰ ਨੂੰ ਜਲੰਧਰ ਵਿੱਚ ਸਮਾਪਤ ਹੋਣੀ ਹੈ।










# ਏਸ਼ੀਅਨ ਖੇਡਾਂ 2026: ਪੰਜਾਬ ਦੇ ਖਿਡਾਰੀਆਂ ’ਤੇ ਰਹਿਣਗੀਆਂ ਨਜ਼ਰਾਂ, ਕਈ ਖੇਡਾਂ ਵਿੱਚ ਤਗਮੇ ਦੀਆਂ ਉਮੀਦਾਂ

ਜਾਪਾਨ ਦੇ ਆਈਚੀ-ਨਾਗੋਯਾ ਵਿੱਚ 20ਵੀਆਂ ਏਸ਼ੀਅਨ ਖੇਡਾਂ 2026 ਦਾ ਆਗਾਜ਼ 19 ਸਤੰਬਰ ਤੋਂ ਹੋਣ ਜਾ ਰਿਹਾ ਹੈ ਅਤੇ ਇਹ ਖੇਡਾਂ 4 ਅਕਤੂਬਰ ਤੱਕ ਚੱਲਣਗੀਆਂ। ਏਸ਼ੀਆ ਦੇ ਇਸ ਵੱਡੇ ਖੇਡ ਮੇਲੇ ਲਈ ਭਾਰਤੀ ਦਲ ਪੂਰੀ ਤਰ੍ਹਾਂ ਤਿਆਰ ਹੈ। 8 ਸਤੰਬਰ ਨੂੰ ਕੇਂਦਰੀ ਖੇਡ ਮੰਤਰਾਲੇ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਭਾਰਤ ਦਾ 503 ਮੈਂਬਰੀ ਦਲ ਏਸ਼ੀਅਨ ਖੇਡਾਂ ਵਿੱਚ ਹਿੱਸਾ ਲੈਣ ਲਈ ਜਾਪਾਨ ਰਵਾਨਾ ਹੋਵੇਗਾ। ਇਸ ਦਲ ਵਿੱਚ 300 ਤੋਂ ਵੱਧ ਖਿਡਾਰੀ ਪਹਿਲੀ ਵਾਰ ਏਸ਼ੀਅਨ ਖੇਡਾਂ ਵਿੱਚ ਹਿੱਸਾ ਲੈਣਗੇ।

ਭਾਰਤ ਨੇ ਇਨ੍ਹਾਂ ਖੇਡਾਂ ਲਈ ਲੰਬੇ ਸਮੇਂ ਤੋਂ ਤਿਆਰੀਆਂ ਕੀਤੀਆਂ ਹਨ। ਮਾਰਚ ਵਿੱਚ ਖੇਡ ਮੰਤਰਾਲੇ ਨੇ ਦੱਸਿਆ ਸੀ ਕਿ ਉਸ ਸਮੇਂ 40 ਤੋਂ ਵੱਧ ਖੇਡਾਂ ਵਿੱਚ 700 ਤੋਂ ਵੱਧ ਭਾਰਤੀ ਐਥਲੀਟਾਂ ਦੇ ਹਿੱਸਾ ਲੈਣ ਦੀ ਉਮੀਦ ਸੀ। ਬਾਅਦ ਵਿੱਚ ਚੋਣ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਭਾਰਤੀ ਦਲ ਦਾ ਅੰਤਿਮ ਅੰਕੜਾ 503 ਮੈਂਬਰਾਂ ਦਾ ਰਿਹਾ।

**ਭਾਰਤ ਦੀਆਂ ਤਿਆਰੀਆਂ ਅਤੇ ਤਗਮੇ ਦੀਆਂ ਉਮੀਦਾਂ**

ਏਸ਼ੀਅਨ ਖੇਡਾਂ ਤੋਂ ਪਹਿਲਾਂ ਭਾਰਤ ਦਾ ਮੁੱਖ ਟੀਚਾ ਹੌਂਗਝੋਊ ਵਿੱਚ ਹੋਈਆਂ ਪਿਛਲੀਆਂ ਏਸ਼ੀਅਨ ਖੇਡਾਂ ਦੇ ਪ੍ਰਦਰਸ਼ਨ ਨੂੰ ਹੋਰ ਅੱਗੇ ਲਿਜਾਣਾ ਹੈ। 2022 ਵਿੱਚ ਹੋਣ ਵਾਲੀਆਂ ਇਹ ਖੇਡਾਂ ਕੋਵਿਡ-19 ਮਹਾਮਾਰੀ ਕਾਰਨ 2023 ਵਿੱਚ ਚੀਨ ਦੇ ਹੌਂਗਝੋਊ ਵਿੱਚ ਕਰਵਾਈਆਂ ਗਈਆਂ ਸਨ। ਭਾਰਤ ਨੇ ਉੱਥੇ ਕੁੱਲ 106 ਤਗਮੇ ਜਿੱਤੇ ਸਨ, ਜਿਨ੍ਹਾਂ ਵਿੱਚ 28 ਸੋਨੇ, 38 ਚਾਂਦੀ ਅਤੇ 40 ਕਾਂਸੀ ਦੇ ਤਗਮੇ ਸ਼ਾਮਲ ਸਨ।

ਇਸ ਵਾਰ ਵੀ ਭਾਰਤ ਨੂੰ ਨਿਸ਼ਾਨੇਬਾਜ਼ੀ, ਬੈਡਮਿੰਟਨ, ਕ੍ਰਿਕਟ, ਹਾਕੀ, ਐਥਲੈਟਿਕਸ, ਭਾਰ







ਉਠਾਉਣ ਅਤੇ ਮੁੱਕੇਬਾਜ਼ੀ ਵਰਗੀਆਂ ਖੇਡਾਂ ਤੋਂ ਤਗਮਿਆਂ ਦੀਆਂ ਉਮੀਦਾਂ ਹਨ।

ਭਾਰਤ ਦੀਆਂ ਪ੍ਰਮੁੱਖ ਉਮੀਦਾਂ ਵਿੱਚ ਨਿਸ਼ਾਨੇਬਾਜ਼ ਮਨੂ ਭਾਕਰ ਅਤੇ ਈਸ਼ਾ ਸਿੰਘ, ਐਥਲੈਟਿਕਸ ਵਿੱਚ ਤੇਜਿੰਦਰਪਾਲ ਸਿੰਘ ਤੂਰ, ਗੁਰਿੰਦਰਵੀਰ ਸਿੰਘ, ਅਨੀਮੇਸ਼ ਕੁਜੂਰ ਅਤੇ ਗੁਲਵੀਰ ਸਿੰਘ, ਬੈਡਮਿੰਟਨ ਵਿੱਚ ਪੀ.ਵੀ. ਸਿੰਧੂ, ਲਕਸ਼ਿਆ ਸੇਨ ਅਤੇ ਤਨਵੀ ਸ਼ਰਮਾ ਸ਼ਾਮਲ ਹਨ।

**ਨੀਰਜ ਚੋਪੜਾ ਨਹੀਂ ਹੋਣਗੇ ਹਿੱਸਾ**

ਏਸ਼ੀਅਨ ਖੇਡਾਂ ਤੋਂ ਪਹਿਲਾਂ ਭਾਰਤ ਨੂੰ ਜੈਵਲਿਨ ਥ੍ਰੋਅ ਵਿੱਚ ਝਟਕਾ ਲੱਗਿਆ ਹੈ। ਭਾਰਤ ਦੇ ਸਟਾਰ ਜੈਵਲਿਨ ਥ੍ਰੋਅਰ ਨੀਰਜ ਚੋਪੜਾ ਸੱਟ ਕਾਰਨ ਇਸ ਵਾਰ ਏਸ਼ੀਅਨ ਖੇਡਾਂ ਵਿੱਚ ਹਿੱਸਾ ਨਹੀਂ ਲੈ ਰਹੇ। ਉਹ 2018 ਅਤੇ 2022 ਦੀਆਂ ਏਸ਼ੀਅਨ ਖੇਡਾਂ ਵਿੱਚ ਸੋਨੇ ਦੇ ਤਗਮੇ ਜਿੱਤ ਚੁੱਕੇ ਹਨ।

ਹਾਕੀ ਵਿੱਚ ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਦੋਵੇਂ ਟੀਮਾਂ ਤੋਂ ਤਗਮੇ ਦੀ ਉਮੀਦ ਰਹੇਗੀ। ਦੋਵੇਂ ਟੀਮਾਂ ਪਿਛਲੀਆਂ ਏਸ਼ੀਅਨ ਖੇਡਾਂ ਦੀਆਂ ਸੋਨ ਤਗਮਾ ਜੇਤੂ ਹਨ। ਇਸ ਵਾਰ ਸੋਨੇ ਦਾ ਤਗਮਾ ਜਿੱਤਣ ਵਾਲੀਆਂ ਟੀਮਾਂ ਨੂੰ 2028 ਲਾਸ ਏਂਜਲਸ ਓਲੰਪਿਕ ਲਈ ਸਿੱਧੀ ਯੋਗਤਾ ਮਿਲੇਗੀ।

ਕ੍ਰਿਕਟ ਵਿੱਚ ਵੀ ਭਾਰਤ ਦੀਆਂ ਪੁਰਸ਼ ਅਤੇ ਮਹਿਲਾ ਟੀਮਾਂ ਪਿਛਲੀਆਂ ਏਸ਼ੀਅਨ ਖੇਡਾਂ ਵਿੱਚ ਸੋਨੇ ਦੇ ਤਗਮੇ ਜਿੱਤ ਚੁੱਕੀਆਂ ਹਨ। ਐਥਲੈਟਿਕਸ ਵਿੱਚ ਤੇਜਿੰਦਰਪਾਲ ਸਿੰਘ ਤੂਰ ਵੀ ਲਗਾਤਾਰ ਦੋ ਏਸ਼ੀਅਨ ਖੇਡਾਂ ਵਿੱਚ ਸੋਨੇ ਦੇ ਤਗਮੇ ਜਿੱਤ ਚੁੱਕੇ ਹਨ।

**ਪੰਜਾਬ ਦੇ ਖਿਡਾਰੀਆਂ ਦੀ ਮਜ਼ਬੂਤ ਮੌਜੂਦਗੀ**

ਏਸ਼ੀਅਨ ਖੇਡਾਂ ਵਿੱਚ ਪੰਜਾਬ ਦੇ ਕਈ ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਭਾਰਤ ਦੀ ਨੁਮਾਇੰਦਗੀ ਕਰਨਗੇ। ਐਥਲੈਟਿਕਸ, ਹਾਕੀ, ਕ੍ਰਿਕਟ, ਰੋਇੰਗ, ਭਾਰ ਉਠਾਉਣ, ਨਿਸ਼ਾਨੇਬਾਜ਼ੀ, ਸਾਈਕਲਿੰਗ, ਬੈਡਮਿੰਟਨ ਅਤੇ ਰਗਬੀ ਵਿੱਚ ਪੰਜਾਬ ਦੇ ਖਿਡਾਰੀ ਮੈਦਾਨ ਵਿੱਚ ਉਤਰਣਗੇ।

**ਪੰਜਾਬ ਨਾਲ ਸਬੰਧਤ ਖਿਡਾਰੀਆਂ ਦੀ ਸੂਚੀ ਇਸ ਤਰ੍ਹਾਂ ਹੈ:**

* **ਤੇਜਿੰਦਰਪਾਲ ਸਿੰਘ ਤੂਰ** — ਸ਼ਾਟ ਪੁੱਟ
* **ਕਰਨਵੀਰ ਸਿੰਘ** — ਸ਼ਾਟ ਪੁੱਟ
* **ਦਮਨੀਤ ਸਿੰਘ** — ਹੈਮਰ ਥ੍ਰੋਅ
* **ਗੁਰਿੰਦਰਵੀਰ ਸਿੰਘ** — 100 ਮੀਟਰ ਦੌੜ ਅਤੇ 4ਣ100 ਮੀਟਰ ਰੀਲੇਅ
* **ਰਸ਼ਦੀਪ ਕੌਰ** — 4ਣ400 ਮੀਟਰ ਰੀਲੇਅ ਅਤੇ ਮਿਕਸਡ 4ਣ400 ਮੀਟਰ ਰੀਲੇਅ
* **ਨਿਹਾਰਿਕਾ ਵਸ਼ਿਸ਼ਟ** — ਟ੍ਰਿਪਲ ਜੰਪ
* **ਸਤਨਾਮ ਸਿੰਘ ਘੁਰਦੇ** — ਰੋਇੰਗ
* **ਜਸਵਿੰਦਰ ਸਿੰਘ** — ਰੋਇੰਗ
* **ਕੁਲਵਿੰਦਰ ਸਿੰਘ** — ਰੋਇੰਗ
* **ਜਰਮਨਪ੍ਰੀਤ ਸਿੰਘ** — ਹਾਕੀ
* **ਹਰਮਨਪ੍ਰੀਤ ਸਿੰਘ** — ਹਾਕੀ
* **ਜੁਗਰਾਜ ਸਿੰਘ** — ਹਾਕੀ
* **ਹਾਰਦਿਕ ਸਿੰਘ** — ਹਾਕੀ
* **ਮਨਪ੍ਰੀਤ ਸਿੰਘ** — ਹਾਕੀ
* **ਸੁਖਜੀਤ ਸਿੰਘ** — ਹਾਕੀ
* **ਮਨਦੀਪ ਸਿੰਘ** — ਹਾਕੀ
* **ਦਿਲਪ੍ਰੀਤ ਸਿੰਘ** — ਹਾਕੀ
* **ਬਲਜੀਤ ਕੌਰ** — ਹਾਕੀ
* **ਹਰਜਿੰਦਰ ਕੌਰ** — ਭਾਰ ਉਠਾਉਣਾ
* **ਅਰਸ਼ਦੀਪ ਸਿੰਘ** — ਕ੍ਰਿਕਟ
* **ਅਭਿਸ਼ੇਕ ਸ਼ਰਮਾ** — ਕ੍ਰਿਕਟ
* **ਹਰਮਨਪ੍ਰੀਤ ਕੌਰ** — ਕ੍ਰਿਕਟ
* **ਤਨਵੀ ਸ਼ਰਮਾ** — ਬੈਡਮਿੰਟਨ
* **ਪਰੀਨਾਜ਼ ਧਾਲੀਵਾਲ** — ਸਕੀਟ ਨਿਸ਼ਾਨੇਬਾਜ਼ੀ
* **ਭਵਤੇਗ ਸਿੰਘ ਗਿੱਲ** — ਸਕੀਟ ਨਿਸ਼ਾਨੇਬਾਜ਼ੀ
* **ਹਰਸ਼ਵੀਰ ਸਿੰਘ ਸੇਖੋਂ** — ਸਾਈਕਲਿੰਗ
* **ਵਿਸ਼ਵਜੀਤ ਸਿੰਘ** — ਸਾਈਕਲਿੰਗ
* **ਅਮਨਦੀਪ ਕੌਰ** — ਰਗਬੀ

ਪੰਜਾਬ ਦੇ ਖਿਡਾਰੀਆਂ ਵਿੱਚ ਖਾਸ ਤੌਰ ’ਤੇ ਤੇਜਿੰਦਰਪਾਲ ਸਿੰਘ ਤੂਰ, ਗੁਰਿੰਦਰਵੀਰ ਸਿੰਘ, ਹਾਕੀ ਟੀਮ ਦੇ ਪੰਜਾਬੀ ਖਿਡਾਰੀ, ਕ੍ਰਿਕਟ ਵਿੱਚ ਅਰਸ਼ਦੀਪ ਸਿੰਘ ਅਤੇ ਅਭਿਸ਼ੇਕ ਸ਼ਰਮਾ ਅਤੇ ਬੈਡਮਿੰਟਨ ਵਿੱਚ ਤਨਵੀ ਸ਼ਰਮਾ ਤੋਂ ਚੰਗੇ ਪ੍ਰਦਰਸ਼ਨ ਦੀ ਉਮੀਦ ਕੀਤੀ ਜਾ ਰਹੀ ਹੈ।

ਰੋਇੰਗ ਵਿੱਚ ਜਸਵਿੰਦਰ ਸਿੰਘ ਦਾ ਨਾਮ ਵੀ ਮਹੱਤਵਪੂਰਨ ਹੈ। ਉਹ 2022 ਦੀਆਂ ਏਸ਼ੀਅਨ ਖੇਡਾਂ ਵਿੱਚ ਦੋ ਤਗਮੇ ਜਿੱਤਣ ਵਾਲੇ ਭਾਰਤੀ ਰੋਅਰਾਂ ਵਿੱਚ ਸ਼ਾਮਲ ਰਹੇ ਹਨ ਅਤੇ 2026 ਲਈ ਭਾਰਤੀ ਰੋਇੰਗ ਤਿਆਰੀਆਂ ਵਿੱਚ ਵੀ ਉਨ੍ਹਾਂ ਨੂੰ ਪ੍ਰਮੁੱਖ ਖਿਡਾਰੀਆਂ ਵਿੱਚ ਰੱਖਿਆ ਗਿਆ ਸੀ।

ਇਸ ਤਰ੍ਹਾਂ ਆਈਚੀ-ਨਾਗੋਯਾ ਏਸ਼ੀਅਨ ਖੇਡਾਂ ਵਿੱਚ ਪੰਜਾਬ ਦੀ ਹਾਜ਼ਰੀ ਕਈ ਖੇਡਾਂ ਤੱਕ ਫੈਲੀ ਹੋਈ ਹੈ ਅਤੇ ਭਾਰਤੀ ਦਲ ਵਿੱਚ ਪੰਜਾਬ ਦੇ ਖਿਡਾਰੀਆਂ ਦੀ ਕਾਰਗੁਜ਼ਾਰੀ ’ਤੇ ਵੀ ਦੇਸ਼ ਭਰ ਦੀਆਂ ਨਜ਼ਰਾਂ ਰਹਿਣਗੀਆਂ।

# ਏਸ਼ਿਆਈ ਚੈਂਪੀਅਨਜ਼ ਟਰਾਫੀ ਲਈ ਭਾਰਤ ਆਉਣ ਤੋਂ ਪਾਕਿਸਤਾਨ ਦਾ ਇਨਕਾਰ

## ਪਾਕਿਸਤਾਨ ਨੇ ਟੂਰਨਾਮੈਂਟ ਕਿਸੇ ਹੋਰ ਦੇਸ਼ ਵਿੱਚ ਕਰਵਾਉਣ ਦੀ ਕੀਤੀ ਮੰਗ; ਏਸ਼ਿਆਈ ਹਾਕੀ ਫੈਡਰੇਸ਼ਨ ਨੇ ਮੈਚਾਂ ਦੀ ਥਾਂ ਬਦਲਣ ਤੋਂ ਕੀਤਾ ਇਨਕਾਰ




ਭਾਰਤ ਅਤੇ ਪਾਕਿਸਤਾਨ ਵਿਚਾਲੇ ਮੌਜੂਦਾ ਸੰਵੇਦਨਸ਼ੀਲ ਹਾਲਾਤ ਦੇ ਮੱਦੇਨਜ਼ਰ ਪਾਕਿਸਤਾਨ ਨੇ ਏਸ਼ਿਆਈ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ ਲਈ ਭਾਰਤ ਆਉਣ ਤੋਂ ਇਨਕਾਰ ਕਰ ਦਿੱਤਾ ਹੈ। ਪਾਕਿਸਤਾਨ ਨੇ ਏਸ਼ਿਆਈ ਹਾਕੀ ਫੈਡਰੇਸ਼ਨ ਤੋਂ ਮੰਗ ਕੀਤੀ ਹੈ ਕਿ ਟੂਰਨਾਮੈਂਟ ਨੂੰ ਕਿਸੇ ਹੋਰ ਦੇਸ਼ ਵਿੱਚ ਕਰਵਾਇਆ ਜਾਵੇ ਜਾਂ ਉਸ ਦੀ ਟੀਮ ਦੇ ਮੈਚ ਭਾਰਤ ਤੋਂ ਬਾਹਰ ਕਰਵਾਏ ਜਾਣ।

ਏਸ਼ਿਆਈ ਹਾਕੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਅਤੇ ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾ ਨਾਥ ਸਿੰਘ ਨੇ ਪਾਕਿਸਤਾਨ ਦੀ ਇਸ ਮੰਗ ਨੂੰ ਰੱਦ ਕਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਟੂਰਨਾਮੈਂਟ ਦੇ ਮੈਚਾਂ ਦੀ ਥਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ। ਜੇ ਪਾਕਿਸਤਾਨ ਨੂੰ ਏਸ਼ਿਆਈ ਚੈਂਪੀਅਨਜ਼ ਟਰਾਫੀ ਵਿੱਚ ਹਿੱਸਾ ਲੈਣਾ ਹੈ ਤਾਂ ਉਸ ਨੂੰ ਭਾਰਤ ਆ ਕੇ ਹੀ ਖੇਡਣਾ ਪਵੇਗਾ।

ਏਸ਼ਿਆਈ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ 27 ਅਕਤੂਬਰ ਤੋਂ 5 ਨਵੰਬਰ ਤੱਕ ਪੰਜਾਬ ਦੇ ਮੁਹਾਲੀ ਅਤੇ ਜਲੰਧਰ ਵਿੱਚ ਕਰਵਾਇਆ ਜਾਣਾ ਹੈ। ਭਾਰਤ ਵਿੱਚ ਹੋਣ ਵਾਲੇ ਇਸ ਟੂਰਨਾਮੈਂਟ ਵਿੱਚ ਪਾਕਿਸਤਾਨ ਦੀ ਭਾਗੀਦਾਰੀ ਨੂੰ ਲੈ ਕੇ ਹੁਣ ਸਥਿਤੀ ਸਪੱਸ਼ਟ ਨਹੀਂ ਹੈ।

ਭੋਲਾ ਨਾਥ ਸਿੰਘ ਨੇ ਇਹ ਵੀ ਕਿਹਾ ਹੈ ਕਿ ਜੇ ਪਾਕਿਸਤਾਨ ਆਪਣੀ ਮੰਗ ’ਤੇ ਕਾਇਮ ਰਹਿੰਦਾ ਹੈ ਅਤੇ ਭਾਰਤ ਆ ਕੇ ਖੇਡਣ ਤੋਂ ਇਨਕਾਰ ਕਰਦਾ ਹੈ ਤਾਂ ਉਸ ਦੀ ਥਾਂ ਕਿਸੇ ਹੋਰ ਟੀਮ ਨੂੰ ਮੌਕਾ ਦਿੱਤਾ ਜਾ ਸਕਦਾ ਹੈ। ਇਸ ਸਬੰਧੀ ਬੰਗਲਾਦੇਸ਼ ਜਾਂ ਓਮਾਨ ਦੀ ਟੀਮ ਨੂੰ ਟੂਰਨਾਮੈਂਟ ਵਿੱਚ ਸ਼ਾਮਲ ਕਰਨ ਦੀ ਸੰਭਾਵਨਾ ਦੱਸੀ ਗਈ ਹੈ।

ਦੂਜੇ ਪਾਸੇ, ਪਾਕਿਸਤਾਨ ਹਾਕੀ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਮੋਹੀਉੱਦੀਨ ਅਹਿਮਦ ਵਾਨੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਇੱਛਾ ਹੈ ਕਿ ਜਾਂ ਤਾਂ ਪੂਰੇ ਟੂਰਨਾਮੈਂਟ ਨੂੰ ਕਿਸੇ ਹੋਰ ਥਾਂ ਤਬਦੀਲ ਕੀਤਾ ਜਾਵੇ ਜਾਂ ਫਿਰ ਸਿਰਫ਼ ਪਾਕਿਸਤਾਨ ਦੇ ਮੈਚ ਭਾਰਤ ਤੋਂ ਬਾਹਰ ਕਰਵਾਏ ਜਾਣ। ਉਨ੍ਹਾਂ ਮੁਤਾਬਕ ਇਹ ਮੰਗ ਭਾਰਤ ਅਤੇ ਪਾਕਿਸਤਾਨ ਵਿਚਾਲੇ ਮੌਜੂਦਾ ਤਣਾਅਪੂਰਨ ਹਾਲਾਤ ਅਤੇ ਸੁਰੱਖਿਆ ਨਾਲ ਜੁੜੇ ਮਸਲਿਆਂ ਨੂੰ ਧਿਆਨ ਵਿੱਚ ਰੱਖਦਿਆਂ ਕੀਤੀ ਗਈ ਹੈ।

ਪਾਕਿਸਤਾਨ ਹਾਕੀ ਫੈਡਰੇਸ਼ਨ ਦਾ ਕਹਿਣਾ ਹੈ ਕਿ ਉਸ ਦਾ ਮੁੱਖ ਉਦੇਸ਼ ਆਪਣੇ ਖਿਡਾਰੀਆਂ ਅਤੇ ਅਧਿਕਾਰੀਆਂ ਲਈ ਸੁਰੱਖਿਅਤ ਅਤੇ ਸਨਮਾਨਜਨਕ ਮਾਹੌਲ ਯਕੀਨੀ ਬਣਾਉਣਾ ਹੈ। ਫੈਡਰੇਸ਼ਨ ਚਾਹੁੰਦੀ ਹੈ ਕਿ ਉਸ ਦੀ ਟੀਮ ਬਿਨਾਂ ਕਿਸੇ ਰੁਕਾਵਟ ਦੇ ਏਸ਼ਿਆਈ ਹਾਕੀ ਦੇ ਇਸ ਮਹੱਤਵਪੂਰਨ ਟੂਰਨਾਮੈਂਟ ਵਿੱਚ ਹਿੱਸਾ ਲੈ ਸਕੇ।

ਹੁਣ ਏਸ਼ਿਆਈ ਚੈਂਪੀਅਨਜ਼ ਟਰਾਫੀ ਵਿੱਚ ਪਾਕਿਸਤਾਨ ਦੀ ਭਾਗੀਦਾਰੀ ਨੂੰ ਲੈ ਕੇ ਅਗਲਾ ਫ਼ੈਸਲਾ ਮਹੱਤਵਪੂਰਨ ਹੋਵੇਗਾ। ਇੱਕ ਪਾਸੇ ਪਾਕਿਸਤਾਨ ਵੱਲੋਂ ਭਾਰਤ ਵਿੱਚ ਖੇਡਣ ਤੋਂ ਇਨਕਾਰ ਕੀਤਾ ਗਿਆ ਹੈ, ਜਦਕਿ ਦੂਜੇ ਪਾਸੇ ਭਾਰਤੀ ਅਤੇ ਏਸ਼ਿਆਈ ਹਾਕੀ ਅਧਿਕਾਰੀਆਂ ਨੇ ਟੂਰਨਾਮੈਂਟ ਦੀ ਨਿਰਧਾਰਤ ਥਾਂ ਬਦਲਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ।

# ਫ਼ਰੀਦਕੋਟ ਦੇ ਨਮਨ ਧੀਰ ਦੀ ਵੈਸਟ ਇੰਡੀਜ਼ ਲੜੀ ਲਈ ਭਾਰਤੀ ਕ੍ਰਿਕਟ ਟੀਮ ’ਚ ਚੋਣ




ਫ਼ਰੀਦਕੋਟ ਦੇ ਨਮਨ ਧੀਰ ਦੀ ਵੈਸਟ ਇੰਡੀਜ਼ ਲੜੀ ਲਈ ਭਾਰਤੀ ਕ੍ਰਿਕਟ ਟੀਮ ’ਚ ਚੋਣ - ਫ਼ਰੀਦਕੋਟ ਦੇ ਕ੍ਰਿਕਟਰ ਨਮਨ ਧੀਰ ਲਈ 16 ਸਤੰਬਰ ਦਾ ਦਿਨ ਉਸ ਦੇ ਖੇਡ ਜੀਵਨ ਦਾ ਯਾਦਗਾਰ ਦਿਨ ਬਣ ਗਿਆ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਵੈਸਟ ਇੰਡੀਜ਼ ਖ਼ਿਲਾਫ਼ ਹੋਣ ਵਾਲੀ ਤਿੰਨ ਮੈਚਾਂ ਦੀ ਵਨਡੇਅ ਲੜੀ ਲਈ ਭਾਰਤੀ ਟੀਮ ਦਾ ਐਲਾਨ ਕੀਤਾ। ਇਸ 15 ਮੈਂਬਰੀ ਟੀਮ ਵਿੱਚ ਪੰਜਾਬ ਦੇ ਬੱਲੇਬਾਜ਼ ਤੇ ਆਲਰਾਊਂਡਰ ਨਮਨ ਧੀਰ ਨੂੰ ਪਹਿਲੀ ਵਾਰ ਭਾਰਤੀ ਸੀਨੀਅਰ ਟੀਮ ਵਿੱਚ ਥਾਂ ਦਿੱਤੀ ਗਈ ਹੈ।

ਭਾਰਤੀ ਟੀਮ ਦੀ ਕਪਤਾਨੀ ਸ਼ੁਭਮਨ ਗਿੱਲ ਕਰਨਗੇ, ਜਦਕਿ ਕੇ.ਐੱਲ. ਰਾਹੁਲ ਉਪ-ਕਪਤਾਨ ਹੋਣਗੇ। ਨਮਨ ਧੀਰ ਦੇ ਨਾਲ ਜੰਮੂ-ਕਸ਼ਮੀਰ ਦੇ ਤੇਜ਼ ਗੇਂਦਬਾਜ਼ ਆਕਿਬ ਨਬੀ ਨੂੰ ਵੀ ਪਹਿਲੀ ਵਾਰ ਵਨਡੇਅ ਟੀਮ ਵਿੱਚ ਸੱਦਾ ਮਿਲਿਆ ਹੈ। ਭਾਰਤ ਅਤੇ ਵੈਸਟ ਇੰਡੀਜ਼ ਵਿਚਾਲੇ ਵਨਡੇਅ ਲੜੀ ਦਾ ਪਹਿਲਾ ਮੈਚ 27 ਸਤੰਬਰ ਨੂੰ ਤਿਰੂਵਨੰਤਪੁਰਮ, ਦੂਜਾ 30 ਸਤੰਬਰ ਨੂੰ ਗੁਹਾਟੀ ਅਤੇ ਤੀਜਾ 3 ਅਕਤੂਬਰ ਨੂੰ ਨਿਊ ਚੰਡੀਗੜ੍ਹ ਵਿੱਚ ਖੇਡਿਆ ਜਾਣਾ ਹੈ।

**ਚਾਰ ਸਾਲ ਤੱਕ ਮੌਕਾ ਨਾ ਮਿਲਣ ਕਾਰਨ ਕ੍ਰਿਕਟ ਛੱਡਣ ਦਾ ਮਨ ਬਣਾਇਆ**

ਨਮਨ ਧੀਰ ਦੀ ਕਹਾਣੀ ਸਿਰਫ਼ ਇੱਕ ਨੌਜਵਾਨ ਕ੍ਰਿਕਟਰ ਦੇ ਭਾਰਤੀ ਟੀਮ ਤੱਕ ਪਹੁੰਚਣ ਦੀ ਕਹਾਣੀ ਨਹੀਂ, ਸਗੋਂ ਸੰਘਰਸ਼, ਪਰਿਵਾਰ ਦੇ ਸਹਿਯੋਗ ਦੀ ਕਹਾਣੀ ਵੀ ਹੈ।ਨਮਨ ਨੇ ਦੋ ਸਾਲ ਪਹਿਲਾਂ ਦੱਸਿਆ ਸੀ ਕਿ ਪੰਜਾਬ ਦੀ ਅੰਡਰ-16 ਟੀਮ ਵੱਲੋਂ ਖੇਡਣ ਤੋਂ ਬਾਅਦ ਉਸ ਨੂੰ ਅਗਲੇ ਚਾਰ ਸਾਲ ਤੱਕ ਮੌਕਾ ਨਹੀਂ ਮਿਲਿਆ। ਇਸ ਕਾਰਨ ਉਹ ਨਿਰਾਸ਼ ਹੋ ਗਿਆ ਸੀ। ਉਨ੍ਹਾਂ ਨੇ 2022 ਵਿੱਚ ਕ੍ਰਿਕਟ ਛੱਡ ਕੇ ਕੈਨੇਡਾ ਜਾਣ ਬਾਰੇ ਵੀ ਸੋਚਿਆ ਸੀ। ਉਨ੍ਹਾਂ ਦੀ ਇੱਕ ਭੈਣ ਕੈਨੇਡਾ ਦੇ ਐਡਮੰਟਨ ਵਿੱਚ ਰਹਿੰਦੀ ਹੈ ਅਤੇ ਉਹ ਉੱਥੇ ਜਾਣ ਦੀ ਯੋਜਨਾ ਬਣਾ ਰਿਹਾ ਸੀ ਪਰ ਨਮਨ ਦੇ ਪਿਤਾ ਨਰੇਸ਼ ਧੀਰ ਨੇ ਉਸ ਨੂੰ ਕ੍ਰਿਕਟ ਲਈ ਇੱਕ ਹੋਰ ਸਾਲ ਦੇਣ ਦੀ ਸਲਾਹ ਦਿੱਤੀ। ਨਮਨ ਨੇ ਇਹ ਸਲਾਹ ਮੰਨੀ ਅਤੇ ਦਸੰਬਰ 2022 ਵਿੱਚ ਪੰਜਾਬ ਵੱਲੋਂ ਰਣਜੀ ਟਰਾਫ਼ੀ ਵਿੱਚ ਆਪਣਾ ਡੈਬਿਊ ਕੀਤਾ। ਇਸ ਤੋਂ ਅਗਲੇ ਸਾਲ 2023 ਵਿੱਚ ਮੁੰਬਈ ਇੰਡੀਅਨਜ਼ ਨੇ ਉਸ ਨੂੰ ਆਪਣੀ ਟੀਮ ਵਿੱਚ ਚੁਣ ਲਿਆ।

**ਨਾਨਾ ਤੇ ਪਿਤਾ ਨੇ ਸਮੇਂ ਸਮੇਂ ’ਤੇ ਹੌਸਲਾ ਅਫਜ਼ਾਈ ਕੀਤੀ**

ਨਮਨ ਦੇ ਪਿਤਾ ਨਰੇਸ਼ ਧੀਰ ਫ਼ਰੀਦਕੋਟ ਵਿੱਚ ਇੱਕ ਮੈਡੀਕਲ ਦੁਕਾਨ ’ਤੇ ਕੰਮ ਕਰਦੇ ਹਨ। ਉਨ੍ਹਾਂ ਨੇ ਕਈ ਸਾਲ ਮਿਹਨਤ ਕਰਕੇ ਆਪਣੇ ਪੁੱਤਰ ਦੇ ਕ੍ਰਿਕਟ ਸਫ਼ਰ ਨੂੰ ਜਾਰੀ ਰੱਖਣ ਵਿੱਚ ਮਦਦ ਕੀਤੀ। ਨਮਨ ਨੇ ਦੱਸਿਆ ਸੀ ਕਿ ਕ੍ਰਿਕਟ ਦਾ ਖਰਚਾ ਚੁੱਕਣਾ ਪਰਿਵਾਰ ਲਈ ਸੌਖਾ ਨਹੀਂ ਸੀ।

ਨਰੇਸ਼ ਧੀਰ ਨੇ ਇਹ ਵੀ ਯਾਦ ਕੀਤਾ ਕਿ ਜਦੋਂ ਉਹ ਨਮਨ ਨੂੰ ਸਕੂਲ ਤੋਂ ਕ੍ਰਿਕਟ ਅਭਿਆਸ ਲਈ ਲੈ ਕੇ ਜਾਂਦੇ ਸਨ ਤਾਂ ਕੁਝ ਲੋਕ ਉਨ੍ਹਾਂ ਨੂੰ ਕਹਿੰਦੇ ਸਨ ਕਿ ਉਹ ਆਪਣੇ ਪੁੱਤਰ ਦਾ ਭਵਿੱਖ ਖ਼ਰਾਬ ਕਰ ਰਹੇ ਹਨ ਪਰ ਉਨ੍ਹਾਂ ਨੇ ਨਮਨ ਦਾ ਹੌਸਲਾ ਬਣਾਈ ਰੱਖਿਆ।

ਨਮਨ ਨੇ ਦੱਸਿਆ ਸੀ ਕਿ ਉਨ੍ਹਾਂ ਦੇ ਨਾਨਾ ਧਰਮ ਪਾਲ ਸੇਠੀ, ਜੋ ਸਕੂਲ ਅਧਿਆਪਕ ਸਨ, ਨੇ ਵੀ ਉਨ੍ਹਾਂ ਦੇ ਸ਼ੁਰੂਆਤੀ ਕ੍ਰਿਕਟ ਸਫ਼ਰ ਵਿੱਚ ਸਹਿਯੋਗ ਦਿੱਤਾ। ਨਮਨ ਨੇ ਆਪਣੇ ਬਚਪਨ ਦੇ ਕੋਚ ਗਗਨ ਸਿੱਧੂ ਨੂੰ ਵੀ ਆਪਣੇ ਖੇਡ ਜੀਵਨ ਵਿੱਚ ਮਹੱਤਵਪੂਰਨ ਮਾਰਗਦਰਸ਼ਕ ਦੱਸਿਆ ਸੀ।

**ਫ਼ਰੀਦਕੋਟ ਤੋਂ ਪੰਜਾਬ ਦੀ ਨੁਮਾਇੰਦਗੀ ਕਰਨ ਵਾਲੇ ਪਹਿਲੇ ਖਿਡਾਰੀਆਂ ਵਿੱਚੋਂ ਹੈ ਨਮਨ**

ਨਮਨ ਧੀਰ ਨੇ ਫ਼ਰੀਦਕੋਟ ਤੋਂ ਕ੍ਰਿਕਟ ਸ਼ੁਰੂ ਕਰਦਿਆਂ ਪੰਜਾਬ ਦੀ ਟੀਮ ਵਿੱਚ ਆਪਣੀ ਥਾਂ ਬਣਾਈ। ਉਹ ਫ਼ਰੀਦਕੋਟ ਤੋਂ ਪੰਜਾਬ ਲਈ ਅੰਡਰ-16, ਅੰਡਰ-25 ਅਤੇ ਰਣਜੀ ਟਰਾਫ਼ੀ ਖੇਡਣ ਵਾਲੇ ਪਹਿਲੇ ਖਿਡਾਰੀ ਹਨ। ਉਹ ਇਸ ਖੇਤਰ ਤੋਂ ਆਈਪੀਐੱਲ ਖੇਡਣ ਵਾਲੇ ਖਿਡਾਰੀਆਂ ਵਿੱਚ ਵੀ ਪਹਿਲੇ ਹਨ।

ਇਹ ਪਿਛੋਕੜ ਫ਼ਰੀਦਕੋਟ ਲਈ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ ਨਮਨ ਨੇ ਛੋਟੇ ਜ਼ਿਲ੍ਹੇ ਤੋਂ ਨਿਕਲ ਕੇ ਪੰਜਾਬ ਦੀ ਘਰੇਲੂ ਕ੍ਰਿਕਟ ਵਿੱਚ ਆਪਣੀ ਪਛਾਣ ਬਣਾਈ ਅਤੇ ਫਿਰ ਆਈਪੀਐੱਲ ਤੱਕ ਪਹੁੰਚ ਕੀਤੀ। ਹੁਣ ਭਾਰਤੀ ਵਨਡੇਅ ਟੀਮ ਵਿੱਚ ਚੋਣ ਨਾਲ ਉਹ ਆਪਣੇ ਖੇਡ ਜੀਵਨ ਦੇ ਇੱਕ ਹੋਰ ਵੱਡੇ ਪੜਾਅ ’ਤੇ ਪਹੁੰਚ ਗਿਆ ਹੈ।

**ਮੁੰਬਈ ਇੰਡੀਅਨਜ਼ ਨੇ 5.25 ਕਰੋੜ ਰੁਪਏ ਵਿੱਚ ਕੀਤਾ ਸੀ ਰਿਟੇਨ**

ਨਮਨ ਧੀਰ ਨੂੰ ਆਈਪੀਐੱਲ ਵਿੱਚ ਮੁੰਬਈ ਇੰਡੀਅਨਜ਼ ਵੱਲੋਂ ਖੇਡਣ ਦਾ ਮੌਕਾ ਮਿਲਿਆ। 2024 ਦੇ ਆਈਪੀਐੱਲ ਸੀਜ਼ਨ ਵਿੱਚ ਉਸ ਨੇ ਮੁੰਬਈ ਇੰਡੀਅਨਜ਼ ਲਈ ਸੱਤ ਮੈਚ ਖੇਡੇ ਅਤੇ 140 ਦੌੜਾਂ ਬਣਾਈਆਂ, ਜਿਸ ਵਿੱਚ ਉਸ ਦਾ ਸਰਵੋਤਮ ਸਕੋਰ 62 ਨਾਬਾਦ ਰਿਹਾ।

ਇਸ ਤੋਂ ਬਾਅਦ 2025 ਦੇ ਆਈਪੀਐੱਲ ਮੈਗਾ ਆਕਸ਼ਨ ਵਿੱਚ ਮੁੰਬਈ ਇੰਡੀਅਨਜ਼ ਨੇ ਉਸ ਨੂੰ 5.25 ਕਰੋੜ ਰੁਪਏ ਵਿੱਚ ਆਪਣੀ ਟੀਮ ਵਿੱਚ ਬਰਕਰਾਰ ਰੱਖਿਆ। ਇਸ ਲਈ ਹੋਈ ਬੋਲੀ ਵਿੱਚ ਰੌਇਲ ਚੈਲੰਜਰਜ਼ ਬੰਗਲੁਰੂ, ਦਿੱਲੀ ਕੈਪੀਟਲਜ਼, ਰਾਜਸਥਾਨ ਰੌਇਲਜ਼ ਅਤੇ ਪੰਜਾਬ ਕਿੰਗਜ਼ ਵਰਗੀਆਂ ਟੀਮਾਂ ਨੇ ਵੀ ਦਿਲਚਸਪੀ ਦਿਖਾਈ ਸੀ। ਮੁੰਬਈ ਇੰਡੀਅਨਜ਼ ਨੇ ‘ਰਾਈਟ ਟੂ ਮੈਚ’ ਕਾਰਡ ਦੀ ਵਰਤੋਂ ਕਰਕੇ ਨਮਨ ਨੂੰ ਮੁੜ ਆਪਣੀ ਟੀਮ ਵਿੱਚ ਰੱਖਿਆ।

ਨਮਨ ਨੇ ਉਸ ਸਮੇਂ ਕਿਹਾ ਸੀ ਕਿ ਉਸ ਨੂੰ ਆਸ ਸੀ ਕਿ ਆਈਪੀਐੱਲ ਦਾ ਕਰਾਰ ਮਿਲੇਗਾ ਪਰ ਇੰਨੀ ਵੱਡੀ ਰਕਮ ਮਿਲਣ ਦੀ ਉਮੀਦ ਨਹੀਂ ਸੀ। ਉਸ ਨੇ ਇਹ ਵੀ ਦੱਸਿਆ ਸੀ ਕਿ ਉਹ ਇਸ ਰਕਮ ਨਾਲ ਚੰਗਾ ਘਰ ਬਣਾਉਣਾ ਚਾਹੁੰਦਾ ਹੈ।

**ਸ਼ੇਰ-ਏ-ਪੰਜਾਬ ਲੀਗ ਵਿੱਚ 64 ਗੇਂਦਾਂ ’ਤੇ 173 ਦੌੜਾਂ**

ਭਾਰਤੀ ਵਨਡੇਅ ਟੀਮ ਵਿੱਚ ਚੋਣ ਤੋਂ ਕੁਝ ਦਿਨ ਪਹਿਲਾਂ ਹੀ ਨਮਨ ਧੀਰ ਨੇ ਸ਼ੇਰ-ਏ-ਪੰਜਾਬ ਟੀ-20 ਲੀਗ ਵਿੱਚ ਧਮਾਕੇਦਾਰ ਪਾਰੀ ਖੇਡੀ ਸੀ। ਅੰਮ੍ਰਿਤਸਰ ਸੂਰਮਾਜ਼ ਦੇ ਕਪਤਾਨ ਵਜੋਂ ਖੇਡਦਿਆਂ ਉਸ ਨੇ ਮੁਹਾਲੀ ਕਿੰਗਜ਼ ਖ਼ਿਲਾਫ਼ ਸਿਰਫ਼ 64 ਗੇਂਦਾਂ ’ਤੇ 173 ਦੌੜਾਂ ਬਣਾਈਆਂ। ਇਸ ਪਾਰੀ ਵਿੱਚ ਉਸ ਨੇ 16 ਚੌਕੇ ਅਤੇ 12 ਛੱਕੇ ਲਗਾਏ।

ਨਮਨ ਦੀ ਇਸ ਪਾਰੀ ਦੀ ਬਦੌਲਤ ਅੰਮ੍ਰਿਤਸਰ ਸੂਰਮਾਜ਼ ਨੇ 20 ਓਵਰਾਂ ਵਿੱਚ 279 ਦੌੜਾਂ ਬਣਾਈਆਂ ਅਤੇ ਮੁਹਾਲੀ ਕਿੰਗਜ਼ ਨੂੰ 67 ਦੌੜਾਂ ਨਾਲ ਹਰਾਇਆ। ਇਸ ਪਾਰੀ ਤੋਂ ਬਾਅਦ ਨਮਨ ਨੇ ਕਿਹਾ ਸੀ ਕਿ ਉਸ ਦਾ ਧਿਆਨ ਨਿੱਜੀ ਸਕੋਰ ’ਤੇ ਨਹੀਂ, ਸਗੋਂ ਹਰ ਗੇਂਦ ਨੂੰ ਉਸ ਦੀ ਯੋਗਤਾ ਅਨੁਸਾਰ ਖੇਡਣ ਅਤੇ ਟੀਮ ਲਈ ਵੱਧ ਤੋਂ ਵੱਧ ਦੌੜਾਂ ਬਣਾਉਣ ’ਤੇ ਸੀ।

ਉਸ ਦੀ ਇਹ ਪਾਰੀ ਟੀ-20 ਕ੍ਰਿਕਟ ਵਿੱਚ ਕ੍ਰਿਸ ਗੇਲ ਦੇ 175 ਨਾਬਾਦ ਦੌੜਾਂ ਦੇ ਸਰਵੋਤਮ ਨਿੱਜੀ ਸਕੋਰ ਦੇ ਰਿਕਾਰਡ ਤੋਂ ਸਿਰਫ਼ ਦੋ ਦੌੜਾਂ ਪਿੱਛੇ ਰਹਿ ਗਈ। ਇਸ ਪ੍ਰਦਰਸ਼ਨ ਨੇ ਨਮਨ ਦੀ ਹਮਲਾਵਰ ਬੱਲੇਬਾਜ਼ੀ ਅਤੇ ਵੱਡੀ ਪਾਰੀ ਖੇਡਣ ਦੀ ਸਮਰੱਥਾ ਨੂੰ ਮੁੜ ਚਰਚਾ ਵਿੱਚ ਲਿਆ ਦਿੱਤਾ।

**ਬੱਲੇਬਾਜ਼ੀ ਦੇ ਨਾਲ ਗੇਂਦਬਾਜ਼ੀ ਕਰਨ ਦੀ ਸਮਰੱਥਾ**


ਨਮਨ ਧੀਰ ਨੂੰ ਬੱਲੇਬਾਜ਼ੀ ਆਲਰਾਊਂਡਰ ਵਜੋਂ ਜਾਣਿਆ ਜਾਂਦਾ ਹੈ। ਉਹ ਸੱਜੇ ਹੱਥ ਨਾਲ ਬੱਲੇਬਾਜ਼ੀ ਕਰਦੇ ਹਨ ਅਤੇ ਲੋੜ ਪੈਣ ’ਤੇ ਆਫ਼-ਸਪਿੰਨ ਗੇਂਦਬਾਜ਼ੀ ਵੀ ਕਰਦੇ ਹਨ। ਮੁੰਬਈ ਇੰਡੀਅਨਜ਼ ਨੇ ਉਸ ਦੀ ਪਛਾਣ ਅਜਿਹੇ ਖਿਡਾਰੀ ਵਜੋਂ ਕਰਵਾਈ ਹੈ ਜੋ ਬੱਲੇਬਾਜ਼ੀ ਵਿੱਚ ਹਮਲਾਵਰ ਰੁਖ ਅਪਣਾਉਣ ਦੇ ਨਾਲ ਗੇਂਦਬਾਜ਼ੀ ਅਤੇ ਫ਼ੀਲਡਿੰਗ ਵਿੱਚ ਵੀ ਯੋਗਦਾਨ ਦੇ ਸਕਦਾ ਹੈ।

ਭਾਰਤੀ ਵਨਡੇਅ ਟੀਮ ਵਿੱਚ ਉਸ ਦੀ ਚੋਣ ਦਾ ਮਤਲਬ ਹੈ ਕਿ ਚੋਣਕਾਰਾਂ ਨੇ ਉਸ ਨੂੰ ਟੀਮ ਵਿੱਚ ਇੱਕ ਵਾਧੂ ਆਲਰਾਊਂਡਰ ਵਿਕਲਪ ਵਜੋਂ ਦੇਖਿਆ ਹੈ। ਹਾਲਾਂਕਿ, ਟੀਮ ਵਿੱਚ ਚੋਣ ਤੋਂ ਬਾਅਦ ਮੈਦਾਨ ਵਿੱਚ ਉਤਰਨ ਦਾ ਮੌਕਾ ਮਿਲਣਾ ਵੱਖਰਾ ਮਾਮਲਾ ਹੈ। ਨਮਨ ਲਈ ਇਹ ਪਹਿਲਾ ਮੌਕਾ ਹੋਵੇਗਾ ਕਿ ਉਹ ਭਾਰਤੀ ਟੀਮ ਦੇ ਕੌਮਾਂਤਰੀ ਮਾਹੌਲ ਵਿੱਚ ਆਪਣੀ ਯੋਗਤਾ ਦਿਖਾ ਸਕੇ।

**ਹੁਣ ਕੌਮਾਂਤਰੀ ਡੈਬਿਊ ਦੀ ਉਡੀਕ**

ਵੈਸਟ ਇੰਡੀਜ਼ ਖ਼ਿਲਾਫ਼ ਵਨਡੇਅ ਲੜੀ ਲਈ ਨਮਨ ਧੀਰ ਦੀ ਚੋਣ ਨੇ ਫ਼ਰੀਦਕੋਟ ਅਤੇ ਪੰਜਾਬ ਦੇ ਕ੍ਰਿਕਟ ਪ੍ਰੇਮੀਆਂ ਵਿੱਚ ਉਤਸ਼ਾਹ ਪੈਦਾ ਕੀਤਾ ਹੈ। ਜਿਸ ਖਿਡਾਰੀ ਨੇ ਇੱਕ ਸਮੇਂ ਕ੍ਰਿਕਟ ਛੱਡ ਕੇ ਕੈਨੇਡਾ ਜਾਣ ਬਾਰੇ ਸੋਚਿਆ ਸੀ, ਉਹ ਹੁਣ ਭਾਰਤੀ ਸੀਨੀਅਰ ਟੀਮ ਦੀ ਜਰਸੀ ਪਹਿਨਣ ਦੇ ਨੇੜੇ ਪਹੁੰਚ ਗਿਆ ਹੈ।

ਹੁਣ ਨਮਨ ਦੇ ਪ੍ਰਸ਼ੰਸਕਾਂ ਦੀ ਨਜ਼ਰ ਇਸ ਗੱਲ ’ਤੇ ਹੋਵੇਗੀ ਕਿ ਉਸ ਨੂੰ ਵੈਸਟ ਇੰਡੀਜ਼ ਖ਼ਿਲਾਫ਼ ਵਨਡੇਅ ਲੜੀ ਵਿੱਚ ਕਦੋਂ ਮੈਦਾਨ ’ਤੇ ਉਤਰਨ ਦਾ ਮੌਕਾ ਮਿਲਦਾ ਹੈ। ਉਸ ਦੀ ਚੋਣ ਪੰਜਾਬ ਦੇ ਘਰੇਲੂ ਕ੍ਰਿਕਟ ਤੋਂ ਕੌਮਾਂਤਰੀ ਪੱਧਰ ਤੱਕ ਦੇ ਸਫ਼ਰ ਵਿੱਚ ਇੱਕ ਮਹੱਤਵਪੂਰਨ ਪੜਾਅ ਹੈ।

# ਸਿਹਤ-ਸੰਭਾਲ

# ਪਨੀਰ ਖਰੀਦਣ ਤੋਂ ਪਹਿਲਾਂ ਹੋ ਜਾਓ ਸਾਵਧਾਨ, ਹਰ ਸਫ਼ੈਦ ਟੁਕੜਾ ਦੁੱਧ ਤੋਂ ਬਣਿਆ ਪਨੀਰ ਨਹੀਂ

## ਐਨਾਲੌਗ ਪਨੀਰ ਦੀ ਵਿਕਰੀ ਅਤੇ ਵਰਤੋਂ 'ਤੇ ਮੱਧ ਪ੍ਰਦੇਸ਼ ਵਿੱਚ ਪਾਬੰਦੀ; ਖੁੱਲ੍ਹੇ ਪਨੀਰ ਦੀ ਪਛਾਣ ਮੁਸ਼ਕਲ, ਮਾਹਿਰਾਂ ਨੇ ਪੋਸ਼ਣ ਅਤੇ ਵਰਤੇ ਜਾਣ ਵਾਲੇ ਫੈਟ ਸਬੰਧੀ ਚੁੱਕੇ ਸਵਾਲ

ਜਿਹੜਾ ਪਨੀਰ ਅਸੀਂ ਰੋਜ਼ਾਨਾ ਖਾਣੇ ਵਿੱਚ ਵਰਤਦੇ ਹਾਂ, ਕੀ ਉਹ ਸੱਚਮੁੱਚ ਦੁੱਧ ਤੋਂ ਤਿਆਰ ਕੀਤਾ ਗਿਆ ਹੈ ਜਾਂ ਫਿਰ ਦੁੱਧ ਵਾਲੇ ਪਨੀਰ ਵਰਗੀ ਦਿਖਣ ਵਾਲੀ ਕੋਈ ਹੋਰ ਚੀਜ਼ ਹੈ? ਐਨਾਲੌਗ ਪਨੀਰ ਨੂੰ ਲੈ ਕੇ ਹੁਣ ਸਰਕਾਰਾਂ ਅਤੇ ਖੁਰਾਕ ਵਿਭਾਗਾਂ ਦੀ ਨਜ਼ਰ ਵੀ ਇਸ ਮਾਮਲੇ 'ਤੇ ਹੈ।

ਮੱਧ ਪ੍ਰਦੇਸ਼ ਸਰਕਾਰ ਨੇ ਐਨਾਲੌਗ ਪਨੀਰ ਦੇ ਉਤਪਾਦਨ, ਵਿਕਰੀ ਅਤੇ ਵਰਤੋਂ 'ਤੇ ਰੋਕ ਲਗਾ ਦਿੱਤੀ ਹੈ। ਇਸ ਫ਼ੈਸਲੇ ਤੋਂ ਬਾਅਦ ਮੱਧ ਪ੍ਰਦੇਸ਼ ਦੇਸ਼ ਦਾ ਚੌਥਾ ਸੂਬਾ ਬਣ ਗਿਆ ਹੈ, ਜਿੱਥੇ ਐਨਾਲੌਗ ਪਨੀਰ 'ਤੇ ਪਾਬੰਦੀ ਲਗਾਈ ਗਈ ਹੈ। ਇਸ ਤੋਂ ਪਹਿਲਾਂ ਛੱਤੀਸਗੜ੍ਹ, ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਵੀ ਇਸ ਤਰ੍ਹਾਂ ਦੀ ਰੋਕ ਲਗਾਈ ਜਾ ਚੁੱਕੀ ਹੈ। ਮੱਧ ਪ੍ਰਦੇਸ਼ ਸਰਕਾਰ ਨੇ ਇਸ ਕਾਰਵਾਈ ਪਿੱਛੇ ਸਿਹਤ ਸਬੰਧੀ ਚਿੰਤਾਵਾਂ ਨੂੰ ਮੁੱਖ ਕਾਰਨ ਦੱਸਿਆ ਹੈ।

ਖੁਰਾਕ ਵਿਭਾਗ ਦੇ ਅਧਿਕਾਰੀਆਂ ਨੂੰ ਵੱਖ-ਵੱਖ ਇਲਾਕਿਆਂ ਵਿੱਚ ਪਨੀਰ ਬਣਾਉਣ ਵਾਲੀਆਂ ਇਕਾਈਆਂ ਅਤੇ ਫੈਕਟਰੀਆਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜਾਂਚ ਦੌਰਾਨ ਐਨਾਲੌਗ ਪਨੀਰ ਮਿਲਣ 'ਤੇ ਉਸ ਨੂੰ ਜ਼ਬਤ ਕਰਨ ਲਈ ਵੀ ਕਿਹਾ ਗਿਆ ਹੈ।



### ਐਨਾਲੌਗ ਪਨੀਰ ਆਖ਼ਿਰ ਹੁੰਦਾ ਕੀ ਹੈ?

ਰਵਾਇਤੀ ਪਨੀਰ ਦੁੱਧ ਤੋਂ ਤਿਆਰ ਕੀਤਾ ਜਾਂਦਾ ਹੈ। ਦੁੱਧ ਨੂੰ ਕੁਝ ਖੱਟੇ ਪਦਾਰਥਾਂ ਦੀ ਮਦਦ ਨਾਲ ਫਾੜ ਕੇ ਉਸ ਵਿੱਚੋਂ ਪਨੀਰ ਤਿਆਰ ਕੀਤਾ ਜਾਂਦਾ ਹੈ। ਇਸ ਦੇ ਉਲਟ ਐਨਾਲੌਗ ਪਨੀਰ ਨੂੰ ਰਵਾਇਤੀ ਦੁੱਧ ਵਾਲੇ ਪਨੀਰ ਦੇ ਸਸਤੇ ਬਦਲ ਵਜੋਂ ਤਿਆਰ ਕੀਤਾ ਜਾਂਦਾ ਹੈ।

ਇਸ ਵਿੱਚ ਦੁੱਧ ਦੇ ਕੁਝ ਹਿੱਸਿਆਂ ਦੀ ਥਾਂ ਹੋਰ ਪਦਾਰਥ ਵਰਤੇ ਜਾਂਦੇ ਹਨ। ਉਦਾਹਰਨ ਵਜੋਂ ਦੁੱਧ ਤੋਂ ਮਿਲਣ ਵਾਲੀ ਚਰਬੀ ਦੀ ਥਾਂ ਵਨਸਪਤੀ ਤੇਲ ਜਾਂ ਵਨਸਪਤੀ ਫੈਟ ਵਰਤਿਆ ਜਾ ਸਕਦਾ ਹੈ। ਇਸੇ ਤਰ੍ਹਾਂ ਦੁੱਧ ਤੋਂ ਮਿਲਣ ਵਾਲੇ ਪ੍ਰੋਟੀਨ ਦੀ ਥਾਂ ਸੋਇਆ ਜਾਂ ਮਟਰ ਤੋਂ ਮਿਲਣ ਵਾਲੇ ਪ੍ਰੋਟੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਕਈ ਉਤਪਾਦਾਂ ਵਿੱਚ ਸਟਾਰਚ ਅਤੇ ਹੋਰ ਪਦਾਰਥ ਵੀ ਮਿਲਾਏ ਜਾ ਸਕਦੇ ਹਨ। ਇਸ ਨੂੰ ਇਸ ਤਰ੍ਹਾਂ ਤਿਆਰ ਕੀਤਾ ਜਾਂਦਾ ਹੈ ਕਿ ਇਹ ਦੇਖਣ ਵਿੱਚ ਆਮ ਦੁੱਧ ਵਾਲੇ ਪਨੀਰ ਵਰਗਾ ਲੱਗੇ। ਇਸੇ ਕਾਰਨ ਸਿਰਫ਼ ਦੇਖ ਕੇ ਐਨਾਲੌਗ ਪਨੀਰ ਦੀ ਪੱਕੀ ਪਛਾਣ ਕਰਨਾ ਆਸਾਨ ਨਹੀਂ ਹੁੰਦਾ।

ਦੋਵਾਂ ਵਿੱਚ ਮੁੱਖ ਫ਼ਰਕ ਇਹ ਹੈ ਕਿ ਦੁੱਧ ਤੋਂ ਬਣੇ ਪਨੀਰ ਵਿੱਚ ਦੁੱਧ ਦੇ ਕੁਦਰਤੀ ਪੋਸ਼ਕ ਤੱਤ ਹੁੰਦੇ ਹਨ, ਜਦਕਿ ਐਨਾਲੌਗ ਪਨੀਰ ਦੀ ਪੋਸ਼ਣਕਾਰੀ ਬਣਤਰ ਇਸ ਵਿੱਚ ਵਰਤੇ ਗਏ ਬਦਲਵੇਂ ਪਦਾਰਥਾਂ 'ਤੇ ਨਿਰਭਰ ਕਰਦੀ ਹੈ।

### ਸਸਤੀ ਕੀਮਤ ਕਾਰਨ ਵਧਿਆ ਇਸ ਦਾ ਬਾਜ਼ਾਰ

ਐਨਾਲੌਗ ਪਨੀਰ ਦੀ ਵਰਤੋਂ ਵਧਣ ਪਿੱਛੇ ਸਭ ਤੋਂ ਵੱਡਾ ਕਾਰਨ ਘੱਟ ਲਾਗਤ ਅਤੇ ਘੱਟ ਕੀਮਤ ਨੂੰ ਮੰਨਿਆ ਜਾ ਰਿਹਾ ਹੈ।

ਭੋਪਾਲ ਦੇ ਇੱਕ ਵੱਡੇ ਡੇਅਰੀ ਅਤੇ ਪਨੀਰ ਸਪਲਾਇਰ ਸੁਮਿਤ ਜੈਨ ਮੁਤਾਬਕ, ਐਨਾਲੌਗ ਪਨੀਰ ਦੀ ਕੀਮਤ ਡੇਅਰੀ ਪਨੀਰ ਦੇ ਮੁਕਾਬਲੇ ਲਗਭਗ ਅੱਧੀ ਹੁੰਦੀ ਹੈ।

ਉਨ੍ਹਾਂ ਨੇ ਦੱਸਿਆ ਕਿ ਬਾਜ਼ਾਰ ਵਿੱਚ ਸਸਤੀ ਚੀਜ਼ ਦੀ ਮੰਗ ਕਾਫ਼ੀ ਹੁੰਦੀ ਹੈ ਅਤੇ ਪਿਛਲੇ ਕੁਝ ਸਾਲਾਂ ਵਿੱਚ ਐਨਾਲੌਗ ਪਨੀਰ ਨੇ ਹੌਲੀ-ਹੌਲੀ ਆਪਣੀ ਥਾਂ ਬਣਾ ਲਈ ਹੈ। ਉਨ੍ਹਾਂ ਮੁਤਾਬਕ, ਹੋਰ ਸ਼ਹਿਰਾਂ ਵਿੱਚ ਵੀ ਇਸ ਦੀ ਵਿਕਰੀ ਹੋ ਰਹੀ ਹੈ ਅਤੇ ਭੋਪਾਲ ਦੇ ਬਾਜ਼ਾਰ ਵਿੱਚ ਇਸ ਦੀ ਹਿੱਸੇਦਾਰੀ 60 ਤੋਂ 65 ਫ਼ੀਸਦੀ ਤੱਕ ਦੱਸੀ ਜਾਂਦੀ ਸੀ।

ਉਨ੍ਹਾਂ ਦੇ ਅਨੁਸਾਰ, ਪਹਿਲਾਂ ਸਪਲਾਇਰ, ਦੁਕਾਨਦਾਰ ਅਤੇ ਗਾਹਕ ਅਕਸਰ ਇਸ ਗੱਲ ਵੱਲ ਧਿਆਨ ਨਹੀਂ ਦਿੰਦੇ ਸਨ ਕਿ ਪਨੀਰ ਦੁੱਧ ਤੋਂ ਬਣਿਆ ਹੈ ਜਾਂ ਐਨਾਲੌਗ। ਘੱਟ ਕੀਮਤ ਕਾਰਨ ਵੱਡੀ ਮਾਤਰਾ ਵਿੱਚ ਖਾਣਾ ਤਿਆਰ ਕਰਨ ਵਾਲੇ ਕਾਰੋਬਾਰਾਂ ਲਈ ਵੀ ਇਹ ਸਸਤਾ ਬਦਲ ਬਣ ਗਿਆ।

### ਪਾਬੰਦੀ ਤੋਂ ਬਾਅਦ ਰੈਸਟੋਰੈਂਟਾਂ 'ਤੇ ਵੀ ਪਿਆ ਅਸਰ

ਮੱਧ ਪ੍ਰਦੇਸ਼ ਵਿੱਚ ਪਾਬੰਦੀ ਲੱਗਣ ਤੋਂ ਬਾਅਦ ਇਸ ਦਾ ਅਸਰ ਬਾਜ਼ਾਰ ਵਿੱਚ ਵੀ ਦਿਖਾਈ ਦੇ ਰਿਹਾ ਹੈ।

ਭੋਪਾਲ ਦੇ ਇੱਕ ਰੈਸਟੋਰੈਂਟ ਮਾਲਕ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਉਨ੍ਹਾਂ ਦੇ ਰੈਸਟੋਰੈਂਟ ਵਿੱਚ ਪਹਿਲਾਂ ਐਨਾਲੌਗ ਪਨੀਰ ਵਰਤਿਆ ਜਾਂਦਾ ਸੀ, ਪਰ ਪਾਬੰਦੀ ਤੋਂ ਬਾਅਦ ਇਸ ਦੀ ਵਰਤੋਂ ਬੰਦ ਕਰ ਦਿੱਤੀ ਗਈ ਹੈ।

ਉਨ੍ਹਾਂ ਮੁਤਾਬਕ ਹੁਣ ਗਾਹਕ ਪਨੀਰ ਦਾ ਆਰਡਰ ਦੇਣ ਤੋਂ ਪਹਿਲਾਂ ਪੁੱਛ ਰਹੇ ਹਨ ਕਿ ਪਨੀਰ ਦੁੱਧ ਵਾਲਾ ਹੈ ਜਾਂ ਐਨਾਲੌਗ। ਪਾਬੰਦੀ ਤੋਂ ਬਾਅਦ ਡੇਅਰੀ ਪਨੀਰ ਦੀ ਸਪਲਾਈ ਵਿੱਚ ਕਮੀ ਵੀ ਮਹਿਸੂਸ ਹੋ ਰਹੀ ਹੈ ਅਤੇ ਕਈ ਵਾਰ ਪਨੀਰ ਉਪਲਬਧ ਨਾ ਹੋਣ ਕਾਰਨ ਗਾਹਕਾਂ ਦੇ ਆਰਡਰ ਪੂਰੇ ਕਰਨ ਵਿੱਚ ਮੁਸ਼ਕਲ ਆ ਰਹੀ ਹੈ।

### ਮਾਹਿਰਾਂ ਨੇ ਪੋਸ਼ਣ ਮੁੱਲ 'ਤੇ ਚੁੱਕੇ ਸਵਾਲ

ਗੁਜਰਾਤ ਵਿੱਚ ਪਨੀਰ ਦੀ ਜਾਂਚ ਨਾਲ ਜੁੜੇ ਰਹੇ ਸਾਬਕਾ ਖੁਰਾਕ ਅਤੇ ਦਵਾਈ ਕਮਿਸ਼ਨਰ ਐੱਚ. ਜੀ. ਕੋਸ਼ੀਆ ਨੇ ਕਿਹਾ ਕਿ ਦੁੱਧ ਤੋਂ ਬਣਿਆ ਪਨੀਰ ਅਤੇ ਐਨਾਲੌਗ ਪਨੀਰ ਇੱਕੋ ਚੀਜ਼ ਨਹੀਂ ਹਨ।

ਉਨ੍ਹਾਂ ਮੁਤਾਬਕ ਦੁੱਧ ਵਾਲੇ ਪਨੀਰ ਵਿੱਚ ਪ੍ਰੋਟੀਨ ਅਤੇ ਕੈਲਸ਼ੀਅਮ ਵਰਗੇ ਪੋਸ਼ਕ ਤੱਤ ਹੁੰਦੇ ਹਨ, ਜਦਕਿ ਐਨਾਲੌਗ ਪਨੀਰ ਵਿੱਚ ਦੁੱਧ ਦੀ ਥਾਂ ਵਨਸਪਤੀ ਤੇਲ ਤੋਂ ਬਣੀ ਚਰਬੀ ਦੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਇਸ ਦੀ ਪੋਸ਼ਣਕਾਰੀ ਕੀਮਤ ਵਰਤੇ ਗਏ ਪਦਾਰਥਾਂ 'ਤੇ ਨਿਰਭਰ ਕਰਦੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਐਨਾਲੌਗ ਪਨੀਰ ਖਾਣ ਯੋਗ ਹੋ ਸਕਦਾ ਹੈ, ਪਰ ਇਸ ਨੂੰ ਰਵਾਇਤੀ ਦੁੱਧ ਵਾਲਾ ਪਨੀਰ ਨਹੀਂ ਮੰਨਿਆ ਜਾ ਸਕਦਾ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪ੍ਰਿਆਂਕ ਨੇ ਵੀ ਐਨਾਲੌਗ ਪਨੀਰ ਦੇ ਪੋਸ਼ਣ ਮੁੱਲ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਕਮਿਸ਼ਨ ਨੇ ਸਾਰੇ ਸੂਬਿਆਂ ਅਤੇ ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ ਤੋਂ ਇਸ ਸਬੰਧੀ ਜਾਣਕਾਰੀ ਮੰਗੀ ਹੈ।

ਉਨ੍ਹਾਂ ਵੱਲੋਂ ਇਹ ਸਵਾਲ ਵੀ ਚੁੱਕਿਆ ਗਿਆ ਕਿ ਜਦੋਂ ਇਹ ਰਵਾਇਤੀ ਪਨੀਰ ਨਹੀਂ ਹੈ ਤਾਂ ਇਸ ਨੂੰ ਐਨਾਲੌਗ ਪਨੀਰ ਦੇ ਨਾਮ ਨਾਲ ਕਿਉਂ ਵੇਚਿਆ ਜਾ ਰਿਹਾ ਹੈ ਅਤੇ ਇਹ ਦੇਸ਼ ਦੀਆਂ ਕਿਹੜੀਆਂ ਪੋਸ਼ਣ ਸਬੰਧੀ ਲੋੜਾਂ ਨੂੰ ਪੂਰਾ ਕਰਦਾ ਹੈ।

ਉਨ੍ਹਾਂ ਨੇ ਇਹ ਚਿੰਤਾ ਵੀ ਪ੍ਰਗਟਾਈ ਕਿ ਬਾਜ਼ਾਰ ਵਿੱਚ ਐਨਾਲੌਗ ਉਤਪਾਦਾਂ ਦੀ ਵਧਦੀ ਥਾਂ ਦਾ ਅਸਰ ਡੇਅਰੀ ਖੇਤਰ ਨਾਲ ਜੁੜੇ ਛੋਟੇ ਕਿਸਾਨਾਂ 'ਤੇ ਪੈ ਸਕਦਾ ਹੈ।

ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਖੁਰਾਕ ਸੁਰੱਖਿਆ ਅਥਾਰਟੀ ਤੋਂ ਐਨਾਲੌਗ ਪਨੀਰ ਦੀ ਬਣਤਰ, ਪੋਸ਼ਣ ਮੁੱਲ, ਸਿਹਤ ਸਬੰਧੀ ਚਿੰਤਾਵਾਂ ਅਤੇ ਇਸ ਦੀ ਜਾਂਚ ਦੇ ਤਰੀਕਿਆਂ ਬਾਰੇ ਜਵਾਬ ਮੰਗਿਆ ਹੈ। ਕਮਿਸ਼ਨ ਨੇ ਸੂਬਿਆਂ ਤੋਂ ਇਸ ਦੇ ਉਤਪਾਦਨ, ਸਪਲਾਈ, ਵਿਕਰੀ, ਨਮੂਨੇ ਲੈਣ ਅਤੇ ਕੀਤੀ ਗਈ ਕਾਰਵਾਈ ਦੀ ਜਾਣਕਾਰੀ ਵੀ ਮੰਗੀ ਹੈ।

### ਐਨਾਲੌਗ ਪਨੀਰ ਦੀ ਪਛਾਣ ਕਿਵੇਂ ਕਰੀਏ?

ਪੈਕੇਟ ਵਿੱਚ ਬੰਦ ਪਨੀਰ ਦੀ ਪਛਾਣ ਕਰਨ ਲਈ ਸਭ ਤੋਂ ਪਹਿਲਾਂ ਉਸ ਦਾ ਲੇਬਲ ਅਤੇ ਸਮੱਗਰੀ ਦੀ ਸੂਚੀ ਪੜ੍ਹਨਾ ਮਹੱਤਵਪੂਰਨ ਹੈ।

ਜੇਕਰ ਸਮੱਗਰੀ ਵਿੱਚ ਵਨਸਪਤੀ ਤੇਲ, ਵਨਸਪਤੀ ਫੈਟ, ਸੋਇਆ ਪ੍ਰੋਟੀਨ, ਮਟਰ ਪ੍ਰੋਟੀਨ ਜਾਂ ਹੋਰ ਗੈਰ-ਦੁੱਧ ਵਾਲੇ ਪਦਾਰਥ ਦਰਜ ਹਨ ਤਾਂ ਇਹ ਰਵਾਇਤੀ ਦੁੱਧ ਵਾਲੇ ਪਨੀਰ ਤੋਂ ਵੱਖ ਉਤਪਾਦ ਹੈ।

ਪਰ ਖੁੱਲ੍ਹੇ ਵਿੱਚ ਵਿਕਣ ਵਾਲੇ ਪਨੀਰ ਦੀ ਪਛਾਣ ਕਰਨਾ ਕਾਫ਼ੀ ਮੁਸ਼ਕਲ ਹੈ। ਸਿਰਫ਼ ਰੰਗ, ਖੁਸ਼ਬੂ, ਮੁਲਾਇਮਪਨ ਜਾਂ ਬਣਤਰ ਦੇਖ ਕੇ ਇਹ ਪੱਕੇ ਤੌਰ 'ਤੇ ਨਹੀਂ ਦੱਸਿਆ ਜਾ ਸਕਦਾ ਕਿ ਪਨੀਰ ਐਨਾਲੌਗ ਹੈ ਜਾਂ ਨਹੀਂ।

ਸੋਸ਼ਲ ਮੀਡੀਆ ਅਤੇ ਇੰਟਰਨੈੱਟ 'ਤੇ ਆਇਓਡੀਨ ਜਾਂਚ ਨੂੰ ਲੈ ਕੇ ਵੀ ਕਈ ਦਾਅਵੇ ਕੀਤੇ ਜਾ ਰਹੇ ਹਨ। ਕਿਹਾ ਜਾਂਦਾ ਹੈ ਕਿ ਪਨੀਰ ਦੇ ਨਮੂਨੇ ਵਿੱਚ ਆਇਓਡੀਨ ਪਾਉਣ ਤੋਂ ਬਾਅਦ ਜੇਕਰ ਉਸ ਦਾ ਰੰਗ ਨੀਲਾ ਜਾਂ ਨੀਲਾ-ਕਾਲਾ ਹੋ ਜਾਵੇ ਤਾਂ ਇਹ ਸਟਾਰਚ ਦੀ ਮੌਜੂਦਗੀ ਦਾ ਸੰਕੇਤ ਹੋ ਸਕਦਾ ਹੈ।

ਪਰ ਆਇਓਡੀਨ ਜਾਂਚ ਐਨਾਲੌਗ ਪਨੀਰ ਦੀ ਪਛਾਣ ਕਰਨ ਵਾਲੀ ਪੱਕੀ ਜਾਂਚ ਨਹੀਂ ਹੈ। ਕਿਸੇ ਐਨਾਲੌਗ ਪਨੀਰ ਵਿੱਚ ਸਟਾਰਚ ਹੋ ਸਕਦਾ ਹੈ ਅਤੇ ਇਹ ਵੀ ਸੰਭਵ ਹੈ ਕਿ ਸਟਾਰਚ ਨਾ ਹੋਵੇ। ਇਸ ਲਈ ਰੰਗ ਬਦਲਣ ਨਾਲ ਸਿਰਫ਼ ਸਟਾਰਚ ਦੀ ਮੌਜੂਦਗੀ ਦਾ ਸੰਕੇਤ ਮਿਲ ਸਕਦਾ ਹੈ, ਇਸ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਪਨੀਰ ਐਨਾਲੌਗ ਹੀ ਹੈ।

ਇਸੇ ਤਰ੍ਹਾਂ ਜੇਕਰ ਪਨੀਰ ਨੂੰ ਗਰਮ ਕਰਨ ਜਾਂ ਤਲਣ ਸਮੇਂ ਉਹ ਬਹੁਤ ਜ਼ਿਆਦਾ ਤੇਲ ਛੱਡੇ, ਰਬੜ ਵਰਗਾ ਬਣਿਆ ਰਹੇ ਜਾਂ ਬਹੁਤ ਜ਼ਿਆਦਾ ਸੁੰਗੜ ਜਾਵੇ ਤਾਂ ਇਹ ਆਮ ਪਨੀਰ ਤੋਂ ਵੱਖ ਬਣਤਰ ਹੋਣ ਦਾ ਸੰਕੇਤ ਹੋ ਸਕਦਾ ਹੈ। ਪਰ ਇਨ੍ਹਾਂ ਲੱਛਣਾਂ ਦੇ ਆਧਾਰ 'ਤੇ ਵੀ ਇਹ ਪੱਕਾ ਨਹੀਂ ਕਿਹਾ ਜਾ ਸਕਦਾ ਕਿ ਉਹ ਐਨਾਲੌਗ ਪਨੀਰ ਹੀ ਹੈ ਜਾਂ ਸਿਹਤ ਲਈ ਅਸੁਰੱਖਿਅਤ ਹੈ।

ਪੱਕੀ ਪਛਾਣ ਲਈ ਪ੍ਰਯੋਗਸ਼ਾਲਾ ਵਿੱਚ ਜਾਂਚ ਕਰਵਾਉਣਾ ਵਧੇਰੇ ਭਰੋਸੇਮੰਦ ਤਰੀਕਾ ਹੈ।

### ਸਿਹਤ ਨੂੰ ਲੈ ਕੇ ਕੀ ਚਿੰਤਾਵਾਂ ਹਨ?

ਐਨਾਲੌਗ ਪਨੀਰ ਸਬੰਧੀ ਚਰਚਾ ਵਿੱਚ ਸਭ ਤੋਂ ਵੱਡੇ ਸਵਾਲ ਇਸ ਦੇ ਪੋਸ਼ਣ ਮੁੱਲ ਅਤੇ ਇਸ ਵਿੱਚ ਵਰਤੇ ਜਾਣ ਵਾਲੇ ਫੈਟ ਅਤੇ ਹੋਰ ਪਦਾਰਥਾਂ ਨੂੰ ਲੈ ਕੇ ਹਨ।

ਭੋਪਾਲ ਦੇ ਗਾਂਧੀ ਮੈਡੀਕਲ ਕਾਲਜ ਦੇ ਦਿਲ ਦੇ ਰੋਗ ਵਿਭਾਗ ਨਾਲ ਜੁੜੇ ਡਾਕਟਰ ਅਜੇ ਸ਼ਰਮਾ ਨੇ ਬੀਬੀਸੀ ਨੂੰ ਦੱਸਿਆ ਕਿ ਕੁਝ ਐਨਾਲੌਗ ਉਤਪਾਦਾਂ ਵਿੱਚ ਵਰਤੇ ਜਾਣ ਵਾਲੇ ਟ੍ਰਾਂਸ ਫੈਟ ਅਤੇ ਹੋਰ ਪਦਾਰਥ ਲੰਬੇ ਸਮੇਂ ਵਿੱਚ ਕੋਲੇਸਟ੍ਰੋਲ ਅਤੇ ਦਿਲ ਦੀ ਸਿਹਤ ਨਾਲ ਜੁੜੇ ਖ਼ਤਰਿਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਉਨ੍ਹਾਂ ਨੇ ਹਾਈਡ੍ਰੋਜਨੇਟਿਡ ਫੈਟ ਅਤੇ ਹੋਰ ਰਸਾਇਣਕ ਪਦਾਰਥਾਂ ਦੀ ਵਰਤੋਂ ਨੂੰ ਲੈ ਕੇ ਵੀ ਚਿੰਤਾ ਜਤਾਈ।

ਗੁਜਰਾਤ ਦੇ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਤੇਜਸ ਪਟੇਲ ਨੇ ਵੀ ਵਨਸਪਤੀ ਤੇਲ ਤੋਂ ਬਣੀ ਚਰਬੀ ਸਬੰਧੀ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਮੁਤਾਬਕ, ਕੁਝ ਤੱਤ ਲੰਬੇ ਸਮੇਂ ਵਿੱਚ ਦਿਲ ਤੱਕ ਖ਼ੂਨ ਪਹੁੰਚਾਉਣ ਵਾਲੀਆਂ ਨਾੜੀਆਂ ਨਾਲ ਜੁੜੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੇ ਹਨ।

ਗੱਲਬਾਤ ਕਰਦਿਆਂ ਡਾਕਟਰ ਰਾਜੇਸ਼ ਸ਼ਾਹ ਨੇ ਕਿਹਾ ਕਿ ਐਨਾਲੌਗ ਪਨੀਰ ਤੋਂ ਬਣੇ ਖਾਣੇ ਵਿੱਚ ਸਵਾਦ ਵਧਾਉਣ ਲਈ ਸੋਡੀਅਮ ਦੀ ਵੱਧ ਮਾਤਰਾ ਵਰਤੀ ਜਾ ਸਕਦੀ ਹੈ, ਜਿਸ ਨਾਲ ਕੁਝ ਲੋਕਾਂ ਵਿੱਚ ਬਲੱਡ ਪ੍ਰੈਸ਼ਰ ਵਧਣ ਦਾ ਖ਼ਤਰਾ ਹੋ ਸਕਦਾ ਹੈ।

ਹਾਲਾਂਕਿ, ਐਨਾਲੌਗ ਪਨੀਰ ਅਤੇ ਮਿਲਾਵਟੀ ਜਾਂ ਘਟੀਆ ਪਨੀਰ ਨੂੰ ਇੱਕੋ ਚੀਜ਼ ਮੰਨਣਾ ਠੀਕ ਨਹੀਂ ਹੋਵੇਗਾ। ਹਰ ਐਨਾਲੌਗ ਪਨੀਰ ਨੂੰ ਜ਼ਹਿਰੀਲਾ ਜਾਂ ਅਸੁਰੱਖਿਅਤ ਕਹਿਣਾ ਵੀ ਸਹੀ ਨਹੀਂ ਹੈ। ਸਿਹਤ 'ਤੇ ਅਸਰ ਇਸ ਗੱਲ 'ਤੇ ਨਿਰਭਰ ਕਰ ਸਕਦਾ ਹੈ ਕਿ ਇਸ ਵਿੱਚ ਕਿਹੜੇ ਫੈਟ ਅਤੇ ਹੋਰ ਪਦਾਰਥ ਵਰਤੇ ਗਏ ਹਨ, ਉਨ੍ਹਾਂ ਦੀ ਮਾਤਰਾ ਕਿੰਨੀ ਹੈ ਅਤੇ ਉਤਪਾਦ ਦਾ ਕਿੰਨੀ ਮਾਤਰਾ ਅਤੇ ਕਿੰਨੇ ਸਮੇਂ ਤੱਕ ਸੇਵਨ ਕੀਤਾ ਜਾਂਦਾ ਹੈ।

### ਕੁਝ ਨਮੂਨਿਆਂ ਵਿੱਚ ਹੋਰ ਪਦਾਰਥਾਂ ਦੇ ਦਾਅਵੇ

ਗੁਜਰਾਤ ਵਿੱਚ ਪਨੀਰ ਦੀ ਜਾਂਚ ਨਾਲ ਜੁੜੇ ਰਹੇ ਡਾਕਟਰ ਅਤੁਲ ਸੋਨੀ ਨੇ ਕੁਝ ਨਮੂਨਿਆਂ ਵਿੱਚ ਯੂਰੀਆ, ਡਿਟਰਜੈਂਟ ਪਾਊਡਰ, ਕਾਸਟਿਕ ਸੋਡਾ ਅਤੇ ਸਸਤੇ ਵਨਸਪਤੀ ਤੇਲ ਵਰਗੇ ਪਦਾਰਥਾਂ ਦੀ ਵਰਤੋਂ ਹੋਣ ਦੀ ਗੱਲ ਕਹੀ ਹੈ।

ਇਸ ਕਾਰਨ ਮਾਹਿਰਾਂ ਮੁਤਾਬਕ ਸਵਾਲ ਸਿਰਫ਼ ਇਹ ਨਹੀਂ ਕਿ ਪਨੀਰ ਦੁੱਧ ਤੋਂ ਬਣਿਆ ਹੈ ਜਾਂ ਨਹੀਂ। ਇਹ ਜਾਣਨਾ ਵੀ ਜ਼ਰੂਰੀ ਹੈ ਕਿ ਦੁੱਧ ਦੀ ਥਾਂ ਵਰਤੇ ਗਏ ਪਦਾਰਥ ਕਿਹੜੇ ਹਨ, ਉਨ੍ਹਾਂ ਦੀ ਗੁਣਵੱਤਾ ਕੀ ਹੈ ਅਤੇ ਉਨ੍ਹਾਂ ਦੀ ਕਿੰਨੀ ਮਾਤਰਾ ਵਰਤੀ ਗਈ ਹੈ।

ਮੱਧ ਪ੍ਰਦੇਸ਼ ਵਿੱਚ ਪਾਬੰਦੀ ਤੋਂ ਬਾਅਦ ਖੁਰਾਕ ਵਿਭਾਗ ਵੱਲੋਂ ਵੱਖ-ਵੱਖ ਥਾਵਾਂ 'ਤੇ ਪਨੀਰ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਐਨਾਲੌਗ ਪਨੀਰ ਮਿਲਣ 'ਤੇ ਉਸ ਨੂੰ ਜ਼ਬਤ ਕਰਨ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ।

ਆਮ ਖਪਤਕਾਰ ਲਈ ਇਸ ਪੂਰੇ ਮਾਮਲੇ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ ਪਨੀਰ ਵਰਗਾ ਦਿਖਾਈ ਦੇਣ ਵਾਲਾ ਹਰ ਉਤਪਾਦ ਲਾਜ਼ਮੀ ਤੌਰ 'ਤੇ ਦੁੱਧ ਤੋਂ ਬਣਿਆ ਰਵਾਇਤੀ ਪਨੀਰ ਨਹੀਂ ਹੁੰਦਾ। ਪੈਕੇਟ ਵਾਲੇ ਪਨੀਰ ਦੀ ਖਰੀਦ ਸਮੇਂ ਲੇਬਲ ਅਤੇ ਸਮੱਗਰੀ ਦੀ ਸੂਚੀ ਪੜ੍ਹਨੀ ਚਾਹੀਦੀ ਹੈ, ਜਦਕਿ ਖੁੱਲ੍ਹੇ ਪਨੀਰ ਦੀ ਪੱਕੀ ਪਛਾਣ ਲਈ ਸਿਰਫ਼ ਘਰੇਲੂ ਤਰੀਕਿਆਂ ਦੀ ਬਜਾਏ ਪ੍ਰਮਾਣਿਤ ਜਾਂਚ ਨੂੰ ਤਰਜੀਹ ਦੇਣੀ ਚਾਹੀਦੀ ਹੈ।

# ਨਾਰੀਅਲ ਪਾਣੀ ਰੋਜ਼ ਪੀਣਾ ਹਰ ਕਿਸੇ ਲਈ ਸੁਰੱਖਿਅਤ ਨਹੀਂ, ਇਨ੍ਹਾਂ ਲੋਕਾਂ ਨੂੰ ਰਹਿਣਾ ਚਾਹੀਦਾ ਸਾਵਧਾਨ

**ਪੋਟੈਸ਼ੀਅਮ ਅਤੇ ਹੋਰ ਖਣਿਜਾਂ ਨਾਲ ਭਰਪੂਰ ਨਾਰੀਅਲ ਪਾਣੀ ਸਰੀਰ ਵਿੱਚ ਪਾਣੀ ਦੀ ਕਮੀ ਪੂਰੀ ਕਰਨ ਵਿੱਚ ਮਦਦਗਾਰ; ਪਰ ਕਿਡਨੀ ਦੀ ਬਿਮਾਰੀ, ਦਿਲ ਦੀ ਸਮੱਸਿਆ ਜਾਂ ਪੋਟੈਸ਼ੀਅਮ ਵਧਾਉਣ ਵਾਲੀਆਂ ਦਵਾਈਆਂ ਲੈਣ ਵਾਲਿਆਂ ਲਈ ਸਾਵਧਾਨੀ ਜ਼ਰੂਰੀ**

ਮੌਸਮ ਗਰਮ ਹੋਵੇ ਜਾਂ ਠੰਢਾ, ਸਰੀਰ ਵਿੱਚ ਪਾਣੀ ਦੀ ਕਮੀ ਪੂਰੀ ਕਰਨ ਲਈ ਬਹੁਤ ਸਾਰੇ ਲੋਕ ਨਾਰੀਅਲ ਪਾਣੀ ਪੀਣਾ ਪਸੰਦ ਕਰਦੇ ਹਨ। ਬਿਮਾਰੀ ਦੌਰਾਨ ਵੀ ਇਹ ਕਈ ਲੋਕਾਂ ਦੀ ਪਹਿਲੀ ਪਸੰਦ ਬਣ ਜਾਂਦਾ ਹੈ। ਹੁਣ ਬਾਜ਼ਾਰ ਵਿੱਚ ਤਾਜ਼ੇ ਨਾਰੀਅਲ ਪਾਣੀ ਤੋਂ ਇਲਾਵਾ ਬੋਤਲਾਂ ਅਤੇ ਪੈਕਟਾਂ ਵਿੱਚ ਵੀ ਨਾਰੀਅਲ ਪਾਣੀ ਮਿਲਣ ਲੱਗ ਪਿਆ ਹੈ।

ਨਾਰੀਅਲ ਪਾਣੀ ਦੀ ਕੁਦਰਤੀ ਮਿਠਾਸ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਨੂੰ ਪਸੰਦ ਆਉਂਦੀ ਹੈ। ਇਸ ਵਿੱਚ ਕਈ ਜ਼ਰੂਰੀ ਖਣਿਜ ਅਤੇ ਪੋਸ਼ਕ ਤੱਤ ਹੁੰਦੇ ਹਨ, ਜਿਸ ਕਾਰਨ ਇਸ ਨੂੰ ਸਿਹਤ ਲਈ ਲਾਭਦਾਇਕ ਪੇਅ ਮੰਨਿਆ ਜਾਂਦਾ ਹੈ। ਹਾਲਾਂਕਿ, ਸਿਹਤ ਮਾਹਿਰਾਂ ਮੁਤਾਬਕ ਹਰ ਵਿਅਕਤੀ ਲਈ ਨਾਰੀਅਲ ਪਾਣੀ ਦੀ ਇੱਕੋ ਜਿਹੀ ਮਾਤਰਾ ਢੁੱਕਵੀਂ ਨਹੀਂ ਹੁੰਦੀ ਅਤੇ ਕੁਝ ਲੋਕਾਂ ਨੂੰ ਇਸ ਦੇ ਸੇਵਨ ਸਮੇਂ ਖ਼ਾਸ ਸਾਵਧਾਨੀ ਵਰਤਣੀ ਚਾਹੀਦੀ ਹੈ।

### ਕੁਦਰਤੀ ਤੌਰ 'ਤੇ ਇਲੈਕਟ੍ਰੋਲਾਈਟਾਂ ਨਾਲ ਭਰਪੂਰ

ਭਾਰਤ ਵਿੱਚ ਵੱਡੇ ਪੱਧਰ 'ਤੇ ਨਾਰੀਅਲ ਦੀ ਖੇਤੀ ਕੀਤੀ ਜਾਂਦੀ ਹੈ, ਖ਼ਾਸ ਕਰਕੇ ਦੱਖਣੀ ਭਾਰਤ ਵਿੱਚ। ਕੇਂਦਰ ਸਰਕਾਰ ਦੇ ਅੰਕੜਿਆਂ ਅਨੁਸਾਰ, ਦੁਨੀਆ ਦੇ ਕੁੱਲ ਨਾਰੀਅਲ ਉਤਪਾਦਨ ਵਿੱਚ ਭਾਰਤ ਦਾ ਮਹੱਤਵਪੂਰਨ ਹਿੱਸਾ ਹੈ ਅਤੇ ਦੇਸ਼ ਵਿੱਚ ਲਗਭਗ ਇੱਕ ਕਰੋੜ ਕਿਸਾਨਾਂ ਸਮੇਤ ਤਿੰਨ ਕਰੋੜ ਲੋਕਾਂ ਦੀ ਰੋਜ਼ੀ-ਰੋਟੀ ਨਾਰੀਅਲ ਦੀ ਖੇਤੀ ਅਤੇ ਇਸ ਨਾਲ ਜੁੜੇ ਕੰਮਾਂ 'ਤੇ ਨਿਰਭਰ ਹੈ।

ਖੁਰਾਕ ਮਾਹਿਰ ਰੇਸ਼ਮਾ ਅਲੀਮ ਮੁਤਾਬਕ, ਨਾਰੀਅਲ ਪਾਣੀ ਕੁਦਰਤੀ ਇਲੈਕਟ੍ਰੋਲਾਈਟ ਪੇਅ ਹੈ। ਇਲੈਕਟ੍ਰੋਲਾਈਟ ਅਜਿਹੇ ਖਣਿਜ ਹੁੰਦੇ ਹਨ ਜੋ ਸਰੀਰ ਵਿੱਚ ਪਾਣੀ ਅਤੇ ਹੋਰ ਜ਼ਰੂਰੀ ਤੱਤਾਂ ਦਾ ਸੰਤੁਲਨ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ।

ਨਾਰੀਅਲ ਪਾਣੀ ਵਿੱਚ ਦੂਜੇ ਕਈ ਫਲਾਂ ਦੇ ਰਸਾਂ ਦੇ ਮੁਕਾਬਲੇ ਕੈਲੋਰੀ ਘੱਟ ਹੁੰਦੀ ਹੈ। ਇਸ ਵਿੱਚ ਪੋਟੈਸ਼ੀਅਮ ਦੀ ਮਾਤਰਾ ਚੰਗੀ ਹੁੰਦੀ ਹੈ ਅਤੇ ਆਮ ਤੌਰ 'ਤੇ ਉੱਪਰੋਂ ਖੰਡ ਨਹੀਂ ਮਿਲਾਈ ਜਾਂਦੀ। ਇਸ ਕਾਰਨ ਇਹ ਸਰੀਰ ਨੂੰ ਤਰੋਤਾਜ਼ਾ ਰੱਖਣ ਅਤੇ ਪਾਣੀ ਦੀ ਕਮੀ ਪੂਰੀ ਕਰਨ ਵਿੱਚ ਮਦਦ ਕਰ ਸਕਦਾ ਹੈ।

ਮਾਹਿਰਾਂ ਅਨੁਸਾਰ, ਹਰ ਵਿਅਕਤੀ ਨੂੰ ਵੱਖਰੇ ਤੌਰ 'ਤੇ ਵਾਧੂ ਇਲੈਕਟ੍ਰੋਲਾਈਟ ਪੇਅ ਦੀ ਲੋੜ ਨਹੀਂ ਹੁੰਦੀ। ਕੁਝ ਇਲੈਕਟ੍ਰੋਲਾਈਟ ਪੇਅ ਵਿੱਚ ਪੋਟੈਸ਼ੀਅਮ ਅਤੇ ਸੋਡੀਅਮ ਦੀ ਮਾਤਰਾ ਜ਼ਿਆਦਾ ਹੋ ਸਕਦੀ ਹੈ, ਜਿਨ੍ਹਾਂ ਦੀ ਲੋੜ ਖ਼ਾਸ ਤੌਰ 'ਤੇ ਬਹੁਤ ਜ਼ਿਆਦਾ ਸਰੀਰਕ ਮਿਹਨਤ ਕਰਨ ਵਾਲੇ ਲੋਕਾਂ ਨੂੰ ਪੈ ਸਕਦੀ ਹੈ।

### ਹਰੇ ਅਤੇ ਸੁੱਕੇ ਨਾਰੀਅਲ ਦੇ ਪਾਣੀ ਵਿੱਚ ਕੀ ਫ਼ਰਕ ਹੈ?

ਨਾਰੀਅਲ ਪਾਣੀ ਵਿੱਚ ਪੋਟੈਸ਼ੀਅਮ, ਸੋਡੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਜ਼ਿੰਕ ਅਤੇ ਲੋਹੇ ਵਰਗੇ ਕਈ ਖਣਿਜ ਮਿਲਦੇ ਹਨ। ਇਨ੍ਹਾਂ ਵਿੱਚ ਪੋਟੈਸ਼ੀਅਮ ਦੀ ਮਾਤਰਾ ਖ਼ਾਸ ਤੌਰ 'ਤੇ ਵੱਧ ਹੁੰਦੀ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ ਦੇ ਅੰਕੜਿਆਂ ਮੁਤਾਬਕ, ਹਰ 100 ਗ੍ਰਾਮ ਨਾਰੀਅਲ ਪਾਣੀ ਵਿੱਚ ਲਗਭਗ 250 ਮਿਲੀਗ੍ਰਾਮ ਪੋਟੈਸ਼ੀਅਮ ਅਤੇ 100 ਮਿਲੀਗ੍ਰਾਮ ਸੋਡੀਅਮ ਹੋ ਸਕਦਾ ਹੈ।

ਅਮਰੀਕਾ ਦੀ ਨੈਸ਼ਨਲ ਲਾਇਬ੍ਰੇਰੀ ਆਫ਼ ਮੈਡੀਸਿਨ ਵਿੱਚ ਪ੍ਰਕਾਸ਼ਿਤ ਇੱਕ ਅਧਿਐਨ ਮੁਤਾਬਕ, ਨਾਰੀਅਲ ਪਾਣੀ ਵਿੱਚ ਲਗਭਗ 95.5 ਫ਼ੀਸਦੀ ਪਾਣੀ, 0.1 ਫ਼ੀਸਦੀ ਚਰਬੀ, ਚਾਰ ਫ਼ੀਸਦੀ ਕਾਰਬੋਹਾਈਡ੍ਰੇਟ, 0.02 ਫ਼ੀਸਦੀ ਕੈਲਸ਼ੀਅਮ ਅਤੇ 0.01 ਫ਼ੀਸਦੀ ਫ਼ਾਸਫ਼ੋਰਸ ਹੁੰਦਾ ਹੈ।

ਇਸ ਤੋਂ ਇਲਾਵਾ ਇਸ ਵਿੱਚ ਕੁਝ ਐਮੀਨੋ ਐਸਿਡ, ਵਿਟਾਮਿਨ ਬੀ ਸਮੂਹ, ਵਿਟਾਮਿਨ ਸੀ ਅਤੇ ਹੋਰ ਜ਼ਰੂਰੀ ਖਣਿਜ ਵੀ ਮਿਲਦੇ ਹਨ। ਅਧਿਐਨਾਂ ਵਿੱਚ ਨਾਰੀਅਲ ਪਾਣੀ ਵਿੱਚ ਕੁਦਰਤੀ ਤੌਰ 'ਤੇ ਮੌਜੂਦ ਪੌਧਿਆਂ ਤੋਂ ਮਿਲਣ ਵਾਲੇ ਕਈ ਲਾਭਦਾਇਕ ਪੋਸ਼ਕ ਤੱਤਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ।

ਨਾਰੀਅਲ ਜਿਵੇਂ-ਜਿਵੇਂ ਪੱਕ ਕੇ ਸੁੱਕਦਾ ਜਾਂਦਾ ਹੈ, ਉਸ ਦੇ ਅੰਦਰ ਪਾਣੀ ਦੀ ਮਾਤਰਾ ਘਟਦੀ ਜਾਂਦੀ ਹੈ ਅਤੇ ਪਾਣੀ ਵਿੱਚ ਮੌਜੂਦ ਰਸਾਇਣਕ ਤੱਤਾਂ ਵਿੱਚ ਵੀ ਤਬਦੀਲੀ ਆਉਂਦੀ ਹੈ। ਪਾਣੀ ਵਿੱਚ ਘੁਲੇ ਠੋਸ ਪਦਾਰਥਾਂ, ਖਣਿਜਾਂ ਅਤੇ ਹੋਰ ਤੱਤਾਂ ਦੀ ਮਾਤਰਾ ਬਦਲਦੀ ਹੈ, ਜਦਕਿ ਚਰਬੀ ਅਤੇ ਪ੍ਰੋਟੀਨ ਦੀ ਮਾਤਰਾ ਵਧਣ ਲੱਗਦੀ ਹੈ।

### ਕਸਰਤ ਕਰਨ ਵਾਲਿਆਂ ਲਈ ਕੀ ਸਿਰਫ਼ ਨਾਰੀਅਲ ਪਾਣੀ ਕਾਫ਼ੀ ਹੈ?

ਨਾਰੀਅਲ ਪਾਣੀ ਵਿੱਚ ਕਾਰਬੋਹਾਈਡ੍ਰੇਟ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਇਹ ਸਰੀਰ ਵਿੱਚ ਪਾਣੀ ਦੀ ਕਮੀ ਪੂਰੀ ਕਰਨ ਲਈ ਮਦਦਗਾਰ ਹੋ ਸਕਦਾ ਹੈ। ਇਸ ਕਾਰਨ ਇਸ ਨੂੰ ਕੁਦਰਤੀ ਇਲੈਕਟ੍ਰੋਲਾਈਟ ਪੇਅ ਵਜੋਂ ਵਰਤਿਆ ਜਾਂਦਾ ਹੈ।

ਇੱਕ ਅਧਿਐਨ ਮੁਤਾਬਕ, ਸਹੀ ਮਾਤਰਾ ਵਿੱਚ ਨਾਰੀਅਲ ਪਾਣੀ ਪੀਣ ਨਾਲ ਸਰੀਰ ਵਿੱਚ ਪਾਣੀ ਅਤੇ ਕੁਝ ਜ਼ਰੂਰੀ ਪੋਸ਼ਕ ਤੱਤਾਂ ਦੀ ਪੂਰਤੀ ਵਿੱਚ ਮਦਦ ਮਿਲ ਸਕਦੀ ਹੈ।

ਹਾਲਾਂਕਿ, ਖੁਰਾਕ ਮਾਹਿਰ ਰੇਸ਼ਮਾ ਅਲੀਮ ਅਨੁਸਾਰ ਮੈਰਾਥਨ ਦੌੜਨ ਜਾਂ ਬਹੁਤ ਜ਼ਿਆਦਾ ਕਸਰਤ ਕਰਨ ਵਾਲੇ ਲੋਕਾਂ ਦੇ ਸਰੀਰ ਵਿੱਚੋਂ ਪਸੀਨੇ ਰਾਹੀਂ ਪਾਣੀ ਅਤੇ ਖਣਿਜ ਤੇਜ਼ੀ ਨਾਲ ਘਟ ਸਕਦੇ ਹਨ। ਅਜਿਹੀ ਸਥਿਤੀ ਵਿੱਚ ਉਨ੍ਹਾਂ ਨੂੰ ਪੋਟੈਸ਼ੀਅਮ ਅਤੇ ਹੋਰ ਇਲੈਕਟ੍ਰੋਲਾਈਟਾਂ ਦੀ ਵਧੇਰੇ ਲੋੜ ਹੋ ਸਕਦੀ ਹੈ।



ਉਨ੍ਹਾਂ ਮੁਤਾਬਕ, ਬਹੁਤ ਜ਼ਿਆਦਾ ਕਸਰਤ ਕਰਨ ਵਾਲੇ ਲੋਕਾਂ ਲਈ ਸਿਰਫ਼ ਨਾਰੀਅਲ ਪਾਣੀ ਹਰ ਸਥਿਤੀ ਵਿੱਚ ਕਾਫ਼ੀ ਨਹੀਂ ਹੋ ਸਕਦਾ। ਇਸ ਲਈ ਕਸਰਤ ਦੀ ਤੀਬਰਤਾ ਅਤੇ ਸਰੀਰ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਖੁਰਾਕ ਅਤੇ ਹੋਰ ਪੌਸ਼ਟਿਕ ਪੇਅ ਪਦਾਰਥਾਂ ਦੀ ਚੋਣ ਕਰਨੀ ਚਾਹੀਦੀ ਹੈ।

### ਕੀ ਨਾਰੀਅਲ ਪਾਣੀ ਵਿੱਚ ਸ਼ੂਗਰ ਜ਼ਿਆਦਾ ਹੁੰਦੀ ਹੈ?

ਨਾਰੀਅਲ ਪਾਣੀ ਵਿੱਚ ਕੁਦਰਤੀ ਮਿਠਾਸ ਹੁੰਦੀ ਹੈ। ਇਹ ਉਹੀ ਉੱਪਰੋਂ ਮਿਲਾਈ ਗਈ ਖੰਡ ਨਹੀਂ ਹੁੰਦੀ ਜੋ ਕਈ ਬਾਜ਼ਾਰੀ ਪੀਣ ਵਾਲੇ ਪਦਾਰਥਾਂ ਵਿੱਚ ਸ਼ਾਮਲ ਕੀਤੀ ਜਾਂਦੀ ਹੈ।

ਰੇਸ਼ਮਾ ਅਲੀਮ ਮੁਤਾਬਕ, ਨਾਰੀਅਲ ਪਾਣੀ ਦਾ ਗਲਾਈਸੈਮਿਕ ਇੰਡੈਕਸ ਘੱਟ ਹੁੰਦਾ ਹੈ। ਗਲਾਈਸੈਮਿਕ ਇੰਡੈਕਸ ਇਹ ਦਰਸਾਉਂਦਾ ਹੈ ਕਿ ਕੋਈ ਭੋਜਨ ਜਾਂ ਪੇਅ ਪਦਾਰਥ ਖਾਣ ਜਾਂ ਪੀਣ ਤੋਂ ਬਾਅਦ ਖ਼ੂਨ ਵਿੱਚ ਸ਼ੂਗਰ ਕਿੰਨੀ ਤੇਜ਼ੀ ਨਾਲ ਵਧਾ ਸਕਦਾ ਹੈ।

ਉਨ੍ਹਾਂ ਅਨੁਸਾਰ, ਨਾਰੀਅਲ ਦੀ ਕਿਸਮ ਦੇ ਆਧਾਰ 'ਤੇ ਬਿਨਾਂ ਉੱਪਰੋਂ ਖੰਡ ਮਿਲਾਏ ਲਗਭਗ 240 ਮਿਲੀਲੀਟਰ ਨਾਰੀਅਲ ਪਾਣੀ ਵਿੱਚ ਆਮ ਤੌਰ 'ਤੇ 9 ਤੋਂ 10 ਗ੍ਰਾਮ ਕੁਦਰਤੀ ਸ਼ੂਗਰ ਹੋ ਸਕਦੀ ਹੈ।

ਇਸ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਨਾਰੀਅਲ ਪਾਣੀ ਵਿੱਚ ਬਿਲਕੁਲ ਸ਼ੂਗਰ ਨਹੀਂ ਹੁੰਦੀ। ਮਾਤਰਾ ਦਾ ਧਿਆਨ ਰੱਖਣਾ ਖ਼ਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਜ਼ਰੂਰੀ ਹੈ ਜਿਨ੍ਹਾਂ ਨੂੰ ਸ਼ੂਗਰ ਨਾਲ ਜੁੜੀ ਸਮੱਸਿਆ ਹੈ।

### ਸ਼ੂਗਰ ਵਾਲੇ ਲੋਕ ਨਾਰੀਅਲ ਪਾਣੀ ਪੀ ਸਕਦੇ ਹਨ?

ਰੇਸ਼ਮਾ ਅਲੀਮ ਮੁਤਾਬਕ, ਸ਼ੂਗਰ ਵਾਲੇ ਵਿਅਕਤੀ ਨੂੰ ਖੰਡ ਪੂਰੀ ਤਰ੍ਹਾਂ ਛੱਡਣ ਦੀ ਬਜਾਏ ਕੁੱਲ ਖੁਰਾਕ ਵਿੱਚ ਕਾਰਬੋਹਾਈਡ੍ਰੇਟ ਅਤੇ ਸ਼ੂਗਰ ਦੀ ਮਾਤਰਾ ਨੂੰ ਨਿਯੰਤਰਿਤ ਰੱਖਣਾ ਚਾਹੀਦਾ ਹੈ।

ਉਨ੍ਹਾਂ ਅਨੁਸਾਰ, ਸ਼ੂਗਰ ਵਾਲੇ ਕੁਝ ਲੋਕ ਸੀਮਤ ਮਾਤਰਾ ਵਿੱਚ ਨਾਰੀਅਲ ਪਾਣੀ ਪੀ ਸਕਦੇ ਹਨ। ਉਨ੍ਹਾਂ ਨੇ ਇੱਕ ਵਾਰ ਵਿੱਚ ਲਗਭਗ 100 ਮਿਲੀਲੀਟਰ ਤੱਕ ਦੀ ਮਾਤਰਾ ਦਾ ਜ਼ਿਕਰ ਕੀਤਾ ਹੈ, ਪਰ ਇਹ ਹਰ ਵਿਅਕਤੀ ਲਈ ਇੱਕੋ ਜਿਹਾ ਨਿਯਮ ਨਹੀਂ ਮੰਨਿਆ ਜਾ ਸਕਦਾ।

ਇਹ ਵਿਅਕਤੀ ਦੇ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ, ਖੁਰਾਕ, ਦਵਾਈਆਂ ਅਤੇ ਸਮੁੱਚੀ ਸਿਹਤ 'ਤੇ ਨਿਰਭਰ ਕਰਦਾ ਹੈ। ਜਿਨ੍ਹਾਂ ਲੋਕਾਂ ਦੀ ਖ਼ੂਨ ਵਿੱਚ ਸ਼ੂਗਰ ਲਗਾਤਾਰ ਬਹੁਤ ਜ਼ਿਆਦਾ ਰਹਿੰਦੀ ਹੈ, ਉਨ੍ਹਾਂ ਨੂੰ ਨਾਰੀਅਲ ਪਾਣੀ ਪੀਣ ਤੋਂ ਪਹਿਲਾਂ ਆਪਣੇ ਡਾਕਟਰ ਜਾਂ ਖੁਰਾਕ ਮਾਹਿਰ ਨਾਲ ਸਲਾਹ ਕਰਨੀ ਚਾਹੀਦੀ ਹੈ।

### ਕਿਨ੍ਹਾਂ ਲੋਕਾਂ ਨੂੰ ਨਾਰੀਅਲ ਪਾਣੀ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ?

ਨਾਰੀਅਲ ਪਾਣੀ ਵਿੱਚ ਪੋਟੈਸ਼ੀਅਮ ਦੀ ਮਾਤਰਾ ਵੱਧ ਹੋਣ ਕਾਰਨ ਕੁਝ ਲੋਕਾਂ ਲਈ ਇਸ ਦਾ ਜ਼ਿਆਦਾ ਸੇਵਨ ਸਮੱਸਿਆ ਪੈਦਾ ਕਰ ਸਕਦਾ ਹੈ।

ਖ਼ਾਸ ਤੌਰ 'ਤੇ ਕਿਡਨੀ ਦੀ ਬਿਮਾਰੀ ਵਾਲੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ, ਕਿਉਂਕਿ ਕਿਡਨੀ ਸਰੀਰ ਵਿੱਚੋਂ ਵਾਧੂ ਪੋਟੈਸ਼ੀਅਮ ਬਾਹਰ ਕੱਢਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਇਸ ਤੋਂ ਇਲਾਵਾ ਜਿਹੜੇ ਲੋਕ ਅਜਿਹੀਆਂ ਦਵਾਈਆਂ ਲੈਂਦੇ ਹਨ ਜਿਨ੍ਹਾਂ ਨਾਲ ਸਰੀਰ ਵਿੱਚ ਪੋਟੈਸ਼ੀਅਮ ਵਧ ਸਕਦਾ ਹੈ, ਉਨ੍ਹਾਂ ਨੂੰ ਵੀ ਨਾਰੀਅਲ ਪਾਣੀ ਦੀ ਮਾਤਰਾ ਬਾਰੇ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

ਖ਼ੂਨ ਵਿੱਚ ਪੋਟੈਸ਼ੀਅਮ ਦੀ ਮਾਤਰਾ ਬਹੁਤ ਵੱਧ ਜਾਣ ਨੂੰ ਹਾਈਪਰਕਲੇਮੀਆ ਕਿਹਾ ਜਾਂਦਾ ਹੈ। ਇਹ ਇੱਕ ਗੰਭੀਰ ਸਥਿਤੀ ਹੋ ਸਕਦੀ ਹੈ। ਇਸ ਲਈ ਕਿਡਨੀ ਦੀ ਲੰਬੇ ਸਮੇਂ ਦੀ ਬਿਮਾਰੀ, ਦਿਲ ਨਾਲ ਜੁੜੀ ਸਮੱਸਿਆ ਜਾਂ ਪੋਟੈਸ਼ੀਅਮ ਵਧਾਉਣ ਵਾਲੀਆਂ ਦਵਾਈਆਂ ਲੈਣ ਵਾਲੇ ਲੋਕ ਨਾਰੀਅਲ ਪਾਣੀ ਨੂੰ ਰੋਜ਼ਾਨਾ ਵੱਡੀ ਮਾਤਰਾ ਵਿੱਚ ਪੀਣ ਤੋਂ ਬਚਣ ਅਤੇ ਡਾਕਟਰ ਦੀ ਸਲਾਹ ਅਨੁਸਾਰ ਹੀ ਇਸ ਦਾ ਸੇਵਨ ਕਰਨ।

ਜਿਨ੍ਹਾਂ ਲੋਕਾਂ ਦੀ ਸਿਹਤ ਆਮ ਤੌਰ 'ਤੇ ਠੀਕ ਹੈ, ਉਹ ਆਪਣੀ ਖੁਰਾਕ ਦੇ ਹਿੱਸੇ ਵਜੋਂ ਉਚਿਤ ਮਾਤਰਾ ਵਿੱਚ ਨਾਰੀਅਲ ਪਾਣੀ ਪੀ ਸਕਦੇ ਹਨ। ਪਰ ਇਸ ਨੂੰ ਹਰ ਬਿਮਾਰੀ ਦਾ ਇਲਾਜ ਜਾਂ ਹਰ ਵਿਅਕਤੀ ਲਈ ਲਾਜ਼ਮੀ ਸਿਹਤਮੰਦ ਪੇਅ ਨਹੀਂ ਮੰਨਿਆ ਜਾਣਾ ਚਾਹੀਦਾ।

### ਨਾਰੀਅਲ ਪਾਣੀ ਅਤੇ ਨਾਰੀਅਲ ਦੇ ਦੁੱਧ ਵਿੱਚ ਵੱਡਾ ਫ਼ਰਕ

ਦੱਖਣੀ ਭਾਰਤ ਵਿੱਚ ਨਾਰੀਅਲ ਦੇ ਦੁੱਧ ਦੀ ਵਰਤੋਂ ਖਾਣਾ ਬਣਾਉਣ ਅਤੇ ਵੱਖ-ਵੱਖ ਰਵਾਇਤੀ ਪਕਵਾਨਾਂ ਵਿੱਚ ਲੰਬੇ ਸਮੇਂ ਤੋਂ ਹੁੰਦੀ ਆ ਰਹੀ ਹੈ। ਕੋਂਕਣ ਖੇਤਰ ਵਿੱਚ ਨਾਰੀਅਲ ਦੇ ਦੁੱਧ ਨਾਲ ਬਣੀ ਸੋਲਕੜ੍ਹੀ ਵੀ ਕਾਫ਼ੀ ਪ੍ਰਸਿੱਧ ਹੈ।

ਹਾਲਾਂਕਿ ਨਾਰੀਅਲ ਪਾਣੀ ਅਤੇ ਨਾਰੀਅਲ ਦਾ ਦੁੱਧ ਪੋਸ਼ਣ ਦੇ ਪੱਖੋਂ ਇੱਕੋ ਜਿਹੇ ਨਹੀਂ ਹਨ। ਸਿਹਤ ਸਬੰਧੀ ਪ੍ਰਕਾਸ਼ਨਾਂ ਵਿੱਚ ਦਿੱਤੀ ਜਾਣਕਾਰੀ ਮੁਤਾਬਕ, ਨਾਰੀਅਲ ਦੇ ਦੁੱਧ ਵਿੱਚ ਨਾਰੀਅਲ ਪਾਣੀ ਦੇ ਮੁਕਾਬਲੇ ਕੈਲੋਰੀ, ਚਰਬੀ ਅਤੇ ਕਾਰਬੋਹਾਈਡ੍ਰੇਟ ਦੀ ਮਾਤਰਾ ਕਾਫ਼ੀ ਜ਼ਿਆਦਾ ਹੁੰਦੀ ਹੈ।

ਨਾਰੀਅਲ ਪਾਣੀ ਮੁੱਖ ਤੌਰ 'ਤੇ ਪਾਣੀ ਹੁੰਦਾ ਹੈ, ਇਸ ਲਈ ਇਸ ਵਿੱਚ ਪ੍ਰੋਟੀਨ ਅਤੇ ਚਰਬੀ ਬਹੁਤ ਘੱਟ ਹੁੰਦੀ ਹੈ। ਇਸ ਦੇ ਉਲਟ ਨਾਰੀਅਲ ਦਾ ਦੁੱਧ ਨਾਰੀਅਲ ਦੇ ਗੁੱਦੇ ਤੋਂ ਤਿਆਰ ਹੁੰਦਾ ਹੈ ਅਤੇ ਇਸ ਵਿੱਚ ਚਰਬੀ, ਪ੍ਰੋਟੀਨ ਅਤੇ ਕੈਲੋਰੀ ਦੀ ਮਾਤਰਾ ਵਧੇਰੇ ਹੁੰਦੀ ਹੈ।

ਇਸ ਲਈ ਦੋਵਾਂ ਨੂੰ ਇੱਕੋ ਜਿਹਾ ਪੇਅ ਜਾਂ ਇੱਕੋ ਜਿਹੇ ਪੋਸ਼ਣ ਵਾਲਾ ਪਦਾਰਥ ਨਹੀਂ ਸਮਝਣਾ ਚਾਹੀਦਾ।

### ਤਾਜ਼ੇ ਅਤੇ ਪੈਕ ਕੀਤੇ ਨਾਰੀਅਲ ਪਾਣੀ ਵਿੱਚ ਕੀ ਫ਼ਰਕ ਹੈ?

ਬਾਜ਼ਾਰ ਵਿੱਚ ਹੁਣ ਬੋਤਲਾਂ ਅਤੇ ਪੈਕਟਾਂ ਵਿੱਚ ਵੀ ਨਾਰੀਅਲ ਪਾਣੀ ਉਪਲਬਧ ਹੈ। ਤਾਜ਼ੇ ਅਤੇ ਪੈਕ ਕੀਤੇ ਨਾਰੀਅਲ ਪਾਣੀ ਦੀ ਪੋਸ਼ਣ ਸਮੱਗਰੀ ਇੱਕੋ ਜਿਹੀ ਹੋਵੇ, ਇਹ ਜ਼ਰੂਰੀ ਨਹੀਂ।

ਪ੍ਰੋਸੈਸਿੰਗ, ਗਰਮੀ ਨਾਲ ਇਲਾਜ ਅਤੇ ਲੰਬੇ ਸਮੇਂ ਤੱਕ ਸੰਭਾਲ ਕੇ ਰੱਖਣ ਦੀ ਪ੍ਰਕਿਰਿਆ ਕਾਰਨ ਇਸ ਦੇ ਕੁਝ ਪੋਸ਼ਕ ਤੱਤਾਂ ਦੀ ਮਾਤਰਾ ਬਦਲ ਸਕਦੀ ਹੈ। ਕੁਝ ਪੈਕ ਕੀਤੇ ਉਤਪਾਦਾਂ ਵਿੱਚ ਵਾਧੂ ਖੰਡ, ਸੁਆਦ ਜਾਂ ਹੋਰ ਤੱਤ ਵੀ ਸ਼ਾਮਲ ਕੀਤੇ ਜਾ ਸਕਦੇ ਹਨ।

ਇਸ ਲਈ ਪੈਕ ਕੀਤਾ ਨਾਰੀਅਲ ਪਾਣੀ ਖਰੀਦਣ ਸਮੇਂ ਪੈਕੇਟ 'ਤੇ ਦਿੱਤੀ ਸਮੱਗਰੀ, ਕੁੱਲ ਸ਼ੂਗਰ ਅਤੇ ਹੋਰ ਮਿਲਾਏ ਗਏ ਤੱਤਾਂ ਦੀ ਜਾਣਕਾਰੀ ਜ਼ਰੂਰ ਪੜ੍ਹਨੀ ਚਾਹੀਦੀ ਹੈ।

ਕੁੱਲ ਮਿਲਾ ਕੇ, ਨਾਰੀਅਲ ਪਾਣੀ ਇੱਕ ਪੌਸ਼ਟਿਕ ਅਤੇ ਕੁਦਰਤੀ ਇਲੈਕਟ੍ਰੋਲਾਈਟ ਪੇਅ ਹੋ ਸਕਦਾ ਹੈ, ਪਰ ਇਸ ਦੀ ਵਰਤੋਂ ਵੀ ਸੰਤੁਲਿਤ ਮਾਤਰਾ ਵਿੱਚ ਹੀ ਕਰਨੀ ਚਾਹੀਦੀ ਹੈ। ਖ਼ਾਸ ਕਰਕੇ ਕਿਡਨੀ ਦੀ ਬਿਮਾਰੀ, ਦਿਲ ਨਾਲ ਜੁੜੀ ਸਮੱਸਿਆ, ਖ਼ੂਨ ਵਿੱਚ ਪੋਟੈਸ਼ੀਅਮ ਵਧਣ ਦਾ ਖ਼ਤਰਾ ਜਾਂ ਸ਼ੂਗਰ ਦੀ ਸਮੱਸਿਆ ਵਾਲੇ ਲੋਕ ਰੋਜ਼ਾਨਾ ਸੇਵਨ ਬਾਰੇ ਆਪਣੇ ਡਾਕਟਰ ਦੀ ਸਲਾਹ ਨੂੰ ਤਰਜੀਹ ਦੇਣ।



# ਸਭਿਆਚਾਰ



## ਛਲੇਡਾ

–ਰਿਪੁਦਮਨ ਸਿੰਘ ਰੂਪ

ਆ ਗਿਆ ਹੈ ਫੇਰ ਛਲੇਡਾ
ਇੱਕ ਨਵੇਂ ਰੂਪਵਿੱਚ
ਹੱਥ ਜੋੜ, ਸਿਰ ਝੁਕਾਵੇ
ਖੜ੍ਹਾ ਹੈ ਤੁਹਾਡੇ ਅੱਗੇ।
ਅੱਖਾਂ ਵਿੱਚ ਸ਼ਰਾਰਤ ਨੱਚੇ
ਦਿਲ ਵਿੱਚ ਬੇਈਮਾਨੀ ਹੱਸੇ
ਸਿੱਧੀਆਂ ਪੁੱਠੀਆਂ ਗੱਲਾਂ ਮਾਰੇ
ਭੁਚਲਾਵੇ ਵਿੱਚ ਉਹ ਲੈਣਾ ਚਾਹੇ।
ਕਰਨਾ ਹੈ ਪਾਰ-ਉਤਾਰਾ
ਸਾਰਿਆਂ ਦਾ ਮੈਂ
ਫਸਿਆਂ ਨੂੰ ਦਲਦਲ ਵਿੱਚੋਂ
ਕੱਢਣਾ ਹੈ ਹੁਣ ਮੈਂ।
ਦੱਸੂੰਗਾ ਖੇਤਾਂ ਵਿੱਚ
ਕੀ ਬੀਜਣੈ, ਕੀ ਉਗਾਉਣੈ
ਕੀ ਪਹਿਨਣੈ, ਕੀ ਖਾਣੈ
ਕਿੱਥੇ ਆਉਣੈ, ਕਿੱਥੇ ਜਾਣੈ।
ਮੈਂ ਹਾਂ ਇੱਕ ਛਲੇਡਾ
ਰੂਪ ਨੇ ਕਈ ਮੇਰੇ
ਓਲਡ ਹੋਮ ਭਿਜਵਾਊਂ ਮਾਪੇ
ਤੋੜੂੰ ਸਾਰੇ ਪੀਡੇ ਨਾਤੇ।
ਤਰਸਾਊਂ ਦਾਣੇ ਦਾਣੇ ਤੋਂ
ਪਾਣੀ ਦੇ ਕਤਰੇ ਕਤਰੇ ਤੋਂ
ਨਾ ਤੇੜ ਕੋਈ ਕੱਪੜਾ ਹੋਊ
ਨਾ ਸਿਰ ਉੱਤੇ ਛੱਤ ਹੀ ਹੋਊ।
ਰਾਖ਼ਸ਼ਸ਼ ਦਾ ਮੈਂ ਹੁਕਮ ਹਾਂ ਮੰਨਦਾ
ਜਿਵੇਂ ਕਹੇ ਮੈਂ ਕਰਦਾ ਜਾਵਾਂ
ਚੰਗੇ ਭਲਿਆਂ ਵਿੱਚਫੁੱਟ ਮੈਂ ਪਾਵਾਂ
ਖ਼ੂਨ ਦੀਆਂ ਮੈਂ ਨਦੀਆਂ ਵਹਾਵਾਂ।
ਆ ਗਿਆ ਹੈ ਫੇਰ ਛਲੇਡਾ
ਇੱਕ ਨਵੇਂ ਰੂਪਵਿੱਚ
ਹੱਥ ਜੋੜ, ਸਿਰ ਝੁਕਾਵੇ
ਖੜ੍ਹਾ ਹੈ ਤੁਹਾਡੇ ਅੱਗੇ।

## ਹੜ੍ਹ ਮਾਰੇ ਸੁੰਨੇ ਘਰਾਂ ਦੀ ਇਬਾਰਤ

–ਮਨਮੋਹਨ ਸਿੰਘ ਦਾਊਂ



ਟੁੱਟੇ ਹੋਏ ਛੱਪਰ ਉੱਤੇ
ਕਣੀਆਂ ਨੇ ਪੈ ਰਹੀਆਂ,
ਪੁੱਤ ਪਰਦੇਸ ਗਏ
ਮਾਵਾਂ ਦੁੱਖ ਸਹਿ ਰਹੀਆਂ।
ਕੱਚਿਆਂ ਬਨੇਰਿਆਂ ਤੋਂ
ਖਲੇਪੜ ਡਿੱਗ ਰਹੇ,
ਰੋਟੀ ਕਿੰਝ ਪੱਕੇਗੀ,
ਚੁੱਲ੍ਹੇ ਤਾਂ ਨਹੀਂ ਰਹੇ।
ਬਾਰੀ ਦੀ ਵਾਛੜ ਨੇ
ਘਰ ਨੂੰ ਹੈ ਦੰਗ ਕੀਤਾ,
ਕਰਜ਼ੇ ਦੀ ਪੰਡ ਭਾਰੀ
ਬੈਂਕਾਂ ਨੇ ਤੰਗ ਕੀਤਾ।
ਬੂਹੇ ਦੀ ਸਰਦਲ ਨੂੰ
ਸਿਉਂਕਾਂ ਨੇ ਖਾ ਲਿੱਤਾ,
ਵੱਸਦਾ ਸੀ ਘਰ ਜਿਹੜਾ
ਜੰਦਰਾ ਹੀ ਲਾ ਦਿੱਤਾ।
ਵਿਹੜੇ ਵਿੱਚ ਰੌਣਕ ਨਹੀਂ
ਚਿੜੀਆਂ ਨਾ ਚਹਿਕ ਰਹੀਆਂ,
ਸ਼ਗਨਾਂ ਦੀਆਂ ਗੁਥਲੀਆਂ
ਗੀਤਾਂ ਨੂੰ ਸਹਿਕ ਰਹੀਆਂ।
ਖੁਰਲੀ ਵੀ ਸੁੰਨੀ ਹੈ
ਜੋਤਾਂ ਨੂੰ ਕੀ ਹੋਇਆ,
ਖ਼ੁਦਕੁਸ਼ੀਆਂ ਦੇ ਬੀ ਉੱਗੇ
ਖੇਤਾਂ ਵਿੱਚ ਰੱਬ ਮੋਇਆ।
ਉੱਠ ਕੇ ਤਾਂ ਵੇਖ ਸਹੀ,
ਕੋਈ ਘਰ ਆਇਆ ਹੈ,
ਸੂਰਜ ਦੇ ਚੜ੍ਹਨੇ ਦੀ
ਖ਼ਬਰ ਲਿਆਇਆ ਹੈ।

## .ਗ਼ਜ਼ਲ

–ਪ੍ਰਤਾਪ 'ਪਾਰਸ' ਗੁਰਦਾਸਪੁਰੀ

ਸਿਰ ਦੇ ਉੱਤੇ ਜਦ ਤੱਕ ਹੱਥ ਨੇ ਮਾਵਾਂ ਦੇ।
ਜ਼ੋਰ ਨਹੀਂ ਚੱਲਦੇ ਮਿੱਤਰੋ ਕਦੇ ਬਲਾਵਾਂ ਦੇ।
ਔਕੜ-ਮੁਸ਼ਕਿਲ ਪੁੱਤਾਂ ਨੂੰ ਕੋਈ ਆਵੇ ਨਾ,
ਖ਼ੈਰਾਂ ਮੰਗਣ ਮਾਵਾਂ ਵਿੱਚ ਦੁਆਵਾਂ ਦੇ।
ਧੁੱਪਾਂ-ਤਪਸ਼ਾਂ ਦੇ ਵਿੱਚ ਮਾਵਾਂ ਖੜਦੀਆਂ ਨੇ,
ਬੱਚਿਆਂ ਨੂੰ ਪਰ ਰੱਖਦੀਆਂ ਨੇ ਵਿੱਚ ਛਾਵਾਂ ਦੇ।

ਹਰ ਆਫ਼ਤ ਵੀ ਡਰ ਕੇ ਪਾਸੇ ਹੋ ਜਾਂਦੀ,
ਮਾਵਾਂ ਖੜ੍ਹੀਆਂ ਹੋਵਣ ਜਦ ਵਿੱਚ ਰਾਹਵਾਂ ਦੇ।
ਮਾਂ ਦੀ ਹੱਲਾਸ਼ੇਰੀ ਪੁੱਤਰ ਪਰਬਤ ਉੱਤੇ,
ਥਾਪੀ ਸ਼ਕਤੀ ਭਰ ਦਿੰਦੀ ਵਿੱਚ ਬਾਹਵਾਂ ਦੇ।
ਪੁੱਤਰ ਜਾ ਕੇ ਪਰਦੇਸਾਂ ਵਿੱਚ ਵੱਸੇ ਨੇ,
ਮਾਵਾਂ ਪੁੱਤ ਵਸਾਏ ਨੇ ਵਿੱਚ ਸਾਹਵਾਂ ਦੇ।
ਪੁੱਤਰ ਖ਼ੁਸ਼ੀਆਂ ਲੱਭਦੇ ਫਿਰਦੇ ਦੁਨੀਆਂ ਵਿੱਚੋਂ,
ਮਾਵਾਂ ਖ਼ੁਸ਼ ਨੇ ਵਿੱਚ ਪੁੱਤਾਂ ਦਿਆਂ ਚਾਵਾਂ ਦੇ।

'ਪਾਰਸ' ਜਿਹੜੀ ਥਾਂ ਉੱਤੇ ਮਾਂ ਦੇ ਪੈਰ ਪਏ,
ਮੈਂ ਸਦਕੇ ਬਲਿਹਾਰੇ ਉਨ੍ਹਾਂ ਥਾਵਾਂ ਦੇ।

## ਚਾਹ ਵੀ ਪਿਆਵਾਂਗੇ...

–ਡਾ. ਪ੍ਰਦੀਪ ਕੌੜਾ



ਦਸੰਬਰ ਮਹੀਨੇ ਦੀ ਅਖੀਰਲੇ ਦਿਨਾਂ ਦੀ ਧੁੰਦ ਵਾਲੀ ਕੜਾਕੇ ਦੀ ਠੰਢ ਪੈ ਰਹੀ ਸੀ। ਕਾਲਜ ਵਿੱਚਛੁੱਟੀਆਂ ਹੋਣ ਕਰ ਕੇ ਮੈਂ ਘਰ ਹੀ ਸਾਂ ਕਿ ਸਵੇਰੇ ਸਾਢੇ ਕੁ ਅੱਠ ਵਜੇ ਅਚਾਨਕ ਡੋਰ ਬੈੱਲ ਵੱਜੀ। ਪਤਨੀ ਨੇ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਇੱਕਅੱਧਖੜ ਜਿਹਾ ਬੰਦਾ ਕੰਬਲ ਦੀ ਬੁੱਕਲ ਮਾਰੀ ਮੋਟਰਸਾਈਕਲ ਉੱਤੇ ਬੈਠਾ ਸੀ ਅਤੇ ਮੋਟਰਸਾਈਕਲ ਦੀ ਪਿਛਲੀ ਸੀਟ ਤੋਂ ਉੱਤਰਕੇ ਲੜਕੀ ਨੇ ਅੱਗੇ ਹੋ ਕੇ ਪੁੱਛਿਆ, 'ਕੌੜਾ ਸਰ ਦਾ ਘਰ ਇਹੀ ਹੈ? ਫਾਰਮ ਅਟੈਸਟ ਕਰਾਉਣੇ ਸਨ।'

'ਹਾਂ ਜੀ, ਅੰਦਰ ਆ ਜਾਓ।' ਪਤਨੀ ਦਾ ਹੁੰਗਾਰਾ ਪਾ ਕੇ ਉਹ ਲੜਕੀ ਅੰਦਰ ਆ ਗਈ।

ਰਜਾਈ ਵਿੱਚੋਂ ਨਿਕਲ ਕੇ ਮੈਂ ਬਾਹਰ ਆਇਆ। 'ਸਰ ਜੀ, ਫਾਰਮ ਅਟੈਸਟ ਕਰਾਉਣਾ ਸੀ। ਤੁਹਾਡੇ ਕਾਲਜ ਵਿੱਚ ਪੜ੍ਹਦੀ ਹਾਂ, ਅੱਜ ਫਾਰਮ ਭਰਨ ਦੀ ਆਖਰੀ ਮਿਤੀ ਐ ਜੀ।' ਠੰਢ ਨਾਲ ਕੰਬਦੀ ਲੜਕੀ ਇੱਕੋ ਸਾਹੇ ਸਭ ਬੋਲ ਗਈ।

''ਕੋਈ ਗੱਲ ਨਹੀਂ ਬੇਟਾ, ਨਾਲ ਕੌਣ ਆਇਆ?''

''ਜੀ, ਮੇਰੇ ਡੈਡੀ ਆਏ ਨੇ।''

''ਉਨ੍ਹਾਂ ਨੂੰ ਵੀ ਬੁਲਾ ਲੈ। ਮੈਂ ਮੋਹਰ ਚੁੱਕ ਲਿਆਵਾਂ।'' ਕਹਿ ਕੇ ਮੈਂ ਅੰਦਰ ਚਲਾ ਗਿਆ। ਮੇਰੇ ਆਉਣ ਤੱਕ ਦੋਵੇਂ ਪਿਉ-ਧੀ ਦਰਵਾਜ਼ੇ ਦੇ ਅੱਧ-ਵਿਚਾਲੇ ਖੜ੍ਹੇ ਸਨ।

''ਅੰਦਰ ਆ ਜਾਓ।'' ਮੇਰੇ ਜ਼ੋਰ ਦੇ ਕੇ ਕਹਿਣ ਉੱਤੇ ਉਹ ਅੰਦਰ ਆ ਗਏ। ਮੈਂ ਉਨ੍ਹਾਂ ਨੂੰ ਸੋਫੇ ਉੱਤੇ ਬੈਠਣ ਦਾ ਇਸ਼ਾਰਾ ਕੀਤਾ ਅਤੇ ਪਤਨੀ ਨੂੰ ਚਾਹ ਬਣਾਉਣ ਦੀ ਆਵਾਜ਼ ਦੇ ਦਿੱਤੀ।

''ਨਹੀਂ ਜੀ, ਚਾਹ ਦੀ ਤਕਲੀਫ਼ ਨਾ ਕਰੋ। ਫਾਰਮ ਅਟੈਸਟ ਕਰ ਦੇਵੋ, ਬੜੀ ਮਿਹਰਬਾਨੀ ਜੀ।'' ਲੜਕੀ ਦਾ ਬਾਪ ਬੜੀ ਹਲੀਮੀ ਨਾਲ ਬੋਲਿਆ।

''ਮਿਹਰਬਾਨੀ ਦੀ ਕਿਹੜੀ ਗੱਲ ਐ? ਫਾਰਮ ਵੀ ਅਟੈਸਟ ਕਰਾਂਗੇ ਅਤੇ ਚਾਹ ਵੀ ਪਿਆਵਾਂਗੇ।''

''ਕਮਲੀ ਨੇ ਪਹਿਲਾਂ ਯਾਦ ਨਹੀਂ ਕੀਤਾ ਤੇ ਅੱਜ ਕਿਸੇ ਕੁੜੀ ਨੇ ਇਹਨੂੰ ਦੱਸਿਆ ਕਿ ਅੱਜ ਹੀ ਆਖਰੀ ਮਿਤੀ ਐ। ਅੰਗਰੇਜ਼ੀ ਦੇ ਪੇਪਰ ਵਿੱਚੋਂ ਰਹਿ ਗਈ ਸੀ।'' ਲੜਕੀ ਦਾ ਪਿਤਾ ਬਹੁਤ ਹੀ ਹੌਲੀ ਆਵਾਜ਼ ਵਿੱਚ ਬੋਲਿਆ।

ਇੰਨੇ ਨੂੰ ਚਾਹ ਆ ਗਈ। ਪਿਉ-ਧੀ ਨੇ ਥੋੜ੍ਹੇ ਜਿਹੇ ਸੰਕੋਚ ਤੋਂ ਬਾਅਦ ਚਾਹ ਦੇ ਕੱਪ ਚੁੱਕ ਲਏ ਅਤੇ ਮੇਰੇ ਬਹੁਤ ਕਹਿਣ ਉੱਤੇ ਮਸਾਂ ਇੱਕ-ਇੱਕ ਬਿਸਕੁਟ ਲਿਆ ਅਤੇ ਚਾਹ ਪੀ ਕੇ ਮੇਰਾ ਧੰਨਵਾਦ ਕਰਦੇ ਹੋਏ ਚਲੇ ਗਏ।

''ਨਾਲੇ ਫਾਰਮ ਅਟੈਸਟ ਕਰੋ ਅਤੇ ਨਾਲੇ ਚਾਹਾਂ ਪਿਆਓ? ਆਹ ਚੰਗਾ ਕੰਮ ਐ ਤੁਹਾਡਾ।'' ਕੱਪ ਚੁੱਕਣ ਆਈ ਪਤਨੀ ਨੇ ਨਿਹੋਰਾ ਮਾਰਿਆ।

***

ਗੱਲ 1997 ਦੀ ਹੈ। ਅਸੀਂ ਪਿੰਡੋਂ ਬਠਿੰਡੇ ਨਵੇਂ-ਨਵੇਂ ਆਏ ਸੀ। ਭੈਣ ਦੇ ਵਿਆਹ ਵਾਲੇ ਦਿਨ ਬੀਏ ਅੰਗਰੇਜ਼ੀ ਦਾ ਪ੍ਰੈਕਟੀਕਲ ਦਾ ਪੇਪਰ ਹੋਣ ਕਾਰਨ ਮੈਂ ਪੇਪਰ ਇੱਕ ਦਿਨ ਪਹਿਲਾਂ ਦੇ ਆਇਆ ਸੀ, ਪਰ ਪ੍ਰੋਫ਼ੈਸਰ ਸਾਹਿਬ ਭੁੱਲ ਗਏ ਅਤੇ ਉਨ੍ਹਾਂ ਮੈਨੂੰ ਪੇਪਰ ਵਿੱਚੋਂ ਗੈਰਹਾਜ਼ਰ ਕਰਕੇ ਭੇਜ ਦਿੱਤਾ, ਜਿਸ ਦਾ ਨਤੀਜਾ ਇਹ ਹੋਇਆ ਕਿ ਮੇਰੀ ਅੰਗਰੇਜ਼ੀ ਦੇ ਪੇਪਰ ਵਿੱਚੋਂ ਰੀਅਪੀਅਰ ਆ ਗਈ। ਭਰੇ ਮਨ ਨਾਲ ਕਿਤਾਬਾਂ ਦੀ ਦੁਕਾਨ ਤੋਂ ਫਾਰਮ ਲੈ ਕੇ ਭਰਿਆ ਤੇ ਕਾਲਜ ਅਟੈਸਟ ਕਰਾਉਣ ਚਲਾ ਗਿਆ।ਓਥੇ ਜਾ ਕੇ ਪ੍ਰੋਫ਼ੈਸਰ ਸਾਹਬ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਸਰ ਕੰਟੀਨ ਵਿੱਚ ਹਨ। ਕਾਹਲੀ ਨਾਲ ਕੰਟੀਨ ਵਿੱਚ ਜਾ ਕੇ ਸਰ ਨੂੰ ਫਾਰਮ ਅਟੈਸਟ ਕਰਨ ਦੀ ਬੇਨਤੀ ਕੀਤੀ ਤਾਂ ਕਹਿਣ ਲੱਗੇ:'ਆਈਕਾਰਡ ਦਿਖਾ।'

''ਸਰ ਅਸੀਂ ਪਿੰਡੋਂ ਬਠਿੰਡੇ ਆਏਂ ਆਂ ਅਤੇ ਚੱਕ-ਧਰ ਵਿੱਚ ਕਾਰਡ ਕਿਤੇ ਗੁਆਚ ਗਿਆ। ਨਵਾਂ ਬਣਵਾਇਆ ਨਹੀਂ ਜੀ।''

''ਕਾਕਾ, ਬਿਨਾਂ ਆਈ ਕਾਰਡ ਤੋਂ ਕੀ ਪਤਾ ਲੱਗੇ ਬਈ ਤੂੰ ਸਾਡੇ ਕਾਲਜ ਦਾ ਵਿਦਿਆਰਥੀ ਐਂ? ਕਿਸੇ ਦੇ ਮੂੰਹ ਉੱਤੇ ਥੋੜ੍ਹਾ ਲਿਖਿਆ ਹੁੰਦੈ?'' ਸਰ ਨੇ ਬੜਾ ਰੁੱਖਾ ਜਿਹਾ ਜਵਾਬ ਦੇ ਕੇ ਫਾਰਮ ਮੈਨੂੰ ਵਾਪਸ ਕਰ ਦਿੱਤਾ। ਮਿੰਨਤ ਕੀਤੀ, ਪਰ ਕੋਈ ਗੱਲ ਨਾ ਬਣੀ। ਮੈਂ ਵਾਪਸ ਕਿਤਾਬਾਂ ਦੀ ਦੁਕਾਨ ਉੱਤੇ ਆ ਗਿਆ ਅਤੇ ਸਾਰੀ ਗੱਲ ਕਿਤਾਬਾਂ ਵਾਲੇ ਨੂੰ ਸੁਣਾਈ। ਮੇਰੀ ਵਿੱਥਿਆ ਸੁਣ ਕੇ ਕਿਤਾਬਾਂ ਵਾਲਾ ਕਹਿਣ ਲੱਗਾ, ''ਨਵੀਂ ਬਸਤੀ ਵੇਖੀ ਐ?''

''ਹਾਂ ਜੀ, ਮੈਂ ਉੱਥੇ ਹੀ ਰਹਿੰਦਾ ਹਾਂ।''

''ਜਿੱਤੋਂ ਇੱਕ ਨੰਬਰ ਗਲੀ ਸ਼ੁਰੂ ਹੁੰਦੀ ਐ, ਖੱਬੇ ਹੱਥ ਤੀਜਾ ਮਕਾਨ ਪ੍ਰੋਫ਼ੈਸਰ ਸਤਨਾਮ ਸਿੰਘ ਜੱਸਲ ਦਾ, ਉਨ੍ਹਾਂ ਕੋਲ ਚਲਾ ਜਾ। ਤੇਰਾ ਫਾਰਮ ਅਟੈਸਟ ਕਰ ਦੇਣਗੇ।''

''...ਪਰ ਉਹ ਤਾਂ ਮੈਨੂੰ ਜਾਣਦੇ ਵੀ ਨਹੀਂ?'' ਮੈਂ ਕਿਹਾ।

''ਬਹੁਤ ਨੇਕ ਦਿਲ ਅਤੇ ਤਜਰਬੇਕਾਰ ਨੇ, ਵੇਖ ਕੇ ਪਰਖ ਲੈਂਦੇ ਨੇ ਕਿ ਬੰਦਾ ਕਿਹੋ ਜਿਹਾ ਐ। ਤੇਰਾ ਕੰਮ ਹੋਜੂ।'' ਦੁਕਾਨਦਾਰ ਦੇ ਤਸੱਲੀ ਦੇਣ ਉੱਤੇ ਮੈਂ ਦੱਸੇ ਹੋਏ ਟਿਕਾਣੇ ਉੱਤੇ ਪਹੁੰਚ ਗਿਆ। ਡੋਰ ਬੈੱਲ ਵਜਾਈ ਤਾਂ 13-14 ਸਾਲ ਦੇ ਲੜਕੇ ਨੇ ਦਰਵਾਜ਼ਾ ਖੋਲ੍ਹਿਆ।

''ਫਾਰਮ ਅਟੈਸਟ ਕਰਵਾਉਣਾ ਸੀ।'' ਮੈਂ ਹੱਥਵਿੱਚ ਫੜੇ ਫਾਰਮ ਨੂੰ ਉਸ ਲੜਕੇ ਵੱਲ ਵਧਾਉਂਦਿਆਂ ਕਿਹਾ।

''ਅੰਦਰ ਆ ਜਾਓ।'' ਕਹਿ ਕੇ ਲੜਕਾ ਮੈਨੂੰ ਡਰਾਇੰਗ ਰੂਮ ਵਿੱਚ ਬਿਠਾ ਕੇ ਫਾਰਮ ਲੈ ਕੇ ਅੰਦਰ ਚਲਾ ਗਿਆ। ਐਨੇ ਨੂੰ ਇੱਕ ਪ੍ਰਭਾਵਸ਼ਾਲੀ ਦਿੱਖ ਵਾਲਾ ਸ਼ਖ਼ਸ ਪੱਗ ਦੇ ਲੜ ਠੀਕ ਕਰਦਾ ਅਤੇ ਉਸ ਦੇ ਪਿੱਛੇ ਉਹੀ ਲੜਕਾ ਹੱਥਵਿੱਚ ਮੇਰਾ ਫਾਰਮ, ਮੋਹਰ ਅਤੇ ਪੈਡ ਫੜੀ ਕਮਰੇ ਵਿੱਚ ਦਾਖਲ ਹੋਇਆ। ਮੈਂ ਸਤਿਕਾਰ ਵਜੋਂ ਖੜ੍ਹਾ ਹੋ ਗਿਆ।

''ਪਤਾ ਨਹੀਂ ਕੀ ਬਣੂੰ...?'' ਮੇਰਾ ਦਿਲ ਧੱਕ-ਧੱਕ ਕਰ ਰਿਹਾ ਸੀ।

ਲੜਕੇ ਨੇ ਮੇਰੇ ਫਾਰਮ ਤੇ ਫੋਟੋਆਂ ਉੱਤੇ ਮੋਹਰਾਂ ਲਾ ਕੇ ਪ੍ਰੋਫ਼ੈਸਰ ਸਾਹਬ ਵੱਲ ਵਧਾ ਦਿੱਤੀਆਂ। ਹੱਥਵਿੱਚ ਫਾਰਮ ਫੜਦਿਆਂ ਪਹਿਲਾਂ ਉਨ੍ਹਾਂ ਨੇ ਮੈਨੂੰ ਬੈਠਣ ਦਾ ਇਸ਼ਾਰਾ ਕੀਤਾ ਅਤੇ ਲੜਕੇ ਨੂੰ ਚਾਹ ਲਿਆਉਣ ਲਈ ਕਹਿਕੇ ਫਾਰਮ ਨੂੰ ਨੀਝ ਨਾਲ ਵੇਖਣਾ ਸ਼ੁਰੂ ਕਰ ਦਿੱਤਾ।

''ਸਰ ਜੀ, ਬਹੁਤ ਮਿਹਰਬਾਨੀ, ਮੇਰਾ ਫਾਰਮ ਅਟੈਸਟ ਕਰ ਦਿਓ ਜੀ, ਮੇਰੇ ਲਈ ਇਹੋ ਚਾਹ ਜੀ।'' ਕਹਿੰਦਿਆਂ ਮੇਰਾ ਗੱਚ ਭਰ ਆਇਆ।

''ਫਾਰਮ ਵੀ ਅਟੈਸਟ ਕਰਾਂਗੇ ਅਤੇ ਚਾਹ ਵੀ ਪਿਆਵਾਂਗੇ।'' ਮੇਰੇ ਵੱਲ ਮੁਸਕਰਾਉਂਦੇ ਹੋਏ ਉਨ੍ਹਾਂ ਨੇ ਹਰੇ ਪੈੱਨ ਨਾਲ ਮੇਰੇ ਫਾਰਮ ਉੱਤੇ ਹਸਤਾਖਰ ਕਰ ਦਿੱਤੇ। ਐਨੇ ਨੂੰ ਚਾਹ ਅਤੇ ਬਿਸਕੁਟ ਆ ਗਏ। ਮੈਂ ਸੰਗਦੇ-ਸੰਗਦੇ ਨੇ ਚਾਹ ਚੁੱਕ ਲਈ ਅਤੇ ਬਿਸਕੁਟ ਉਨ੍ਹਾਂ ਨੇ ਮੈਨੂੰ ਧੱਕੇ ਨਾਲ ਖੁਆ ਦਿੱਤੇ।

ਧੰਨਵਾਦ ਕਰਕੇ ਵਾਪਸ ਆਉਂਦਿਆਂ ਮੈਂ ਰਸਤੇ ਵਿੱਚ ਸੋਚ ਰਿਹਾ ਸੀ ਕਿ ਜੇ ਕਿਤੇ ਪਰਮਾਤਮਾ ਨੇ ਮੈਨੂੰ ਅਜਿਹਾ ਕੋਈ ਮੌਕਾ ਬਖ਼ਸ਼ਿਆ ਤਾਂ ਮੈਂ ਵੀ ਫਾਰਮ ਇਸੇ ਤਰ੍ਹਾਂ ਅਟੈਸਟ ਕਰਿਆ ਕਰਾਂਗਾ।

## ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ...

–ਜੋਗਿੰਦਰ ਕੌਰ ਅਗਨੀਹੋਤਰੀ



ਵਿਆਹ ਸ਼ਾਦੀ ਜਾਂ ਹੋਰ ਕਿਸੇ ਖੁਸ਼ੀ ਦੇ ਮੌਕੇ ਉੱਤੇ ਔਰਤਾਂ ਤੇ ਕੁੜੀਆਂ ਵੱਲੋਂ ਮਹਿੰਦੀ ਲਾਈ ਜਾਂਦੀ ਹੈ। ਮਹਿੰਦੀ ਕੁਦਰਤ ਦੀ ਦੇਣ ਹੈ। ਮਹਿੰਦੀ ਦੇ ਬੂਟੇ ਬਾਗ਼ਾਂ ਤੇ ਹੋਰ ਸਾਂਝੀਆਂ ਥਾਵਾਂ ਉੱਤੇ ਲਾਏ ਜਾਂਦੇ ਹਨ। ਮਹਿੰਦੀ ਦੇ ਸੁੱਕੇ ਪੱਤਿਆਂ ਨੂੰ ਪੀਸ ਕੇ ਮਹਿੰਦੀ ਤਿਆਰ ਕੀਤੀ ਜਾਂਦੀ ਹੈ। ਇਸ ਨੂੰ ਲਾਉਣ ਤੋਂ ਪਹਿਲਾਂ ਭਿਉਂ ਕੇ ਰੱਖਿਆ ਜਾਂਦਾ ਹੈ। ਇੱਕ ਵੇਲਾ ਇਹ ਵੀ ਸੀ ਜਦੋਂ ਤਾਜ਼ੇ ਪੱਤਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਕੂੰਡੇ ਘੋਟਣੇ ਨਾਲ ਰਗੜਿਆ ਜਾਂਦਾ ਸੀ। ਜਦੋਂ ਮਹਿੰਦੀ ਪੂਰੀ ਤਰ੍ਹਾਂ ਮੁਲਾਇਮ ਹੋ ਜਾਂਦੀ ਤਾਂ ਇਸ ਨੂੰ ਹੱਥਾਂ ਉੱਤੇ ਲਾਇਆ ਜਾਂਦਾ।

ਘਰੇਲੂ ਸਮੱਸਿਆਵਾਂ ਕਦੇ ਨਹੀਂ ਸੁਲਝਦੀਆਂ। ਇੱਕ ਸੁਲਝ ਜਾਂਦੀ ਹੈ ਤਾਂ ਕੋਈ ਹੋਰ ਖੜ੍ਹੀ ਹੋ ਜਾਂਦੀ ਹੈ। ਕਹਿੰਦੇ ਨੇ 'ਵੱਸਣ ਸ਼ਰੀਕੇ ਦਾ, ਨਾਭੇ ਦੀ ਸਰਦਾਰੀ'। ਭਾਵ ਸ਼ਰੀਕੇ ਕਬੀਲੇ ਵਿੱਚ ਆਪਣੇ ਆਪ ਨੂੰ ਸਥਾਪਤ ਕਰਨ ਲਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਜਦੋਂ ਘਰ ਵਿੱਚ ਅਜਿਹੀਆਂ ਸਮੱਸਿਆਵਾਂ ਆਉਂਦੀਆਂ ਹਨ ਤਾਂ ਔਰਤ ਉਨ੍ਹਾਂ ਨੂੰ ਸਹਾਰਦੀ ਹੋਈ ਵੀ ਡੋਲਦੀ ਨਹੀਂ, ਪਰ ਆਪਣੇ ਮਨ ਦੀ ਵੇਦਨਾ ਨੂੰ ਪ੍ਰਗਟ ਕਰਦੀ ਹੋਈ ਕਹਿੰਦੀ ਹੈ:

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿੱਚ ਰਹਿੰਦੀ
ਰਗੜ ਰਗੜ ਕੇ ਹੱਥਾਂ ਉੱਤੇ ਲਾਉਂਦੇ
ਭੋਰੜ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਮੈਂ ਨਾ ਬਾਬਲਾ ਸਹਿੰਦੀ।

ਸ਼ਰੀਕ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਦੇ। ਮਜਬੂਰੀ ਵੱਸ ਤਾਅਨੇ ਝੱਲਣੇ ਪੈਂਦੇ ਹਨ। ਅਜਿਹੇ ਮੌਕੇ ਔਰਤ ਸਬਰ ਸੰਤੋਖ ਦਾ ਸਹਾਰਾ ਲੈ ਕੇ ਕਹਿੰਦੀ ਹੈ:

ਮਹਿੰਦੀ ਮਹਿੰਦੀ ਹਰ ਕੋਈ ਕਹਿੰਦਾ
ਮਹਿੰਦੀ ਬਾਗ਼ ਵਿੱਚ ਰਹਿੰਦੀ
ਰਗੜ ਰਗੜ ਕੇ ਹੱਥਾਂ ਉੱਤੇ ਲਾਉਂਦੇ
ਬੱਤੀਆਂ ਬਣ ਬਣ ਲਹਿੰਦੀ
ਬੋਲ ਸ਼ਰੀਕਾਂ ਦੇ
ਵਖ਼ਤ ਪਏ ਤੋਂ ਸਹਿੰਦੀ।

ਮਹਿੰਦੀ ਹੱਥਾਂ ਉੱਤੇ ਲਾਉਣ ਨਾਲ ਹੱਥਾਂ ਦੀ ਸੁੰਦਰਤਾ ਵਧਦੀ ਹੈ। ਵਿਆਂਦੜ ਦੇ ਮਹਿੰਦੀ ਲਾਉਣੀ ਸ਼ਗਨ ਮੰਨਿਆ ਜਾਂਦਾ ਹੈ। ਉਂਜ ਵਿਆਹ ਸ਼ਾਦੀ ਦੇ ਮੌਕੇ ਔਰਤਾਂ ਮਹਿੰਦੀ ਲਾਉਂਦੀਆਂ ਹਨ, ਪਰ ਸਭ ਤੋਂ ਪਹਿਲਾਂ ਵਿਆਹ ਵਾਲੀ ਕੁੜੀ ਦੇ ਮਹਿੰਦੀ ਲਾਈ ਜਾਂਦੀ ਹੈ। ਇਹ ਮਹਿੰਦੀ ਸੁੱਘੜ ਸਿਆਣੀ ਹੀ ਲਾਉਂਦੀ ਸੀ, ਜਿਸ ਨੂੰ ਮਹਿੰਦੀ ਲਾਉਣ ਦੀ ਜਾਚ ਹੁੰਦੀ ਸੀ। ਅੱਜਕੱਲ੍ਹ ਮਹਿੰਦੀ ਵਾਲੇ ਕਾਰਜ ਨੂੰ ਬਿਊਟੀ ਪਾਰਲਰ ਤੋਂ ਹੀ ਕਰਵਾ ਲਿਆ ਜਾਂਦਾ ਹੈ। ਲਾੜੇ ਦੇ ਮਹਿੰਦੀ ਲਾਉਣ ਦਾ ਹੱਕ ਭਰਜਾਈ ਨੂੰ ਦਿੱਤਾ ਜਾਂਦਾ ਹੈ ਤੇ ਇਸ ਦੇ ਬਦਲੇ ਭਰਜਾਈ ਨੂੰ ਉਹ ਸ਼ਗਨ ਵਜੋਂ ਕੁਝ ਰੁਪਏ ਦਿੰਦਾ ਹੈ। ਇੱਕ ਸਮਾਂ ਉਹ ਵੀ ਸੀ, ਜਦੋਂ ਬਰਾਤ ਦੋ-ਤਿੰਨ ਦਿਨ ਰਹਿੰਦੀ ਸੀ, ਉਸ ਸਮੇਂ ਲਾੜੇ ਦੇ ਮਹਿੰਦੀ ਉਸ ਦੀਆਂ ਸਾਲੀਆਂ ਲਾਉਂਦੀਆਂ ਸਨ। ਉਸ ਸਮੇਂ ਲਾੜਾ ਉਨ੍ਹਾਂ ਨੂੰ ਸ਼ਗਨ ਵਜੋਂ ਕੁਝ ਰੁਪਏ ਦਿੰਦਾ ਸੀ।

ਮਹਿੰਦੀ ਲਾਉਣ ਦਾ ਰਿਵਾਜ ਭਾਵੇਂ ਅਲੱਗ-ਅਲੱਗ ਹੈ, ਪਰ ਇਸ ਨੂੰ ਸਭ ਧਰਮਾਂ ਦੇ ਲੋਕ ਲਾਉਂਦੇ ਹਨ। ਉਂਜ ਮਹਿੰਦੀ ਲਾਉਣਾ ਖ਼ੁਸ਼ੀ ਦੀ ਨਿਸ਼ਾਨੀ ਹੈ, ਪਰ ਘਰ ਵਿੱਚ ਕਿਸੇ ਦੀ ਮੌਤ ਹੋਣ ਉੱਤੇ ਸੋਗ ਹੋ ਜਾਂਦਾ ਹੈ ਤਾਂ ਖ਼ੁਸ਼ੀ ਦਾ ਕੋਈ ਕਾਰਜ ਨਹੀਂ ਕੀਤਾ ਜਾਂਦਾ। ਜੇ ਕਿਸੇ ਔਰਤ ਦੇ ਪਤੀ ਦੀ ਮੌਤ ਹੋ ਜਾਵੇ ਤਾਂ ਸੋਗ ਖ਼ਤਮ ਕਰਾਉਣ ਲਈ ਉਸ ਦੇ ਪੇਕਿਆਂ ਵੱਲੋਂ ਮਹਿੰਦੀ, ਚੂੜੀਆਂ, ਡੋਰੀ ਭਾਵ ਪਰਾਂਦੀ ਦਿੱਤੀ ਜਾਂਦੀ ਹੈ, ਕਿਉਂਕਿ ਸੋਗ ਗ੍ਰਸਤ ਔਰਤ ਆਪਣੇ ਵਾਲ ਖੁੱਲ੍ਹੇ ਰੱਖਦੀ ਹੈ। ਇਸ ਲਈ ਵਿਆਹ ਸ਼ਾਦੀ ਵਰਗੇ ਕਾਰਜ ਕਰਨ ਲਈ ਸੋਗ ਵਧਾਉਣਾ ਜਾਂ ਖਤਮ ਕੀਤਾ ਜਾਂਦਾ ਹੈ। ਮੌਤ ਭਾਵੇਂ ਕਹਿਰ ਦੀ ਹੋਵੇ, ਸੋਗ ਵਧਾਉਣ (ਖਤਮ) ਲਈ ਇਹ ਰਸਮ ਜ਼ਰੂਰ ਕੀਤੀ ਜਾਂਦੀ ਹੈ।

ਸਾਉਣ ਦਾ ਮਹੀਨਾ ਚੜ੍ਹਦਿਆਂ ਹੀ ਔਰਤਾਂ ਅਤੇ ਕੁੜੀਆਂ ਦੇ ਚਿਹਰਿਆਂ ਉੱਤੇ ਰੌਣਕ ਆ ਜਾਂਦੀ ਹੈ, ਕਿਉਂਕਿ ਸਾਉਣ ਦਾ ਮਹੀਨਾ ਖ਼ੁਸ਼ੀਆਂ ਦਾ ਮਹੀਨਾ ਹੈ। ਮੀਂਹ ਪੈਣ ਉੱਤੇ ਪਸ਼ੂ ਅਤੇ ਮਨੁੱਖ ਸਭ ਖ਼ੁਸ਼ ਹੋ ਜਾਂਦੇ ਹਨ, ਕਿਉਂਕਿ ਹਾੜ੍ਹ ਮਹੀਨੇ ਦੀ ਤਪਸ਼ ਤੋਂ ਬਾਅਦ ਮੌਸਮ ਵਿੱਚ ਤਬਦੀਲੀ ਆਉਂਦੀ ਹੈ। ਖਾਣ-ਪੀਣ ਵਿੱਚ ਵੀ ਬਦਲਾਅ ਆ ਜਾਂਦਾ ਹੈ। ਠੰਢੇ ਮੌਸਮ ਵਿੱਚ ਖਾਧੀਆਂ ਚੀਜ਼ਾਂ ਨੁਕਸਾਨ ਨਹੀਂ ਕਰਦੀਆਂ, ਜਦਕਿ ਗਰਮੀ ਵਿੱਚ ਬਣਾਉਣੀਆਂ ਵੀ ਔਖੀਆਂ ਅਤੇ ਖਾ ਕੇ ਹਜ਼ਮ ਕਰਨੀਆਂ ਵੀ ਔਖੀਆਂ ਹੁੰਦੀਆਂ ਹਨ। ਸਾਉਣ ਮਹੀਨੇ ਵਿੱਚ ਤੀਆਂ ਲੱਗਦੀਆਂ ਹਨ। ਕੁੜੀਆਂ ਤੇ ਵਹੁਟੀਆਂ ਤੀਆਂ ਵਿੱਚ ਜਾ ਕੇ ਖ਼ੁਸ਼ੀ ਮਨਾਉਂਦੀਆਂ ਹਨ। ਪੀਂਘਾਂ ਝੂਟਦੀਆਂ ਅਤੇ ਮਨ ਦੇ ਭਾਵਾਂ ਨੂੰ ਬੋਲੀਆਂ ਰਾਹੀਂ ਪ੍ਰਗਟ ਕਰਦੀਆਂ ਹਨ।

ਇਸ ਤਰ੍ਹਾਂ ਇਸ ਤਿਉਹਾਰ ਨੂੰ ਮਨਾਉਣ ਲਈ ਦੂਜ ਵਾਲੇ ਦਿਨ ਜਦੋਂ ਮਹਿੰਦੀ ਲਾਈ ਜਾਂਦੀ ਹੈ ਤਾਂ ਕੁੜੀਆਂ ਇੱਕ ਦੂਜੀ ਦੇ ਮਹਿੰਦੀ ਲਾਉਂਦੀਆਂ ਸਨ। ਸੁੱਕੀ ਮਹਿੰਦੀ ਹੱਟੀ ਜਾਂ ਦੁਕਾਨ ਤੋਂ ਮੁੱਲ ਲਿਆਂਦੀ ਜਾਂਦੀ, ਪਰ ਹਰੀ ਮਹਿੰਦੀ ਬਾਗ਼ ਵਿੱਚੋਂ ਤੋੜ ਕੇ ਲਿਆਉਂਦੇ। ਅਜਿਹੇ ਕਾਰਜ ਘਰ ਦੇ ਮਰਦ ਮੈਂਬਰ ਖ਼ੁਸ਼ੀ ਨਾਲ ਪੂਰੇ ਕਰਦੇ ਹਨ। ਉਨ੍ਹਾਂ ਅੰਦਰ ਆਪਣੇ ਪਰਿਵਾਰ ਦੀਆਂ ਨੂੰਹਾਂ ਤੇ ਧੀਆਂ ਦੇ ਚਾਵਾਂ ਨੂੰ ਪੂਰਾ ਕਰਨ ਦਾ ਇੱਕ ਵਧੀਆ ਮੌਕਾ ਹੁੰਦਾ ਸੀ। ਕੁਝ ਮਰਦ ਤਾਂ ਮਹਿੰਦੀ ਰਗੜਨ ਵਿੱਚ ਵੀ ਹੱਥ ਵਟਾਉਂਦੇ ਸਨ। ਪਰਿਵਾਰ ਦੇ ਮੈਂਬਰ ਦੇ ਸਹਿਯੋਗ ਸਦਕਾ ਉਨ੍ਹਾਂ ਦੀ ਖ਼ੁਸ਼ੀ ਹੋਰ ਵਧ ਜਾਂਦੀ। ਗਿੱਧੇ ਵਿੱਚ ਮਹਿੰਦੀ ਵਾਲੇ ਹੱਥਾਂ ਦੀਆਂ ਸਿਫਤਾਂ ਕਰਦੇ ਹੋਏ ਇਹ ਬੋਲੀ ਪਾਈ ਜਾਂਦੀ:

ਲਾ ਕੇ ਗੋਰਿਆਂ ਹੱਥਾਂ ਉੱਤੇ ਮਹਿੰਦੀ
ਗਿੱਧੇ ਦੇ ਵਿੱਚ ਨੱਚਦੀ ਫਿਰੇ।

ਵਿਆਹ ਵੇਲੇ ਜਦੋਂ ਲਾੜੇ ਦੇ ਮਹਿੰਦੀ ਲਾਈ ਜਾਂਦੀ ਹੈ ਤਾਂ ਉਸ ਸਮੇਂ ਇਹ ਗੀਤ ਗਾਇਆ ਜਾਂਦਾ ਹੈ, ਕਿਉਂਕਿ ਵਿਆਹ ਦੇ ਹਰ ਕਾਰਜ ਨੂੰ ਗੀਤ ਗਾ ਕੇ ਹੀ ਸ਼ੁਰੂ ਕੀਤਾ ਜਾਂਦਾ ਹੈ:

ਆ ਵੇ ਬੰਨਾ, ਲਾ ਸ਼ਗਨਾਂ ਦੀ ਮਹਿੰਦੀ
ਮਹਿੰਦੀ ਦਾ ਰੰਗ ਸੂਹਾ ਲਾਲ।

ਸਾਉਣ ਮਹੀਨੇ ਪਿੱਛੋਂ ਕਰਵਾ ਚੌਥ ਦੇ ਵਰਤ ਮੌਕੇ ਵੀ ਔਰਤਾਂ ਆਪਣੇ ਹੱਥਾਂ ਨੂੰ ਮਹਿੰਦੀ ਲਾ ਕੇ ਸ਼ਿੰਗਾਰਦੀਆਂ ਹਨ। ਘਰ ਵਿੱਚ ਮਹਿੰਦੀ ਲਾਉਣ ਦਾ ਰਿਵਾਜ ਭਾਵੇਂ ਘਟ ਗਿਆ ਤੇ ਬਾਹਰ ਜਾ ਕੇ ਲਵਾਉਣ ਦਾ ਰਿਵਾਜ ਵਧ ਗਿਆ ਹੈ। ਇਹੋ ਜਿਹੇ ਮਹਿੰਦੀ ਵਾਲੇ ਹੱਥਾਂ ਦੀ ਚਰਚਾ ਦੂਰ-ਦੂਰਤੱਕ ਹੁੰਦੀ ਹੈ। ਲੋਕ-ਗੀਤਾਂ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਹੈ:

ਮਹਿੰਦੀ ਵਾਲੇ ਹੱਥਾਂ ਵਿੱਚ ਛੱਲੇ ਮੁੰਦੀਆਂ
ਤੇਰੀਆਂ ਨੀਂ ਗੱਲਾਂ ਮੇਲਿਆਂ'ਚ ਹੁੰਦੀਆਂ।

ਇਹ ਮਹਿੰਦੀ ਦੇਖਣ ਤੇ ਸੁਣਨ ਵਿੱਚ ਸਿਰਫ਼ ਰਿਵਾਜ ਹੈ, ਪਰ ਇਸ ਦੀ ਮਹਾਨਤਾ ਇਹੀ ਹੈ ਕਿ ਇਸ ਦੀ ਵਰਤੋਂ ਯੋਗ ਸਮੇਂ ਕਰਨਾ ਸੱਭਿਆਚਾਰ ਦੀ ਪਛਾਣ ਹੈ।

## ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ...

–ਸੁਖਪਾਲ ਸਿੰਘ ਗਿੱਲ



ਧੀ ਜਦੋਂ ਸੋਝੀ ਸੰਭਾਲਣ ਲੱਗਦੀ ਤਾਂ ਮਾਂ ਵੱਲੋਂ ਉਸ ਨੂੰ ਸਿਖਾਂਦਰੂ ਬਣਾਉਣ ਲਈ ਘਰ ਵਿੱਚ ਹੀ ਸਿਖਲਾਈ ਦੇਣੀ ਸ਼ੁਰੂ ਕਰ ਦਿੱਤੀ ਜਾਂਦੀ। ਇਸ ਤਰ੍ਹਾਂ ਰੋਜ਼ਾਨਾ ਦੇ ਜੀਵਨ ਦੇ ਨਾਲ-ਨਾਲ ਉਹ ਆਸਾਨੀ ਨਾਲ ਸਭ ਕੁਝ ਸਿੱਖ ਜਾਂਦੀ ਸੀ। ਪਰਿਵਾਰਾਂ ਵਿੱਚ ਧੀਆਂ ਦੇ ਔਰਤ ਬਣਨ ਦੇ ਸਮੇਂ ਤੱਕ ਸਮਾਜੀਕਰਨ ਲਈ ਵੱਖ-ਵੱਖ ਤਰ੍ਹਾਂ ਦੇ ਪੜਾਅ ਆਉਂਦੇ ਸਨ। ਕਸੀਦਾ ਕੱਢਣਾ ਅਤੇ ਹੋਰ ਕਈ ਤਰ੍ਹਾਂ ਦੇ ਕਲਾਕਾਰੀ ਨਾਲ ਸਬੰਧਿਤ ਕੰਮ ਉਨ੍ਹਾਂ ਨੂੰ ਰੋਜ਼ਾਨਾ ਪਰਿਵਾਰਾਂ ਵਿੱਚ ਮਿਲ ਜਾਂਦੇ ਸਨ। ਪਹਿਲਾਂ ਦੇ ਸਮੇਂ ਵਿੱਚ ਔਰਤ ਦਾ ਘਰ ਦੇ ਕੰਮਾਂ ਵਿੱਚ ਮਾਹਰ ਹੋਣਾ ਉਸ ਦਾ ਸਮਾਜੀਕਰਨ ਸਮਝਿਆ ਜਾਂਦਾ ਸੀ। ਇਸ ਤਰ੍ਹਾਂ ਸ਼ੁਰੂਆਤੀ ਦੌਰ ਵਿੱਚ ਫੁਲਕਾਰੀ ਔਰਤ ਦੇ ਸਮਾਜੀਕਰਨ ਦੀ ਬੁਨਿਆਦ ਬਣੀ।

ਫੁਲਕਾਰੀ ਨਾਮ ਤੋਂ ਸਪੱਸ਼ਟ ਹੈ ਕਿ ਫੁੱਲਾਂ ਦੀ ਕਾਰੀਗਰੀ। ਵਿਆਕਰਨ ਦੇ ਤੌਰ ਉੱਤੇਫੁੱਲ+ਕਾਰੀ ਮੰਨਿਆ ਜਾਂਦਾ ਹੈ। ਜਿਸ ਦਾ ਭਾਵ ਫੁੱਲਾਂ ਦੇ ਕੰਮ ਦੀ ਕਲਾਕਾਰੀ ਹੈ। ਪੰਜਾਬੀ ਸੱਭਿਆਚਾਰ ਤੇ ਜੀਵਨ ਜਾਚ ਨਾਲ ਜਿਸਮ ਰੂਹ ਦਾ ਸੁਮੇਲ ਰੱਖਦੀ ਫੁਲਕਾਰੀ ਦਾ ਆਰੰਭ ਪੰਜਾਬ ਦੀਆਂ ਔਰਤਾਂ ਵਿੱਚ ਪੰਦਰਵੀਂ ਸਦੀ ਵਿੱਚਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਫੁਲਕਾਰੀ ਆਪਣੀ ਬੁੱਕਲ ਵਿੱਚ ਹੁਨਰ ਦੀ ਪੇਸ਼ਕਾਰੀ ਸਾਂਭੀ ਬੈਠੀ ਹੈ। ਇਸ ਨੂੰ ਲੋਕ ਕਢਾਈ ਵਜੋਂ ਵੀ ਮੰਨਿਆ ਜਾਂਦਾ ਹੈ। ਇਸ ਵਿੱਚ ਲੋਕਾਂ ਦਾ ਜੀਵਨ ਤੇ ਰਸਮ ਰਿਵਾਜ ਸਿਰਜੇ ਜਾਂਦੇ ਹਨ। ਬਹੁਤੇ ਕਬੀਲਿਆਂ ਵਿੱਚ ਫੁਲਕਾਰੀ ਪ੍ਰਚੱਲਿਤ ਰਹੀ, ਪਰ ਪੰਜਾਬ ਨੇ ਵੱਖਰੀ ਪਛਾਣ ਬਣਾਈ। ਪੰਜਾਬ ਵਿੱਚ ਜਿਵੇਂ ਦੁੱਧ ਵੇਚਣ ਨੂੰ ਮਾੜਾ ਮੰਨਿਆ ਜਾਂਦਾ ਸੀ, ਉਸੇ ਤਰ੍ਹਾਂ ਫੁਲਕਾਰੀ ਨਹੀਂ ਵੇਚੀ ਜਾਂਦੀ ਸੀ, ਬਲਕਿ ਘਰ ਵਿੱਚ ਗਹਿਣਾ ਬਣਾ ਕੇ ਸਾਂਭਿਆ ਜਾਂਦਾ ਸੀ। ਅਜੋਕੇ ਸਮੇਂ ਫੁਲਕਾਰੀ ਦੀ ਚਮਕ-ਦਮਕ ਬਦਲਵੇਂ ਰੂਪਵਿੱਚ ਮਿਲਦੀ ਹੈ, ਪਰ ਹੱਥੀਂ ਹੁਨਰ ਤੋਂ ਬਿਨਾਂ ਇਹ ਆਪਣਾ ਮੂਲ ਰੂਪ ਪਛਾੜ ਲੈਂਦੀ ਹੈ।

ਫੁਲਕਾਰੀ ਕੱਪੜੇ ਦੇ ਫੁੱਲਾਂ ਦੀ ਕਸੀਦਾਕਾਰੀ ਸੀ, ਪਰ ਪੁਰਾਤਨ ਪੰਜਾਬ ਵਿੱਚ ਫੁਲਕਾਰੀ ਨੇ ਕਈ ਰੂਪ ਬਣਾ ਲਏ ਜਿਸ ਨੇ ਪੰਜਾਬੀ ਸੱਭਿਆਚਾਰ ਨੂੰ ਵੰਨ-ਸੁਵੰਨੇ ਰੂਪਵਿੱਚ ਪੇਸ਼ ਕੀਤਾ। ਫੁਲਕਾਰੀ ਦੀ ਤਿਲ ਪੱਤਰੀ ਕਿਸਮ ਵਿਆਹ ਦੇ ਸਮੇਂ ਲਾਗ ਵਿੱਚਦਿੱਤੀ ਜਾਂਦੀ ਸੀ। ਚੋਪ ਕਿਸਮ ਦੀ ਫੁਲਕਾਰੀ ਲੜਕੀ ਦੇ ਵਿਆਹ ਸਮੇਂ ਨਾਨੀ ਆਪਣੀ ਦੋਹਤੀ ਨੂੰ ਸੌਗਾਤ ਵਜੋਂ ਦਿੰਦੀ ਸੀ, ਜਿਸ ਦਾ ਆਕਾਰ ਵੱਡਾ ਹੁੰਦਾ ਸੀ। ਸੁੱਭਰ ਕਿਸਮ ਦੀ ਫੁਲਕਾਰੀ ਫੇਰਿਆਂ ਵੇਲੇ ਕੁੜੀ ਉੱਪਰ ਦਿੱਤੀ ਜਾਂਦੀ ਸੀ। ਨੀਲਕ ਕਿਸਮ ਦੀ ਫੁਲਕਾਰੀ ਖੱਦਰ ਉੱਤੇ ਗੂੜ੍ਹੇ ਰੰਗ ਨਾਲ ਕੱਢੀ ਜਾਂਦੀ ਸੀ। ਇਹ ਕੁੜੀ ਦੇ ਦਾਜ ਲਈ ਜ਼ਰੂਰੀ ਹੁੰਦੀ ਸੀ। ਛਮਾਸ ਫੁਲਕਾਰੀ ਸ਼ੀਸ਼ੇ ਦੇ ਗੋਲ ਟੁਕੜਿਆਂ ਨਾਲ ਜੜੀ ਹੁੰਦੀ ਸੀ। ਘੁੰਗਟਬਾਗ ਫੁਲਕਾਰੀ ਸਿਰ ਦੇ ਉਤਲੇ ਹਿੱਸੇ ਉੱਤੇ ਤਿੱਕੋਣੀ ਕਢਾਈ ਵਾਲੀ ਹੁੰਦੀ ਸੀ। ਬਾਗ਼ ਬਹੁਤ ਮਿਹਨਤ ਨਾਲ ਤਿਆਰ ਕੀਤੀ ਜਾਣ ਵਾਲੀ ਫੁਲਕਾਰੀ ਸੀ। ਇਸ ਉੱਤੇ ਵੀ ਤਿੱਕੋਣੀ ਕਢਾਈ ਹੁੰਦੀ ਸੀ। ਇਸ ਦੀ ਕਢਾਈ ਬਹੁਤ ਸੰਘਣੀ ਹੁੰਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਖਿੱਤਿਆਂ ਵਿੱਚਵੱਖਵੱਖ ਕਿਸਮਾਂ ਦੇ ਨਾਮ ਵੀ ਹਨ, ਪਰ ਸਾਰਿਆਂ ਦਾ ਮੁੱਖ ਨਿਸ਼ਾਨਾ ਫੁੱਲਾਂ ਦੀ ਚਿੱਤਰਕਾਰੀ ਹੀ ਹੈ।

ਫੁਲਕਾਰੀ ਸ਼ਗਨ ਅਤੇ ਸ਼ੁਭ ਕੰਮ ਦਾ ਪ੍ਰਤੀਕ ਹੁੰਦੀ ਸੀ। ਅੱਜ ਡੋਲੀ ਵਾਲੀ ਕਾਰ ਉੱਤੇ ਵੀ ਫੁਲਕਾਰੀ ਦੇਖੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੇ ਸ਼ਗਨ ਦੇ ਪ੍ਰਤੀਕ ਵਜੋਂ ਮੱਥਾ ਟੇਕਣ ਜਾਣ ਸਮੇਂ ਭੈਣਾਂ ਵੱਲੋਂ ਫੁਲਕਾਰੀ ਸਿਰ ਉੱਤੇ ਤਾਣੀ ਜਾਂਦੀ ਸੀ। ਇਸ ਸਮੇਂ ਦੀ ਵੰਨਗੀ ਹੈ:

ਫੁਲਕਾਰੀ ਮੇਰੀ ਮਾਂ ਨੇ ਕੱਢੀ,
ਵੀਰਾ ਤੇਰੇ ਉੱਤੇ ਤਾਣੀ
ਚੰਦ ਵਰਗੀ ਭਾਬੋ ਵੀਰਾ,
ਕੱਲ੍ਹ ਨੂੰ ਵਿਆਹ ਕੇ ਲਿਆਉਣੀ

ਗਿੱਧੇ ਨਾਲ ਗੂੜ੍ਹਾ ਸਬੰਧ ਰੱਖਦੀ ਫੁਲਕਾਰੀ ਹੱਥੀਂ ਕਿਰਤ ਦਾ ਸ਼ਿੰਗਾਰ ਮੰਨੀ ਜਾਂਦੀ ਹੈ। ਅੱਜ ਮਸ਼ੀਨੀ ਯੁੱਗ ਵਿੱਚ ਫੁਲਕਾਰੀ ਦੀ ਉਹ ਗੱਲ ਨਹੀਂ ਰਹੀ। ਫੁਲਕਾਰੀ ਤ੍ਰਿੰਝਣ ਵਾਂਗ ਕੁੜੀਆਂ ਦੇ ਗਰੁੱਪਵਿੱਚ ਵੀ ਕੱਢੀ ਜਾਂਦੀ ਸੀ। ਉਸ ਸਮੇਂ ਭਾਈਚਾਰਕ ਏਕਤਾ ਵੀ ਹੁੰਦੀ ਸੀ। ਦਾਜ ਦੀ ਤਿਆਰੀ ਵੀ ਫੁਲਕਾਰੀ ਹੁੰਦੀ ਸੀ। ਇਹ ਕੁੜੀਆਂ ਦੇ ਸੁਹੱਪਣ ਨੂੰ ਦੂਣਾ ਵੀ ਕਰਦੀ ਹੈ। ਫੁਲਕਾਰੀ ਦੇ ਵੇਲ, ਬੂਟਿਆਂ ਤੇ ਚਿੱਤਰਾਂ ਤੋਂ ਲੋਕ ਬੋਲੀ ਆਪ ਮੁਹਾਰੇ ਹੀ ਉੱਭਰ ਜਾਂਦੀ ਹੈ:

ਹੁਸਨ ਗੋਰੀ ਦਾ ਚੋ-ਚੋ ਪੈਂਦਾ,
ਜਿਉਂ ਮਾਖਿਓਂ ਮਖਿਆਰੀ ਦਾ
ਨੈਣ ਗੋਰੀ ਦੇ ਕੱਜਲਾ ਪਾਇਆ,
ਡਾਢਾ ਰੰਗ ਫੁਲਕਾਰੀ ਦਾ

ਫੁਲਕਾਰੀ ਪੀੜ੍ਹੀ ਦਰ ਪੀੜ੍ਹੀ ਚੱਲਦੀ ਹੈ। ਇਹ ਬੇਬੇ ਦੇ ਸੰਦੂਕਾਂ ਦਾ ਸ਼ਿੰਗਾਰ ਅੱਜ ਵੀ ਬਣੀ ਹੋਈ ਹੈ। ਇੱਕ ਪੀੜ੍ਹੀ ਦੂਜੀ ਪੀੜ੍ਹੀ ਲਈ ਸੌਗਾਤ ਵਿੱਚ ਫੁਲਕਾਰੀ ਛੱਡ ਜਾਂਦੀ ਹੈ। ਅਜੋਕੇ ਸਮੇਂ ਫੁਲਕਾਰੀ ਨੂੰ ਆਪਣੇ ਰੰਗਾਂ-ਢੰਗਾਂ ਨਾਲ ਵਰਤਿਆ ਜਾਂਦਾ ਹੈ। ਕਈ ਪਾਰਖੂ ਅੱਜ ਵੀ ਪੁਰਾਤਨ ਫੁਲਕਾਰੀ ਸਾਂਭੀ ਬੈਠੇ ਹਨ। ਕਈ ਘਰਾਂ ਨੂੰ ਇਸ ਦੀ ਕੀਮਤ ਦਾ ਬਹੁਤਾ ਗਿਆਨ ਵੀ ਨਹੀਂ। ਫੁਲਕਾਰੀ ਦੇ ਤੋਹਫ਼ੇ ਘਰਾਣਿਆਂ ਦੀ ਵੱਖਰੀ ਪਛਾਣ ਕਰਾਉਂਦੇ ਹਨ। ਮੁਟਿਆਰਾਂ ਦੇ ਅਰਮਾਨ ਅੱਜ ਵੀ ਇਸ ਫੁਲਕਾਰੀ ਵਿੱਚ ਦੇਖੇ ਜਾ ਸਕਦੇ ਹਨ। ਔਰਤ ਲਈ ਘਰ, ਮੰਦਰ ਅਤੇ ਫੁਲਕਾਰੀ ਇਸ ਦੀ ਮਾਲਾ ਸਮਝੀ ਜਾਂਦੀ ਸੀ। ਪੰਜਾਬਣ ਦੇ ਸੁਹੱਪਣ ਨੂੰ ਕੱਜਣ ਲਈ ਇਹ ਅੱਜ ਵੀ ਸੋਨੇ ਉੱਤੇ ਸੁਹਾਗੇ ਦਾ ਰੂਪ ਮੰਨੀ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਫੁਲਕਾਰੀ ਨੂੰ ਆਪਣੀ ਰਚਨਾ ਵਿੱਚ ਪਰੋਅ ਕੇ ਇਸ ਨੂੰ ਤਰੋਤਾਜ਼ਾ ਰੱਖਿਆ ਹੋਇਆ ਹੈ:

ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ,
ਅੰਬਰ ਦਾ ਇੱਕ ਆਲਾ
ਸੂਰਜ ਬਾਲ ਦਿਆਂ
ਮਨ ਦੀ ਉੱਚੀ ਮੰਮਟੀ ਦੀਵਾ ਕੌਣ ਧਰੇ

ਆਜ਼ਾਦੀ ਤੋਂ ਬਾਅਦ ਪੰਜਾਬੀਆਂ ਨਾਲ ਫੁਲਕਾਰੀ ਦਾ ਰੰਗ ਫਿੱਕਾ ਪਿਆ ਹੈ। ਇਸ ਦਾ ਕਾਰਨ ਤਕਨੀਕੀ ਤਰੱਕੀ ਸਮਝੀ ਜਾਂਦੀ ਹੈ। ਫੁਲਕਾਰੀ ਅੱਜ ਵੀ ਦਿਖਾਵੇ ਵਾਲੇ ਯੁੱਗ ਵਿੱਚ ਕਿਤੇ ਵੱਧ ਹਕੀਕੀ ਲੱਗਦੀ ਹੈ ਅਤੇ ਪੰਜਾਬ ਦੀ ਧੀ ਪੰਜਾਬਣ ਹੋਣ ਦਾ ਮਾਣ ਫੁਲਕਾਰੀ ਜ਼ਰੀਏ ਅੱਜ ਵੀ ਦਿੰਦੀ ਹੈ:

ਮੈਂ ਜੱਟੀ ਪੰਜਾਬ ਦੀ, ਮੇਰੇ ਗਜ਼-ਗਜ਼ ਲੰਬੇ ਕੇਸ
ਮੇਰੇ ਸਿਰ ਫੁਲਕਾਰੀ ਸੋਂਹਦੀ ਤੇ ਸੂਹਾ-ਸੂਹਾ ਵੇਸ

ਅੱਜਇੱਕ ਵੰਨਗੀ ਦੇ ਤੌਰ ਉੱਤੇ ਫੁਲਕਾਰੀ ਦੇਖੀਜਾਂਦੀ ਹੈ, ਪਰ ਹਕੀਕਤ ਵਿੱਚ ਇਹ ਅੱਜ ਦੀ ਪੀੜ੍ਹੀਦੀ ਰੂਹ ਦੀ ਆਵਾਜ਼ ਨਹੀਂ ਬਣਦੀ। ਇਸੇ ਲਈ ਅੱਜ ਇਹ ਵੰਨਗੀ ਵੀ ਕੁੜੀਆਂ ਦੇ ਪਾੜੇ ਵਿੱਚੋਂ ਗੁੰਮ ਗਈ ਲੱਗਦੀ ਹੈ:

ਦਿਆਂ ਲੱਖ ਫੁਲਕਾਰੀਆਂ ਜਿੱਥੇ ਧੀ ਦਾ ਆਦਰ ਹੋ

ਸ਼ਾਲਾ! ਪੰਜਾਬ ਦੇ ਵਿਰਸੇ ਵਿੱਚੋਂ ਗੁੰਮ ਹੋਈਆਂ ਚੀਜ਼ਾਂ ਅਤੇ ਖ਼ਾਸ ਤੌਰ ਉੱਤੇ ਫੁਲਕਾਰੀ ਮੁੜ ਤੋਂ ਪੰਜਾਬ ਦੀ ਰੂਹ ਬਣ ਸਕੇ।


ARMAAN
ENTERPRISES INC
PATIO COVERS | RAILING | GATES
INSTALLATION & MAINTENANCE
RESIDENTIAL & COMMERCIAL PATIO COVERS
RAILING & GATES INSTALLATION, REPAIR & CLEANING
SERVING ALL LOWER MAINLAND / ISLAND
SPECIALIST IN:
ALUMINUM PANELS AND CLEAR GLASS OR LIGHT TINTED GLASS
WE INSTALLED PATIO COVERS AND RAILING, GATES IN REASONABLE PRICE
QUALITY WORKMANSHIP, BUILT TO LAST
QUALITY | RELIABILITY | SATISFACTION
BUILT FOR YOUR COMFORT. BUILT TO LAST.
M.S. MANGAT
604 710 1197
ARMAAN MANGAT
778 930 7500
armaanenterprisesinc7@gmail.com




# ਰੂਸੀ ਤੇਲ ਦੀ ਖਰੀਦ ਨੂੰ ਲੈ ਕੇ ਭਾਰਤ ’ਤੇ ਅਮਰੀਕੀ ਦਬਾਅ ਵਧਿਆ

## ਅਮਰੀਕੀ ਪ੍ਰਤੀਨਿਧ ਸਭਾ ਨੇ ਰੂਸ ਤੋਂ ਤੇਲ-ਗੈਸ ਖਰੀਦਣ ਵਾਲੇ ਦੇਸ਼ਾਂ ’ਤੇ ਭਾਰੀ ਟੈਕਸ ਲਾਉਣ ਵਾਲੇ ਬਿੱਲ ਨੂੰ ਦਿੱਤੀ ਮਨਜ਼ੂਰੀ; ਭਾਰਤ ਦੇ ਵਪਾਰ ਅਤੇ ਊਰਜਾ ਸੁਰੱਖਿਆ ’ਤੇ ਪੈ ਸਕਦਾ ਹੈ ਅਸਰ

ਰੂਸ ਤੋਂ ਕੱਚਾ ਤੇਲ ਖਰੀਦਣ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਵਿਚਾਲੇ ਤਣਾਅ ਦਾ ਇੱਕ ਹੋਰ ਪੱਖ ਸਾਹਮਣੇ ਆਇਆ ਹੈ। ਅਮਰੀਕੀ ਪ੍ਰਤੀਨਿਧ ਸਭਾ ਵੱਲੋਂ ਪਾਸ ਕੀਤਾ ਗਿਆ ਇੱਕ ਬਿੱਲ ਭਾਰਤ ਸਮੇਤ ਰੂਸੀ ਤੇਲ ਅਤੇ ਗੈਸ ਖਰੀਦਣ ਵਾਲੇ ਦੇਸ਼ਾਂ ’ਤੇ 100 ਫ਼ੀਸਦੀ ਤੱਕ ਵਾਧੂ ਟੈਕਸ ਲਗਾਉਣ ਦਾ ਰਾਹ ਖੋਲ੍ਹ ਸਕਦਾ ਹੈ। ਇਸ ਬਿੱਲ ਰਾਹੀਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਰੂਸ ’ਤੇ ਹੋਰ ਪਾਬੰਦੀਆਂ ਲਗਾਉਣ ਅਤੇ ਰੂਸੀ ਊਰਜਾ ਖਰੀਦਣ ਵਾਲੇ ਦੇਸ਼ਾਂ ’ਤੇ ਭਾਰੀ ਟੈਕਸ ਲਗਾਉਣ ਦਾ ਅਧਿਕਾਰ ਦੇਣ ਦੀ ਵਿਵਸਥਾ ਕੀਤੀ ਗਈ ਹੈ।

‘ਲਿੰਡਸੇ ਓ. ਗ੍ਰਾਹਮ ਸੈਂਕਸ਼ਨਿੰਗ ਰੂਸ਼ੀਆ ਐਂਡ ਇਰਾਨ ਐਕਟ ਆਫ਼ 2026’ ਨੂੰ ਅਮਰੀਕੀ ਸੈਨੇਟ ਤੋਂ ਬਾਅਦ ਪ੍ਰਤੀਨਿਧ ਸਭਾ ਵਿੱਚ ਵੀ ਮਨਜ਼ੂਰੀ ਮਿਲ ਗਈ ਹੈ। ਬੁੱਧਵਾਰ ਨੂੰ ਹੋਈ ਵੋਟਿੰਗ ਵਿੱਚ ਬਿੱਲ ਦੇ ਹੱਕ ਵਿੱਚ 262 ਅਤੇ ਵਿਰੋਧ ਵਿੱਚ 159 ਵੋਟਾਂ ਪਈਆਂ। ਹੁਣ ਇਸ ਨੂੰ ਕਾਨੂੰਨ ਬਣਨ ਲਈ ਰਾਸ਼ਟਰਪਤੀ ਡੋਨਲਡ ਟਰੰਪ ਕੋਲ ਭੇਜਿਆ ਜਾਵੇਗਾ।



ਇਸ ਪ੍ਰਸਤਾਵਿਤ ਕਾਨੂੰਨ ਤਹਿਤ ਰੂਸੀ ਤੇਲ ਅਤੇ ਗੈਸ ’ਤੇ ਨਿਰਭਰਤਾ ਘਟਾਉਣ ਲਈ ਭਾਰਤ, ਚੀਨ ਅਤੇ ਹੋਰ ਦੇਸ਼ਾਂ ’ਤੇ ਵਾਧੂ ਟੈਕਸ ਲਗਾਉਣ ਦਾ ਰਾਹ ਖੁੱਲ੍ਹ ਸਕਦਾ ਹੈ। ਹਾਲਾਂਕਿ, ਭਾਰਤੀ ਨਿਰਯਾਤ ’ਤੇ ਇਸ ਦਾ ਅਸਲ ਪ੍ਰਭਾਵ ਇਸ ਗੱਲ ’ਤੇ ਨਿਰਭਰ ਕਰੇਗਾ ਕਿ ਅਮਰੀਕਾ ਵੱਲੋਂ ਟੈਕਸ ਦੀ ਦਰ, ਕਿਹੜੇ ਉਤਪਾਦ ਇਸ ਦੇ ਘੇਰੇ ਵਿੱਚ ਆਉਣਗੇ ਅਤੇ ਇਸ ਨੂੰ ਕਦੋਂ ਤੋਂ ਲਾਗੂ ਕੀਤਾ ਜਾਵੇਗਾ, ਇਸ ਬਾਰੇ ਕੀ ਫ਼ੈਸਲਾ ਲਿਆ ਜਾਂਦਾ ਹੈ।

ਥਿੰਕ ਟੈਂਕ ਜੀ.ਟੀ.ਆਰ.ਆਈ. ਨੇ ਕਿਹਾ ਹੈ ਕਿ ਜਦੋਂ ਤੱਕ ਅਮਰੀਕਾ ਵੱਲੋਂ ਇਨ੍ਹਾਂ ਵੇਰਵਿਆਂ ਦਾ ਐਲਾਨ ਨਹੀਂ ਕੀਤਾ ਜਾਂਦਾ, ਉਦੋਂ ਤੱਕ ਭਾਰਤੀ ਨਿਰਯਾਤ ’ਤੇ ਪੈਣ ਵਾਲੇ ਅਸਲ ਪ੍ਰਭਾਵ ਦਾ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ। ਜੀ.ਟੀ.ਆਰ.ਆਈ. ਦੇ ਸੰਸਥਾਪਕ ਅਜੈ ਸ਼੍ਰੀਵਾਸਤਵ ਨੇ ਕਿਹਾ ਕਿ ਇਸ ਕਾਨੂੰਨ ਨਾਲ ਰੂਸ ’ਤੇ ਲਾਈਆਂ ਜਾਣ ਵਾਲੀਆਂ ਪਾਬੰਦੀਆਂ ਨੂੰ ਵਪਾਰਕ ਦਬਾਅ ਦੇ ਸਾਧਨ ਵਜੋਂ ਵਰਤਣ ਦੀ ਸੰਭਾਵਨਾ ਵਧ ਸਕਦੀ ਹੈ।

ਉਨ੍ਹਾਂ ਮੁਤਾਬਕ ਵਾਸ਼ਿੰਗਟਨ ਵੱਲੋਂ 100 ਫ਼ੀਸਦੀ ਤੱਕ ਟੈਕਸ ਦੀ ਧਮਕੀ ਦਿੱਤੀ ਜਾ ਸਕਦੀ ਹੈ ਅਤੇ ਬਾਅਦ ਵਿੱਚ ਰੂਸੀ ਤੇਲ ਦੀ ਖਰੀਦ ਘਟਾਉਣ ਜਾਂ ਅਮਰੀਕਾ ਨਾਲ ਦੁਵੱਲੇ ਵਪਾਰ ਸਮਝੌਤੇ ਵਿੱਚ ਕੁਝ ਰਿਆਇਤਾਂ ਸਵੀਕਾਰ ਕਰਨ ਦੇ ਬਦਲੇ ਘੱਟ ਟੈਕਸ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ। ਉਨ੍ਹਾਂ ਭਾਰਤ ਨੂੰ ਇਹ ਵੀ ਕਿਹਾ ਕਿ ਥੋੜ੍ਹੇ ਸਮੇਂ ਦੀ ਟੈਕਸ ਰਾਹਤ ਲਈ ਆਪਣੀ ਊਰਜਾ ਸੁਰੱਖਿਆ ਨਾਲ ਜੁੜੇ ਫ਼ੈਸਲਿਆਂ ’ਤੇ ਸਮਝੌਤਾ ਨਹੀਂ ਕਰਨਾ ਚਾਹੀਦਾ।

### ਭਾਰਤ ਦੀ ਕੱਚੇ ਤੇਲ ਲਈ ਦਰਾਮਦ ’ਤੇ ਵੱਡੀ ਨਿਰਭਰਤਾ

ਜੀ.ਟੀ.ਆਰ.ਆਈ. ਅਨੁਸਾਰ ਭਾਰਤ ਆਪਣੀਆਂ ਕੱਚੇ ਤੇਲ ਦੀਆਂ ਲੋੜਾਂ ਦਾ 88 ਫ਼ੀਸਦੀ ਤੋਂ ਵੱਧ ਹਿੱਸਾ ਦਰਾਮਦ ਕਰਦਾ ਹੈ। ਇਸ ਕਰਕੇ ਕੱਚੇ ਤੇਲ ਦੇ ਸਰੋਤਾਂ ਅਤੇ ਕੀਮਤਾਂ ਵਿੱਚ ਹੋਣ ਵਾਲੀ ਤਬਦੀਲੀ ਦਾ ਸਿੱਧਾ ਪ੍ਰਭਾਵ ਦੇਸ਼ ਦੀ ਅਰਥਵਿਵਸਥਾ ’ਤੇ ਪੈ ਸਕਦਾ ਹੈ।

ਜੁਲਾਈ 2026 ਵਿੱਚ ਰੂਸ ਨੇ ਭਾਰਤ ਨੂੰ 7.27 ਅਰਬ ਅਮਰੀਕੀ ਡਾਲਰ ਦਾ ਕੱਚਾ ਤੇਲ ਸਪਲਾਈ ਕੀਤਾ। ਇਹ ਭਾਰਤ ਵੱਲੋਂ ਉਸ ਮਹੀਨੇ ਕੀਤੀ ਗਈ ਕੁੱਲ 14.21 ਅਰਬ ਅਮਰੀਕੀ ਡਾਲਰ ਦੀ ਕੱਚੇ ਤੇਲ ਦੀ ਦਰਾਮਦ ਦਾ ਲਗਭਗ 51.1 ਫ਼ੀਸਦੀ ਸੀ।

ਇਸ ਦੌਰਾਨ ਸੰਯੁਕਤ ਅਰਬ ਅਮੀਰਾਤ ਨੇ ਭਾਰਤ ਦੀ ਜੁਲਾਈ ਮਹੀਨੇ ਦੀ ਕੱਚੇ ਤੇਲ ਦੀ ਦਰਾਮਦ ਵਿੱਚ 10.8 ਫ਼ੀਸਦੀ, ਸਾਊਦੀ ਅਰਬ ਨੇ 9.6 ਫ਼ੀਸਦੀ, ਵੇਨੇਜ਼ੁਏਲਾ ਨੇ 6.3 ਫ਼ੀਸਦੀ, ਬ੍ਰਾਜ਼ੀਲ ਨੇ 5.5 ਫ਼ੀਸਦੀ, ਓਮਾਨ ਨੇ 5.3 ਫ਼ੀਸਦੀ ਅਤੇ ਅਮਰੀਕਾ ਨੇ 2.9 ਫ਼ੀਸਦੀ ਹਿੱਸਾ ਪਾਇਆ।

ਅਜੈ ਸ਼੍ਰੀਵਾਸਤਵ ਮੁਤਾਬਕ ਭਾਰਤ ਦੇ ਕੱਚੇ ਤੇਲ ਦੇ ਸਰੋਤਾਂ ਵਿੱਚ ਪਿਛਲੇ ਕੁਝ ਸਾਲਾਂ ਦੌਰਾਨ ਵੱਡਾ ਬਦਲਾਅ ਆਇਆ ਹੈ। ਉਨ੍ਹਾਂ ਕਿਹਾ ਕਿ 2022 ਤੱਕ ਖਾੜੀ ਦੇਸ਼ ਭਾਰਤ ਦੀ ਕੱਚੇ ਤੇਲ ਦੀ ਲੋੜ ਦਾ 55 ਫ਼ੀਸਦੀ ਤੋਂ ਵੱਧ ਹਿੱਸਾ ਪੂਰਾ ਕਰਦੇ ਸਨ, ਜਦਕਿ ਰੂਸ ਦੀ ਹਿੱਸੇਦਾਰੀ 15 ਫ਼ੀਸਦੀ ਤੋਂ ਘੱਟ ਸੀ। ਇਸ ਤੋਂ ਬਾਅਦ ਰੂਸ ਤੋਂ ਭਾਰਤ ਦੀ ਤੇਲ ਦਰਾਮਦ ਵਿੱਚ ਵਾਧਾ ਹੋਇਆ ਹੈ।

### ਅਮਰੀਕਾ ਨਾਲ ਭਾਰਤ ਦੇ ਵਪਾਰ ’ਤੇ ਵੀ ਪੈ ਸਕਦਾ ਹੈ ਪ੍ਰਭਾਵ

ਜੀ.ਟੀ.ਆਰ.ਆਈ. ਨੇ ਰੂਸੀ ਤੇਲ ਨੂੰ ਲੈ ਕੇ ਅਮਰੀਕਾ ਵੱਲੋਂ ਸੰਭਾਵਿਤ ਵਾਧੂ ਟੈਕਸਾਂ ਨੂੰ ਭਾਰਤ-ਅਮਰੀਕਾ ਵਪਾਰ ਦੇ ਸੰਦਰਭ ਵਿੱਚ ਵੀ ਮਹੱਤਵਪੂਰਨ ਦੱਸਿਆ ਹੈ। ਸੰਸਥਾ ਮੁਤਾਬਕ ਭਾਰਤ ਨਾਲੋਂ ਚੀਨ ਰੂਸ ਤੋਂ ਵੱਧ ਕੱਚਾ ਤੇਲ ਖਰੀਦਦਾ ਹੈ, ਪਰ ਅਮਰੀਕਾ ਵੱਲੋਂ ਭਾਰਤ ’ਤੇ ਵਪਾਰਕ ਦਬਾਅ ਵਧਣ ਦੀ ਸੰਭਾਵਨਾ ਬਾਰੇ ਚਰਚਾ ਕੀਤੀ ਜਾ ਰਹੀ ਹੈ।

ਅਜੈ ਸ਼੍ਰੀਵਾਸਤਵ ਨੇ ਜੁਲਾਈ 2025 ਵਿੱਚ ਭਾਰਤੀ ਸਮਾਨ ’ਤੇ ਲਾਏ ਗਏ ਵਾਧੂ 25 ਫ਼ੀਸਦੀ ਰੂਸ-ਸਬੰਧੀ ਟੈਕਸ ਦਾ ਵੀ ਹਵਾਲਾ ਦਿੱਤਾ। ਉਨ੍ਹਾਂ ਮੁਤਾਬਕ ਉਸ ਸਮੇਂ ਚੀਨ ਨੂੰ ਛੋਟ ਦਿੱਤੀ ਗਈ ਸੀ ਅਤੇ ਭਾਰਤ ’ਤੇ ਲਗਾਇਆ ਗਿਆ ਇਹ ਵਾਧੂ ਟੈਕਸ ਫਰਵਰੀ 2026 ਵਿੱਚ ਵਾਪਸ ਲਿਆ ਗਿਆ ਸੀ।

ਅਗਸਤ 2026 ਵਿੱਚ ਅਮਰੀਕਾ ਨੂੰ ਭਾਰਤ ਦੀ ਬਰਾਮਦ ਸਾਲਾਨਾ ਆਧਾਰ ’ਤੇ 21.83 ਫ਼ੀਸਦੀ ਵਧ ਕੇ 8.4 ਅਰਬ ਅਮਰੀਕੀ ਡਾਲਰ ਹੋ ਗਈ, ਜਦਕਿ ਇਸੇ ਸਮੇਂ ਅਮਰੀਕਾ ਤੋਂ ਭਾਰਤ ਦੀ ਦਰਾਮਦ 65.78 ਫ਼ੀਸਦੀ ਵਧ ਕੇ 5.97 ਅਰਬ ਅਮਰੀਕੀ ਡਾਲਰ ਰਹੀ।

ਸਾਲ 2026-27 ਦੇ ਅਪਰੈਲ ਤੋਂ ਅਗਸਤ ਦੌਰਾਨ ਅਮਰੀਕਾ ਨੂੰ ਭਾਰਤ ਦੀ ਵਸਤੂ ਬਰਾਮਦ 6.17 ਫ਼ੀਸਦੀ ਵਧ ਕੇ 42.8 ਅਰਬ ਅਮਰੀਕੀ ਡਾਲਰ ਹੋ ਗਈ। ਇਸੇ ਸਮੇਂ ਅਮਰੀਕਾ ਤੋਂ ਭਾਰਤ ਦੀ ਵਸਤੂ ਦਰਾਮਦ 29.6 ਫ਼ੀਸਦੀ ਵਧ ਕੇ 28 ਅਰਬ ਅਮਰੀਕੀ ਡਾਲਰ ਹੋਈ। ਸਾਲ 2025-26 ਵਿੱਚ ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਰਿਹਾ।

### ਕਈ ਮਹੱਤਵਪੂਰਨ ਖੇਤਰਾਂ ਲਈ ਅਮਰੀਕਾ ਵੱਡਾ ਬਾਜ਼ਾਰ

ਅਮਰੀਕਾ ਭਾਰਤ ਦੇ ਕਈ ਮਜ਼ਦੂਰ-ਅਧਾਰਿਤ ਅਤੇ ਉਦਯੋਗਿਕ ਖੇਤਰਾਂ ਲਈ ਇੱਕ ਮਹੱਤਵਪੂਰਨ ਨਿਰਯਾਤ ਬਾਜ਼ਾਰ ਹੈ। ਇਨ੍ਹਾਂ ਵਿੱਚ ਕੱਪੜੇ, ਰਤਨ ਅਤੇ ਗਹਿਣੇ, ਚਮੜਾ ਅਤੇ ਜੁੱਤੀਆਂ, ਦਸਤਕਾਰੀ, ਸਮਾਰਟਫ਼ੋਨ, ਰਸਾਇਣ, ਬਿਜਲੀ ਨਾਲ ਸਬੰਧਤ ਮਸ਼ੀਨਰੀ ਅਤੇ ਦਵਾਈਆਂ ਸ਼ਾਮਲ ਹਨ।

ਇਸ ਲਈ ਜੇ ਰੂਸੀ ਤੇਲ ਦੀ ਖਰੀਦ ਨੂੰ ਲੈ ਕੇ ਅਮਰੀਕਾ ਵੱਲੋਂ ਵਾਧੂ ਟੈਕਸ ਲਾਗੂ ਕੀਤੇ ਜਾਂਦੇ ਹਨ ਤਾਂ ਇਸ ਦਾ ਪ੍ਰਭਾਵ ਸਿਰਫ਼ ਊਰਜਾ ਖੇਤਰ ਤੱਕ ਸੀਮਤ ਨਾ ਰਹਿ ਕੇ ਭਾਰਤ ਦੇ ਅਮਰੀਕਾ ਨਾਲ ਵਪਾਰ ਅਤੇ ਵੱਖ-ਵੱਖ ਨਿਰਯਾਤ ਖੇਤਰਾਂ ਤੱਕ ਵੀ ਪਹੁੰਚ ਸਕਦਾ ਹੈ। ਹਾਲਾਂਕਿ, ਅਸਲ ਪ੍ਰਭਾਵ ਦੀ ਤਸਵੀਰ ਅਮਰੀਕਾ ਵੱਲੋਂ ਕਾਨੂੰਨ ਦੀਆਂ ਅੰਤਿਮ ਸ਼ਰਤਾਂ ਅਤੇ ਟੈਕਸਾਂ ਦੇ ਲਾਗੂ ਹੋਣ ਤੋਂ ਬਾਅਦ ਹੀ ਸਪੱਸ਼ਟ ਹੋਵੇਗੀ।

# ਆਸਟਰੇਲੀਆ ’ਚ ਵਿਦੇਸ਼ੀ ਵਿਦਿਆਰਥੀਆਂ ਦੇ ਪਰਿਵਾਰਕ ਵੀਜ਼ਿਆਂ ’ਤੇ ਸਖ਼ਤੀ ਦੀ ਤਿਆਰੀ

ਪਾਰਟਨਰ ਵੀਜ਼ਾ ਪ੍ਰਬੰਧ ਦੀਆਂ ਕਮੀਆਂ ਦੂਰ ਕਰਨ ਅਤੇ ਦੇਸ਼ ਨਿਕਾਲੇ ਦੀ ਕਾਰਵਾਈ ਤੇਜ਼ ਕਰਨ ਦੀ ਯੋਜਨਾ; ਨਿਰਮਾਣ ਖੇਤਰ ਲਈ ਹੁਨਰਮੰਦ ਕਾਮਿਆਂ ਨੂੰ ਮਿਲੇਗੀ ਤਰਜੀਹ

ਪਰਵਾਸੀਆਂ ਦੀ ਵਧਦੀ ਆਮਦ ਨੂੰ ਲੈ ਕੇ ਆਲੋਚਨਾ ਦਾ ਸਾਹਮਣਾ ਕਰ ਰਹੀ ਆਸਟਰੇਲੀਆ ਦੀ ਲੇਬਰ ਸਰਕਾਰ ਨੇ ਪਰਵਾਸ ਨੀਤੀ ਵਿੱਚ ਹੋਰ ਸਖ਼ਤੀ ਕਰਨ ਦੀ ਤਿਆਰੀ ਕਰ ਲਈ ਹੈ। ਸਰਕਾਰ ਵੱਲੋਂ ਪਰਵਾਸ ਪ੍ਰੋਗਰਾਮ ਵਿੱਚ ਕਈ ਮਹੱਤਵਪੂਰਨ ਤਬਦੀਲੀਆਂ ਕਰਨ ਦਾ ਐਲਾਨ ਕੀਤਾ ਗਿਆ ਹੈ, ਜਿਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਆਸਟਰੇਲੀਆ ਬੁਲਾਉਣ ਨਾਲ ਜੁੜੇ ਨਿਯਮਾਂ ਨੂੰ ਵੀ ਸਖ਼ਤ ਕੀਤਾ ਜਾ ਸਕਦਾ ਹੈ।



ਗ੍ਰਹਿ ਮਾਮਲਿਆਂ ਦੇ ਮੰਤਰੀ ਟੋਨੀ ਬਰਕ ਨੇ ਨੈਸ਼ਨਲ ਪ੍ਰੈੱਸ ਕਲੱਬ ਵਿੱਚ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਰਕਾਰ ਵੀਜ਼ਾ ਪ੍ਰਣਾਲੀ ਦੀਆਂ ਉਨ੍ਹਾਂ ਕਮੀਆਂ ਨੂੰ ਬੰਦ ਕਰੇਗੀ, ਜਿਨ੍ਹਾਂ ਰਾਹੀਂ ਲੋਕ ਆਪਣੀ ਵੀਜ਼ਾ ਸਥਿਤੀ ਬਦਲਣ ਲਈ ਘੱਟ ਪੱਧਰ ਦੇ ਕੋਰਸਾਂ ਜਾਂ ਡਿਗਰੀਆਂ ਦਾ ਸਹਾਰਾ ਲੈਂਦੇ ਹਨ। ਸਰਕਾਰ ਦਾ ਕਹਿਣਾ ਹੈ ਕਿ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣ ਲਈ ਮੌਜੂਦਾ ਪ੍ਰਬੰਧਾਂ ਵਿੱਚ ਤਬਦੀਲੀਆਂ ਜ਼ਰੂਰੀ ਹਨ।

ਇਸ ਦੇ ਨਾਲ ਹੀ ਸਰਕਾਰ ਪਾਰਟਨਰ ਜਾਂ ਸਪਾਊਸ ਵੀਜ਼ਾ ਪ੍ਰਬੰਧ ਨਾਲ ਜੁੜੀਆਂ ਕਮੀਆਂ ਨੂੰ ਵੀ ਦੂਰ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਤਹਿਤ ਵਿਦੇਸ਼ੀ ਵਿਦਿਆਰਥੀਆਂ ਅਤੇ ਹੋਰ ਆਰਜ਼ੀ ਵੀਜ਼ਾ ਧਾਰਕਾਂ ਦੇ ਪਰਿਵਾਰਕ ਮੈਂਬਰਾਂ ਨੂੰ ਆਸਟਰੇਲੀਆ ਲਿਆਉਣ ਨਾਲ ਸਬੰਧਤ ਨਿਯਮ ਹੋਰ ਸਖ਼ਤ ਕੀਤੇ ਜਾਣ ਦੀ ਸੰਭਾਵਨਾ ਹੈ। ਸਰਕਾਰ ਵੱਲੋਂ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਲੋਕਾਂ ਖ਼ਿਲਾਫ਼ ਦੇਸ਼ ਨਿਕਾਲੇ ਦੀ ਕਾਰਵਾਈ ਨੂੰ ਵੀ ਤੇਜ਼ ਕਰਨ ਦੀ ਗੱਲ ਕਹੀ ਗਈ ਹੈ।

ਦੂਜੇ ਪਾਸੇ, ਆਸਟਰੇਲੀਆ ਸਰਕਾਰ ਨਿਰਮਾਣ ਖੇਤਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੁਨਰਮੰਦ ਕਾਮਿਆਂ ਨੂੰ ਸਥਾਈ ਅਤੇ ਆਰਜ਼ੀ ਦੋਵੇਂ ਪਰਵਾਸ ਪ੍ਰੋਗਰਾਮਾਂ ਵਿੱਚ ਵਧੇਰੇ ਤਰਜੀਹ ਦੇਣ ’ਤੇ ਜ਼ੋਰ ਦੇ ਰਹੀ ਹੈ। ਮੰਤਰੀ ਟੋਨੀ ਬਰਕ ਮੁਤਾਬਕ ਇਸ ਦਾ ਇੱਕ ਮੁੱਖ ਉਦੇਸ਼ ਘਰਾਂ ਦੀ ਉਸਾਰੀ ਲਈ ਲੋੜੀਂਦੀ ਮਜ਼ਦੂਰੀ ਅਤੇ ਹੁਨਰਮੰਦ ਕਾਮਿਆਂ ਦੀ ਉਪਲੱਬਧਤਾ ਵਧਾਉਣਾ ਹੈ। ਸਰਕਾਰ ਨੂੰ ਉਮੀਦ ਹੈ ਕਿ ਇਸ ਨਾਲ ਰਿਹਾਇਸ਼ੀ ਸਪਲਾਈ ਵਿੱਚ ਵਾਧਾ ਹੋਵੇਗਾ ਅਤੇ ਕਿਰਾਏ ’ਤੇ ਵੀ ਹੇਠਾਂ ਵੱਲ ਦਬਾਅ ਪੈ ਸਕਦਾ ਹੈ।

ਇਨ੍ਹਾਂ ਨੀਤੀਗਤ ਐਲਾਨਾਂ ਦੇ ਨਾਲ ਹੀ ਆਸਟਰੇਲੀਆ ਵਿੱਚ ਸ਼ੁੱਧ ਵਿਦੇਸ਼ੀ ਪਰਵਾਸ ਨਾਲ ਜੁੜੇ ਤਾਜ਼ਾ ਅੰਕੜੇ ਵੀ ਸਾਹਮਣੇ ਆਏ ਹਨ। ਮਾਰਚ ਤਿਮਾਹੀ ਵਿੱਚ ਸ਼ੁੱਧ ਵਿਦੇਸ਼ੀ ਪਰਵਾਸ 101,005 ਰਿਹਾ, ਜੋ ਸਾਲ 2025 ਦੀ ਇਸੇ ਮਿਆਦ ਦੇ ਮੁਕਾਬਲੇ 6 ਫ਼ੀਸਦੀ ਘੱਟ ਹੈ। ਸਾਲਾਨਾ ਆਧਾਰ ’ਤੇ ਸ਼ੁੱਧ ਵਿਦੇਸ਼ੀ ਪਰਵਾਸ 292,100 ਰਿਹਾ, ਜੋ ਸਾਲ 2022 ਦੇ ਮੱਧ ਤੋਂ ਬਾਅਦ ਸਭ ਤੋਂ ਘੱਟ ਪੱਧਰ ਦਰਜ ਕੀਤਾ ਗਿਆ ਹੈ।

ਮੰਤਰੀ ਟੋਨੀ ਬਰਕ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਆਸਟਰੇਲੀਆ ਦੀ ਅਰਥਵਿਵਸਥਾ ਦੀਆਂ ਲੋੜਾਂ ਅਤੇ ਪਰਵਾਸ ਪ੍ਰੋਗਰਾਮ ਵਿਚਕਾਰ ਸੰਤੁਲਨ ਕਾਇਮ ਕਰਨਾ ਹੈ। ਸਰਕਾਰ ਵੱਲੋਂ ਇੱਕ ਪਾਸੇ ਪਰਵਾਸ ਪ੍ਰਣਾਲੀ ਦੀਆਂ ਕਮੀਆਂ ਨੂੰ ਬੰਦ ਕਰਨ ਅਤੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਜਦਕਿ ਦੂਜੇ ਪਾਸੇ ਦੇਸ਼ ਦੀਆਂ ਜ਼ਰੂਰੀ ਖੇਤਰਾਂ ਵਿੱਚ ਹੁਨਰਮੰਦ ਕਾਮਿਆਂ ਦੀ ਲੋੜ ਨੂੰ ਧਿਆਨ ਵਿੱਚ ਰੱਖ ਕੇ ਪਰਵਾਸ ਪ੍ਰੋਗਰਾਮ ਨੂੰ ਢਾਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਸ਼ਹਿਜ਼ਾਦ ਭੱਟੀ ਨੈੱਟਵਰਕ ਤੇ ਕੇਂਦਰ ਦੀ ਵੱਡੀ ਕਾਰਵਾਈ, ਯੂਏਪੀਏ ਤਹਿਤ ਅਤਿਵਾਦੀ ਸੰਗਠਨ ਐਲਾਨਿਆ



ਸਰਹੱਦ ਪਾਰੋਂ ਹਥਿਆਰਾਂ, ਵਿਸਫੋਟਕਾਂ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼; ਨੌਜਵਾਨਾਂ ਨੂੰ ਅਤਿਵਾਦ ਵੱਲ ਧੱਕਣ ਅਤੇ ਭੜਕਾਊ ਡਿਜੀਟਲ ਸਮੱਗਰੀ ਫੈਲਾਉਣ ਦੇ ਵੀ ਇਲਜ਼ਾਮ

ਨਵੀਂ ਦਿੱਲੀ: ਕੇਂਦਰੀ ਗ੍ਰਹਿ ਮੰਤਰਾਲੇ ਨੇ ਬੁੱਧਵਾਰ ਨੂੰ ਪਾਕਿਸਤਾਨ ਅਧਾਰਿਤ ਸ਼ਹਿਜ਼ਾਦ ਭੱਟੀ ਨੈੱਟਵਰਕ ਨੂੰ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਤਹਿਤ ਅਤਿਵਾਦੀ ਸੰਗਠਨ ਘੋਸ਼ਿਤ ਕਰ ਦਿੱਤਾ ਹੈ। ਸਰਕਾਰ ਵੱਲੋਂ ਜਾਰੀ ਅਧਿਸੂਚਨਾ ਅਨੁਸਾਰ ਇਸ ਨੈੱਟਵਰਕ ਨੂੰ ਯੂਏਪੀਏ ਦੀ ਪਹਿਲੀ ਅਨੁਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ।

ਗ੍ਰਹਿ ਮੰਤਰਾਲੇ ਦੇ ਅਨੁਸਾਰ, ਸ਼ਹਿਜ਼ਾਦ ਭੱਟੀ ਨੈੱਟਵਰਕ ’ਤੇ ਸਰਹੱਦ ਪਾਰੋਂ ਹਥਿਆਰਾਂ, ਵਿਸਫੋਟਕਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਦੇ ਦੋਸ਼ ਹਨ। ਮੰਤਰਾਲੇ ਦਾ ਕਹਿਣਾ ਹੈ ਕਿ ਨੈੱਟਵਰਕ ਵੱਲੋਂ ਨੌਜਵਾਨਾਂ ਅਤੇ ਸਥਾਨਕ ਪੱਧਰ ’ਤੇ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਨੂੰ ਅਤਿਵਾਦੀ ਗਤੀਵਿਧੀਆਂ ਵੱਲ ਪ੍ਰੇਰਿਤ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਰਹੀ ਹੈ।

ਅਧਿਸੂਚਨਾ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਨੈੱਟਵਰਕ ਵੱਲੋਂ ਡਿਜੀਟਲ ਸੰਚਾਰ ਮਾਧਿਅਮਾਂ ਦੀ ਵਰਤੋਂ ਕਰਕੇ ਭੜਕਾਊ ਸੁਨੇਹੇ ਅਤੇ ਨਫ਼ਰਤ ਪੈਦਾ ਕਰਨ ਵਾਲੀ ਸਮੱਗਰੀ ਫੈਲਾਉਣ ਦੇ ਦੋਸ਼ ਹਨ। ਸਰਕਾਰ ਨੇ ਇਸ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ, ਲੋਕਤੰਤਰੀ ਢਾਂਚੇ ਅਤੇ ਫਿਰਕੂ ਸਦਭਾਵਨਾ ਲਈ ਖ਼ਤਰਾ ਦੱਸਿਆ ਹੈ।

ਗ੍ਰਹਿ ਮੰਤਰਾਲੇ ਨੇ ਇਸ ਕਾਰਵਾਈ ਨੂੰ ਸਰਹੱਦ ਪਾਰੋਂ ਹੋਣ ਵਾਲੇ ਅਤਿਵਾਦ ਵਿਰੁੱਧ ਸਰਕਾਰ ਦੀ ਨੀਤੀ ਨਾਲ ਜੋੜਿਆ ਹੈ। ਇਸੇ ਸਾਲ ਆਜ਼ਾਦੀ ਦਿਵਸ ਤੋਂ ਪਹਿਲਾਂ ਸੁਰੱਖਿਆ ਏਜੰਸੀਆਂ ਨੇ ਸ਼ਹਿਜ਼ਾਦ ਭੱਟੀ ਨੈੱਟਵਰਕ ਖ਼ਿਲਾਫ਼ ਦੇਸ਼ ਦੇ ਕਈ ਰਾਜਾਂ ਵਿੱਚ ਵੱਡੀ ਸਾਂਝੀ ਕਾਰਵਾਈ ਕੀਤੀ ਸੀ। ਸਰਕਾਰੀ ਅੰਕੜਿਆਂ ਅਨੁਸਾਰ 14 ਰਾਜਾਂ ਵਿੱਚ 253 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਨੈੱਟਵਰਕ ਨਾਲ ਸਬੰਧਤ 80 ਤੋਂ ਵੱਧ ਐੱਫ਼ਆਈਆਰ ਦਰਜ ਕੀਤੀਆਂ ਗਈਆਂ ਸਨ। ਇਸ ਤੋਂ ਇਲਾਵਾ 200 ਤੋਂ ਵੱਧ ਗ੍ਰਿਫ਼ਤਾਰੀਆਂ ਹੋਣ ਦੀ ਜਾਣਕਾਰੀ ਦਿੱਤੀ ਗਈ ਸੀ।

ਇਸ ਕਾਰਵਾਈ ਦੌਰਾਨ ਸੁਰੱਖਿਆ ਏਜੰਸੀਆਂ ਵੱਲੋਂ ਆਈਈਡੀ, ਪਿਸਤੌਲ, ਜ਼ਿੰਦਾ ਕਾਰਤੂਸ, ਨਿਗਰਾਨੀ ਲਈ ਵਰਤੇ ਜਾਣ ਵਾਲੇ ਉਪਕਰਨ ਅਤੇ ਪਾਕਿਸਤਾਨ ਆਰਡਨੈਂਸ ਫੈਕਟਰੀ ਦੀ ਨਿਸ਼ਾਨਦੇਹੀ ਵਾਲੇ ਗ੍ਰਨੇਡ ਬਰਾਮਦ ਕਰਨ ਦਾ ਵੀ ਦਾਅਵਾ ਕੀਤਾ ਗਿਆ ਸੀ। ਅਧਿਕਾਰੀਆਂ ਅਨੁਸਾਰ ਇਨ੍ਹਾਂ ਬਰਾਮਦਗੀਆਂ ਦੀ ਜਾਂਚ ਨੈੱਟਵਰਕ ਦੇ ਕਥਿਤ ਸਰਹੱਦ ਪਾਰ ਸਬੰਧਾਂ ਦੇ ਸੰਦਰਭ ਵਿੱਚ ਕੀਤੀ ਜਾ ਰਹੀ ਹੈ।


ਗ੍ਰਹਿ ਮੰਤਰਾਲੇ ਦੀ ਅਧਿਸੂਚਨਾ ਵਿੱਚ ਕਿਹਾ ਗਿਆ ਹੈ ਕਿ ਨੈੱਟਵਰਕ ਨਾਲ ਜੁੜੇ ਲੋਕਾਂ ਵਿਰੁੱਧ ਵੱਖ-ਵੱਖ ਕਾਨੂੰਨਾਂ ਤਹਿਤ ਕਈ ਮਾਮਲੇ ਦਰਜ ਹਨ। ਇਨ੍ਹਾਂ ਵਿੱਚ ਯੂਏਪੀਏ, ਭਾਰਤੀ ਨਿਆਂ ਸੰਹਿਤਾ, ਹਥਿਆਰ ਐਕਟ, ਵਿਸਫੋਟਕ ਪਦਾਰਥ ਐਕਟ ਅਤੇ ਹੋਰ ਕਾਨੂੰਨਾਂ ਦੀਆਂ ਧਾਰਾਵਾਂ ਸ਼ਾਮਲ ਹਨ। ਸਰਕਾਰ ਦਾ ਕਹਿਣਾ ਹੈ ਕਿ ਨੈੱਟਵਰਕ ਵੱਲੋਂ ਨੌਜਵਾਨਾਂ ਨੂੰ ਵੱਖ-ਵੱਖ ਲਾਲਚ ਦੇ ਕੇ ਕੱਟੜਪੰਥੀ ਬਣਾਉਣ ਅਤੇ ਗੈਰ-ਕਾਨੂੰਨੀ ਤੇ ਅਤਿਵਾਦੀ ਗਤੀਵਿਧੀਆਂ ਲਈ ਸਰੋਤ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ।

ਇਸ ਕਾਰਵਾਈ ਤੋਂ ਬਾਅਦ ਸ਼ਹਿਜ਼ਾਦ ਭੱਟੀ ਨੈੱਟਵਰਕ ਹੁਣ ਯੂਏਪੀਏ ਤਹਿਤ ਸਰਕਾਰੀ ਤੌਰ ’ਤੇ ਦਰਜ ਅਤਿਵਾਦੀ ਸੰਗਠਨਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ।

# ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ ਨੂੰ ਸੰਸਦ ਦੀ ਮਨਜ਼ੂਰੀ

93-29 ਵੋਟਾਂ ਨਾਲ ਪਾਸ ਹੋਇਆ ਸਮਝੌਤਾ; ਭਾਰਤੀ ਉਤਪਾਦਾਂ ਨੂੰ ਨਿਊਜ਼ੀਲੈਂਡ ਵਿੱਚ 100 ਫੀਸਦੀ ਡਿਊਟੀ-ਮੁਕਤ ਪਹੁੰਚ, 15 ਸਾਲਾਂ ਵਿੱਚ 20 ਅਰਬ ਅਮਰੀਕੀ ਡਾਲਰ ਨਿਵੇਸ਼ ਦੀ ਵਚਨਬੱਧਤਾ

ਨਿਊਜ਼ੀਲੈਂਡ ਦੀ ਸੰਸਦ ਨੇ ਭਾਰਤ ਨਾਲ ਕੀਤੇ ਮੁਕਤ ਵਪਾਰ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। 16 ਸਤੰਬਰ ਨੂੰ ਸੰਸਦ ਵਿੱਚ ਇਸ ਸਮਝੌਤੇ ਨੂੰ ਲਾਗੂ ਕਰਨ ਲਈ ਲਿਆਂਦਾ ਗਿਆ ਕਾਨੂੰਨ 93 ਦੇ ਮੁਕਾਬਲੇ 29 ਵੋਟਾਂ ਨਾਲ ਪਾਸ ਹੋਇਆ। ਇਸ ਤੋਂ ਬਾਅਦ ਸਮਝੌਤੇ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਵਿੱਚ ਇੱਕ ਹੋਰ ਅਹਿਮ ਪੜਾਅ ਪੂਰਾ ਹੋ ਗਿਆ ਹੈ।



ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਇਸ ਨੂੰ ਦੋਵਾਂ ਦੇਸ਼ਾਂ ਦੇ ਵਪਾਰਕ ਸਬੰਧਾਂ ਲਈ ਮਹੱਤਵਪੂਰਨ ਮੀਲ ਪੱਥਰ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਨਾਲ ਮੁਕਤ ਵਪਾਰ ਸਮਝੌਤਾ ਸੰਭਵ ਨਾ ਹੋਣ ਬਾਰੇ ਪਹਿਲਾਂ ਕਈ ਲੋਕਾਂ ਵੱਲੋਂ ਕਿਹਾ ਜਾਂਦਾ ਸੀ, ਪਰ ਹੁਣ ਇਹ ਸਮਝੌਤਾ ਸੰਸਦ ਵਿੱਚ ਆਪਣੀ ਆਖਰੀ ਵੋਟ ਵੀ ਪਾਸ ਕਰ ਚੁੱਕਾ ਹੈ। ਲਕਸਨ ਮੁਤਾਬਕ ਇਸ ਨਾਲ ਨਿਊਜ਼ੀਲੈਂਡ ਲਈ ਰੁਜ਼ਗਾਰ ਅਤੇ ਆਮਦਨ ਦੇ ਮੌਕੇ ਵਧਣ ਦੇ ਨਾਲ-ਨਾਲ ਭਾਰਤੀ ਬਾਜ਼ਾਰ ਵਿੱਚ ਨਿਊਜ਼ੀਲੈਂਡ ਦੇ ਉਤਪਾਦਾਂ ਲਈ ਵੀ ਵਧੇਰੇ ਮੌਕੇ ਖੁੱਲ੍ਹਣਗੇ।

ਭਾਰਤ ਅਤੇ ਨਿਊਜ਼ੀਲੈਂਡ ਨੇ 27 ਅਪ੍ਰੈਲ 2026 ਨੂੰ ਇਸ ਵਪਾਰਕ ਸਮਝੌਤੇ ’ਤੇ ਦਸਤਖ਼ਤ ਕੀਤੇ ਸਨ। ਦਸੰਬਰ 2025 ਵਿੱਚ ਗੱਲਬਾਤ ਪੂਰੀ ਹੋਣ ਤੋਂ ਬਾਅਦ ਦੋਵਾਂ ਦੇਸ਼ਾਂ ਨੇ ਇਸ ਨੂੰ ਅੱਗੇ ਵਧਾਇਆ ਸੀ। ਸਮਝੌਤੇ ਤਹਿਤ ਨਿਊਜ਼ੀਲੈਂਡ ਭਾਰਤ ਤੋਂ ਆਉਣ ਵਾਲੇ ਸਾਰੇ ਨਿਰਯਾਤ ਨੂੰ 100 ਫੀਸਦੀ ਟੈਰਿਫ ਲਾਈਨਾਂ ’ਤੇ ਡਿਊਟੀ-ਮੁਕਤ ਪਹੁੰਚ ਦੇਵੇਗਾ।

ਇਸ ਦਾ ਲਾਭ ਖਾਸ ਤੌਰ ’ਤੇ ਟੈਕਸਟਾਈਲ, ਕੱਪੜੇ, ਚਮੜਾ, ਫੁਟਵੀਅਰ, ਇੰਜੀਨੀਅਰਿੰਗ ਉਤਪਾਦ, ਦਵਾਈਆਂ, ਸਮੁੰਦਰੀ ਉਤਪਾਦ, ਰਤਨ ਤੇ ਗਹਿਣੇ, ਹਸਤਕਲਾ ਅਤੇ ਪ੍ਰੋਸੈਸ ਕੀਤੇ ਖਾਧ ਪਦਾਰਥਾਂ ਸਮੇਤ ਕਈ ਖੇਤਰਾਂ ਨੂੰ ਮਿਲਣ ਦੀ ਉਮੀਦ ਹੈ। ਭਾਰਤੀ ਵਪਾਰ ਮੰਤਰਾਲੇ ਮੁਤਾਬਕ ਨਿਊਜ਼ੀਲੈਂਡ ਵੱਲੋਂ 100 ਫੀਸਦੀ ਟੈਰਿਫ ਲਾਈਨਾਂ ’ਤੇ ਜ਼ੀਰੋ-ਡਿਊਟੀ ਪਹੁੰਚ ਦਿੱਤੀ ਗਈ ਹੈ।

ਇਸ ਸਮੇਂ ਤੱਕ ਨਿਊਜ਼ੀਲੈਂਡ ਵੱਲੋਂ ਭਾਰਤ ਦੇ ਕੁਝ ਮੁੱਖ ਨਿਰਯਾਤ ਉਤਪਾਦਾਂ, ਜਿਵੇਂ ਵਸਰਾਵਿਕਸ, ਕਾਰਪੇਟ, ਆਟੋਮੋਬਾਈਲ ਅਤੇ ਆਟੋ ਕੰਪੋਨੈਂਟਸ ’ਤੇ 10 ਫੀਸਦੀ ਤੱਕ ਟੈਰਿਫ ਲਾਗੂ ਸਨ। ਨਵੇਂ ਸਮਝੌਤੇ ਨਾਲ ਅਜਿਹੇ ਉਤਪਾਦਾਂ ਨੂੰ ਨਿਊਜ਼ੀਲੈਂਡ ਦੇ ਬਾਜ਼ਾਰ ਵਿੱਚ ਵਧੇਰੇ ਮੁਕਾਬਲੇਯੋਗ ਪਹੁੰਚ ਮਿਲੇਗੀ।

ਦੂਜੇ ਪਾਸੇ, ਭਾਰਤ ਨੇ ਨਿਊਜ਼ੀਲੈਂਡ ਤੋਂ ਆਉਣ ਵਾਲੀਆਂ ਲਗਭਗ 70.03 ਫੀਸਦੀ ਟੈਰਿਫ ਲਾਈਨਾਂ ’ਤੇ ਵਪਾਰਕ ਰਿਆਇਤਾਂ ਦੀ ਪੇਸ਼ਕਸ਼ ਕੀਤੀ ਹੈ, ਜੋ ਦੁਵੱਲੇ ਵਪਾਰ ਮੁੱਲ ਦੇ ਲਗਭਗ 95 ਫੀਸਦੀ ਦੇ ਬਰਾਬਰ ਹਨ। ਇਸ ਦੇ ਨਾਲ ਹੀ 29.97 ਫੀਸਦੀ ਟੈਰਿਫ ਲਾਈਨਾਂ ਨੂੰ ਸਮਝੌਤੇ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ।

ਭਾਰਤ ਵੱਲੋਂ ਬਾਹਰ ਰੱਖੀਆਂ ਗਈਆਂ ਮੁੱਖ ਵਸਤੂਆਂ ਵਿੱਚ ਡੇਅਰੀ ਉਤਪਾਦ, ਜਿਵੇਂ ਦੁੱਧ, ਕਰੀਮ, ਵੇਅ, ਦਹੀਂ ਅਤੇ ਪਨੀਰ ਸ਼ਾਮਲ ਹਨ। ਇਸ ਤੋਂ ਇਲਾਵਾ ਭੇਡਾਂ ਦੇ ਮਾਸ ਤੋਂ ਇਲਾਵਾ ਹੋਰ ਕਈ ਜਾਨਵਰੀ ਉਤਪਾਦ, ਪਿਆਜ਼, ਛੋਲੇ, ਮਟਰ, ਮੱਕੀ, ਬਦਾਮ ਵਰਗੀਆਂ ਖੇਤੀਬਾੜੀ ਵਸਤੂਆਂ, ਖੰਡ, ਨਕਲੀ ਸ਼ਹਿਦ, ਜਾਨਵਰਾਂ, ਬਨਸਪਤੀ ਜਾਂ ਸੂਖਮਜੀਵ ਆਧਾਰਿਤ ਚਰਬੀਆਂ ਤੇ ਤੇਲ, ਹਥਿਆਰ ਤੇ ਗੋਲਾ-ਬਾਰੂਦ ਵੀ ਇਸ ਸੂਚੀ ਵਿੱਚ ਸ਼ਾਮਲ ਹਨ।

ਇਸੇ ਤਰ੍ਹਾਂ ਰਤਨ ਤੇ ਗਹਿਣੇ, ਤਾਂਬੇ ਅਤੇ ਤਾਂਬੇ ਤੋਂ ਬਣੀਆਂ ਵਸਤੂਆਂ, ਜਿਵੇਂ ਕੈਥੋਡ, ਕਾਰਤੂਸ, ਰਾਡ, ਬਾਰ ਅਤੇ ਕੋਇਲਾਂ ਅਤੇ ਐਲੂਮੀਨੀਅਮ ਤੇ ਇਸ ਤੋਂ ਬਣੀਆਂ ਵਸਤੂਆਂ, ਜਿਵੇਂ ਇੰਗਟ, ਬਿਲਟ ਅਤੇ ਵਾਇਰ ਬਾਰ ਨੂੰ ਵੀ ਭਾਰਤ ਨੇ ਰਿਆਇਤੀ ਦਾਇਰੇ ਤੋਂ ਬਾਹਰ ਰੱਖਿਆ ਹੈ।

ਸਮਝੌਤੇ ਤਹਿਤ ਭਾਰਤ ਨਿਊਜ਼ੀਲੈਂਡ ਦੀਆਂ ਕਈ ਵਸਤੂਆਂ ਨੂੰ ਡਿਊਟੀ-ਮੁਕਤ ਪਹੁੰਚ ਵੀ ਦੇਵੇਗਾ। ਇਨ੍ਹਾਂ ਵਿੱਚ ਲੱਕੜ ਦੇ ਲੱਠੇ, ਊਨ, ਭੇਡਾਂ ਦਾ ਮਾਸ, ਕੱਚੀ ਖੱਲ, ਧਾਤਾਂ ਦੀ ਰਹਿੰਦ-ਖੂੰਹਦ ਅਤੇ ਸਕ੍ਰੈਪ ਸਮੇਤ ਕਈ ਉਤਪਾਦ ਸ਼ਾਮਲ ਹਨ।

ਕੁਝ ਹੋਰ ਵਸਤੂਆਂ ’ਤੇ ਭਾਰਤ ਵੱਲੋਂ ਟੈਰਿਫ ਵਿੱਚ ਕਟੌਤੀ ਪੜਾਵਾਂ ਵਿੱਚ ਕੀਤੀ ਜਾਵੇਗੀ। ਪੈਟਰੋਲੀਅਮ ਤੇਲ, ਮਾਲਟ ਐਬਸਟਰੈਕਟ, ਸਬਜ਼ੀਆਂ ਦੇ ਤੇਲ, ਚੁਣੀਆਂ ਹੋਈਆਂ ਬਿਜਲੀ ਅਤੇ ਮਕੈਨੀਕਲ ਮਸ਼ੀਨਰੀ ਅਤੇ ਪੈਪਟੋਨ ਵਰਗੀਆਂ ਵਸਤੂਆਂ ’ਤੇ ਟੈਰਿਫ 3, 5, 7 ਅਤੇ 10 ਸਾਲਾਂ ਦੀ ਮਿਆਦ ਵਿੱਚ ਪੜਾਅਵਾਰ ਘਟਾਏ ਜਾਣਗੇ।

ਇਸ ਸਮਝੌਤੇ ਦਾ ਇੱਕ ਹੋਰ ਅਹਿਮ ਪੱਖ ਨਿਊਜ਼ੀਲੈਂਡ ਵੱਲੋਂ ਭਾਰਤ ਵਿੱਚ ਨਿਵੇਸ਼ ਨਾਲ ਜੁੜੀ ਵਚਨਬੱਧਤਾ ਹੈ। ਨਿਊਜ਼ੀਲੈਂਡ ਨੇ 15 ਸਾਲਾਂ ਵਿੱਚ ਭਾਰਤ ਵਿੱਚ 20 ਅਰਬ ਅਮਰੀਕੀ ਡਾਲਰ ਦੇ ਨਿੱਜੀ ਖੇਤਰ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਪ੍ਰਗਟਾਈ ਹੈ। ਭਾਰਤ ਸਰਕਾਰ ਮੁਤਾਬਕ ਇਹ ਨਿਵੇਸ਼ ਦੇਸ਼ ਦੇ ਵੱਖ-ਵੱਖ ਰਾਜਾਂ ਅਤੇ ਕਾਰੋਬਾਰੀ ਖੇਤਰਾਂ ਵਿੱਚ ਆਉਣ ਦੀ ਉਮੀਦ ਹੈ।

ਭਾਰਤ ਵੱਲੋਂ ਵੀ ਇਸ ਸਮਝੌਤੇ ਰਾਹੀਂ ਨਿਊਜ਼ੀਲੈਂਡ ਦੇ ਬਾਜ਼ਾਰ ਵਿੱਚ ਆਪਣੀ ਨਿਰਯਾਤ ਸਮਰੱਥਾ ਵਧਾਉਣ ’ਤੇ ਜ਼ੋਰ ਦਿੱਤਾ ਗਿਆ ਹੈ। ਖਾਸ ਕਰਕੇ ਮਿਹਨਤ-ਅਧਾਰਿਤ ਉਦਯੋਗਾਂ ਅਤੇ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਲਈ ਨਵੇਂ ਮੌਕੇ ਪੈਦਾ ਹੋਣ ਦੀ ਉਮੀਦ ਹੈ।

ਨਿਊਜ਼ੀਲੈਂਡ ਸਰਕਾਰ ਮੁਤਾਬਕ ਸਮਝੌਤਾ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਬਾਅਦ ਨਿਊਜ਼ੀਲੈਂਡ ਦੇ ਭਾਰਤ ਨੂੰ ਹੋਣ ਵਾਲੇ ਲਗਭਗ 95 ਫੀਸਦੀ ਨਿਰਯਾਤ ’ਤੇ ਟੈਰਿਫ ਖਤਮ ਜਾਂ ਕਾਫ਼ੀ ਘਟ ਜਾਣਗੇ। ਸਮਝੌਤਾ ਦੋਵਾਂ ਦੇਸ਼ਾਂ ਵੱਲੋਂ ਆਪਣੀਆਂ-ਆਪਣੀਆਂ ਮਨਜ਼ੂਰੀ ਪ੍ਰਕਿਰਿਆਵਾਂ ਪੂਰੀਆਂ ਕਰਨ ਤੋਂ ਬਾਅਦ ਲਾਗੂ ਹੋਵੇਗਾ।